ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 18 *Issue 168 Tuesday, September 03, 2019 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWS ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com
ROYAL CANADIAN


# ਦੁਨੀਆਂ ਦੇ ਸੱਭ ਤੋਂ ਸੁਰੱਖਿਅਤ ਸ਼ਹਿਰਾਂ ਵਿੱਚੋਂ ਟੋਰਾਂਟੋ ਛੇਵੇਂ ਨੰਬਰ 'ਤੇ



ਟੋਰਾਂਟੋ, 2 ਸਤੰਬਰ (ਪੋਸਟ ਬਿਊਰੋ) : ਦੁਨੀਆਂ ਭਰ ਦੇ ਸ਼ਹਿਰਾਂ ਸਬੰਧੀ ਜਾਰੀ ਕੀਤੀ ਗਈ ਨਵੀਂ ਰਿਪੋਰਟ ਅਨੁਸਾਰ ਉੱਤਰੀ ਅਮਰੀਕਾ ਵਿੱਚ ਟੋਰਾਂਟੋ ਸੱਭ ਤੋਂ ਸੁਰੱਖਿਅਤ ਸ਼ਹਿਰ ਹੈ। ਓਨਟਾਰੀਓ ਦੀ ਰਾਜਧਾਨੀ ਨੂੰ ਸਮੁੱਚੇ ਤੌਰ ਉੱਤੇ ਛੇਵੇਂ ਸੁਰੱਖਿਅਤ ਸ਼ਹਿਰ ਦਾ ਦਰਜਾ ਵੀ ਦਿੱਤਾ ਗਿਆ ਹੈ।

ਦ ਇਕਨੌਮਿਸਟ ਇੰਟੈਲੀਜੈਂਸ ਯੂਨਿਟ ਵੱਲੋਂ ਜਾਰੀ ਕੀਤੀ ਗਈ ਸੇਫ ਸਿਟੀਜ਼ ਬਾਰੇ ਰਿਪੋਰਟ ਵਿੱਚ ਪੰਜ ਵੱਖ ਵੱਖ ਮਹਾਦੀਪਾਂ ਦੇ 60 ਸ਼ਹਿਰਾਂ ਦਾ ਮੁਲਾਂਕਣ ਕੀਤਾ ਗਿਆ। ਇਸ ਦੌਰਾਨ ਚਾਰ ਮੁੱਖ ਵੰਨਗੀਆਂ ਜਿਨ੍ਹਾਂ ਵਿੱਚ ਡਿਜੀਟਲ ਸੇਫਟੀ, ਇਨਫਰਾਸਟ੍ਰਕਚਰ, ਸਿਹਤ ਤੇ ਨਿਜੀ ਸੇਫਟੀ ਸ਼ਾਮਲ ਹਨ, ਦੇ ਆਧਾਰ ਉੱਤੇ ਸ਼ਹਿਰਾਂ ਦਾ ਮੁਲਾਂਕਣ ਕੀਤਾ ਗਿਆ। ਰਿਪੋਰਟ ਮੁਤਾਬਕ ਸੱਭ ਤੋਂ ਸੁਰੱਖਿਅਤ ਸ਼ਹਿਰ ਟੋਕੀਓ ਹੈ, ਉਸ ਤੋਂ ਬਾਅਦ ਸਿੰਗਾਪੁਰ, ਓਸਾਕਾ, ਐਮਸਟਰਡਮ ਤੇ ਸਿਡਨੀ ਪਹਿਲੇ ਪੰਜ ਸੁਰੱਖਿਅਤ ਸ਼ਹਿਰਾਂ ਦੀ ਗਿਣਤੀ ਵਿੱਚ ਆਉਂਦੇ ਹਨ।

ਇਸ ਰਿਪੋਰਟ ਮੁਤਾਬਕ ਪਹਿਲੇ ਦਸ ਸ਼ਹਿਰਾਂ ਵਿੱਚ ਆਪਣੀ ਥਾਂ ਬਣਾਉਣ ਵਾਲੇ ਉੱਤਰੀ ਅਮਰੀਕਾ ਦੇ ਸ਼ਹਿਰਾਂ ਵਿੱਚੋਂ ਵਾਸ਼ਿੰਗਟਨ ਡੀਸੀ ਨੂੰ ਮਾਤ ਦੇ ਕੇ ਟੋਰਾਂਟੋ ਛੇਵੇਂ ਥਾਂ ਉੱਤੇ ਆਉਣ ਵਿੱਚ ਕਾਮਯਾਬ ਰਿਹਾ ਹੈ। ਕੋਪਨਹੈਗਨ ਤੇ ਸਿਓਲ ਸਾਂਝੇ ਤੌਰ ਉੱਤੇ ਅੱਠਵੇਂ ਸਥਾਨ ਉੱਤੇ ਹਨ ਜਦਕਿ ਮੈਲਬਰਨ ਦਸਵੇਂ ਸਥਾਨ ਉੱਤੇ ਹੈ। ਪਹਿਲੇ 10 ਸ਼ਹਿਰਾਂ ਵਿੱਚੋਂ ਬਹੁਤੀ ਗਿਣਤੀ ਏਸ਼ੀਆਈ ਸ਼ਹਿਰਾਂ ਦੀ ਹੈ। ਇਨ੍ਹਾਂ ਸ਼ਹਿਰਾਂ ਦੀ ਚੋਣ ਲਈ ਕੀਤੇ ਗਏ ਅਧਿਐਨ ਵਿੱਚ ਪਾਇਆ ਗਿਆ ਕਿ ਕਿਸੇ ਭੂਗੋਲਿਕ ਖਿੱਤੇ ਕਰਕੇ ਇਨ੍ਹਾਂ ਸ਼ਹਿਰਾਂ ਦੀ ਸਕਿਊਰਿਟੀ ਜ਼ਿਆਦਾ ਨਹੀਂ ਹੈ ਸਗੋਂ ਇਹ ਅਰਬਨ ਸੈਂਟਰਜ਼ ਹੋਣ ਕਾਰਨ ਸੁਰੱਖਿਅਤ ਹਨ।

ਇਸ ਵਿੱਚ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਸਰਮਾਏ ਨੇ ਵੀ ਆਪਣੀ ਭੂਮਿਕਾ ਨਿਭਾਈ ਹੈ। ਜਿਨ੍ਹਾਂ ਸ਼ਹਿਰਾਂ ਦੇ ਵਾਸੀਆਂ ਦੀ ਔਸਤ ਆਮਦਨ ਜ਼ਿਆਦਾ ਹੈ ਉਹ ਬਿਹਤਰ ਇਨਫਰਾਸਟ੍ਰਕਚਰ ਤੇ ਹੈਲਥਕੇਅਰ ਸਿਸਟਮ ਮੁਹੱਈਆ ਕਰਵਾਉਣ ਦੇ ਸਮਰੱਥ ਹਨ। ਅਧਿਐਨ ਵਿੱਚ ਇਹ ਵੀ ਪਾਇਆ ਗਿਆ ਕਿ ਪਾਰਦਰਸ਼ਤਾ ਤੇ ਭ੍ਰਿਸ਼ਟਾਚਾਰ ਤੋਂ ਬਿਨਾਂ ਸਰਕਾਰ ਚਲਾਉਣਾ ਵੀ ਸਰਮਾਏ ਜਿਨਾਂ ਹੀ ਕੀਮਤੀ ਤੱਤ ਹੈ। ਐਸਸੀਆਈ ਦੇ ਸੱਭ ਤੋਂ ਸੁਰੱਖਿਅਤ ਸ਼ਹਿਰਾਂ ਦੀ ਸੂਚੀ ਹੇਠ ਲਿਖੇ ਅਨੁਸਾਰ ਹੈ :

1. ਟੋਕੀਓ 2. ਸਿੰਗਾਪੁਰ 3. ਓਸਾਕਾ 4. ਐਮਸਟਰਡਮ 5. ਸਿਡਨੀ 6. ਟੋਰਾਂਟੋ 7. ਵਾਸ਼ਿੰਗਟਨ, ਡੀਸੀ 8. ਕੋਪਨਹੈਗਨ 9. ਸਿਓਲ 10. ਮੈਲਬਰਨ

# ਟੋਰਾਂਟੋ ਦੇ ਹੈਰੀਟੇਜ ਹੋਮ ਵਿੱਚ ਲੱਗੀ ਅੱਗ, ਜਾਨੀ ਨੁਕਸਾਨ ਤੋਂ ਰਿਹਾ ਬਚਾਅ



ਟੋਰਾਂਟੋ, 2 ਸਤੰਬਰ (ਪੋਸਟ ਬਿਊਰੋ) : ਸੋਮਵਾਰ ਤੜ੍ਹਕੇ ਲੱਗੀ ਜ਼ਬਰਦਸਤ ਅੱਗ ਤੋਂ ਬਾਅਦ ਜਾਰਵਿਸ ਸਟਰੀਟ ਉੱਤੇ ਸਥਿਤ ਹੈਰੀਟੇਜ ਹੋਮ ਨੂੰ ਕਾਫੀ ਨੁਕਸਾਨ ਪਹੁੰਚਿਆ।

ਇਸ ਥਾਂ ਉੱਤੇ ਕਈ ਸਾਲਾਂ ਤੋਂ ਕੋਈ ਨਹੀਂ ਸੀ ਰਹਿ ਰਿਹਾ। ਪਰ ਜਦੋਂ ਫਾਇਰ ਅਮਲਾ ਪਹੁੰਚਿਆ ਤਾਂ ਇਸ ਇਮਾਰਤ ਵਿੱਚ ਲੋਕ ਰਹਿ ਰਹੇ ਸਨ। ਅੱਗ ਦੀਆਂ ਲਪਟਾਂ ਐਨੀਆਂ ਉੱਚੀਆਂ ਸਨ ਕਿ ਇਸ ਰਿਹਾਇਸ਼ੀ ਇਮਾਰਤ ਵਿੱਚ ਰਹਿਣ ਵਾਲੇ ਯੂਨੀਵਰਸਿਟੀ ਆਫ ਟੋਰਾਂਟੋ ਤੇ ਰਾਇਰਸਨ ਯੂਨੀਵਰਸਿਟੀ ਦੇ ਵਿਦਿਆਰਥੀਆਂ ਤੋਂ ਇਮਾਰਤ ਜਲਦੀ ਖਾਲੀ ਕਰਵਾਈ ਗਈ।

...ਬਾਕੀ ਪੰਨਾ 6 'ਤੇ

# ਐੱਨਆਰਆਈ ਹੋਏ ਮਨਪ੍ਰੀਤ ਇਆਲੀ ਨੂੰ ਜਿਤਾਉਣ ਲਈ ਪੱਬਾਂ ਭਾਰ



## -ਹਲਕਾ ਦਾਖਾ ਦੇ ਲੋਕਾਂ ਨੇ ਜਿਮਨੀ ਚੋਣ ਜਿਤਾਉਣ ਲਈ ਕੀਤਾ ਭਾਰੀ ਇਕੱਠ

ਬਰੈਪਟਨ, 2 ਸਤੰਬਰ (ਪੋਸਟ ਬਿਊਰੋ)- ਪੰਜਾਬ ਦੇ ਹਲਕਾ ਦਾਖਾ ਵਿਚ ਆਉਣ ਵਾਲੀ 2019 ਦੀ ਜਿਮਨੀ ਚੋਣ ਸਬੰਧੀ ਗ੍ਰੇਟਰ ਟੋਰਾਂਟੋ ਏਰੀਆ ਵਿਚ ਵਸਦੇ ਐਨਆਰਆਈ ਲੋਕਾਂ ਵਲੋਂ ਸ: ਮਨਪ੍ਰੀਤ ਸਿੰਘ ਇਆਲੀ ਦੇ ਹੱਕ ਵਿਚ ਇਕ ਭਾਰੀ ਇਕੱਠ ਕੀਤਾ ਗਿਆ। ਇਸ ਇਕੱਠ ਵਿਚ ਇਕ ਵਾਰ ਫੇਰ ਹਲਕਾ ਦਾਖਾ ਤੋਂ ਮਨਪ੍ਰੀਤ ਇਆਲੀ ਨੂੰ ਜਿਤਾਉਣ ਲਈ ਆਏ ਲੋਕਾਂ ਵਿਚ ਭਾਰੀ ਉਤਸ਼ਾਹ ਪਾਇਆ ਗਿਆ। ਯਾਦ ਰਹੇ ਇਸ ਹਲਕੇ ਤੋਂ ਵਿਧਾਇਕ ਹਰਵਿੰਦਰ ਸਿੰਘ ਫੂਲਕਾ ਪਿਛਲੇ ਸਮੇਂ ਵਿਚ ਅਸਤੀਫਾ ਦੇ ਗਏ ਹਨ ਤੇ ਸਿਆਸਤ ਤੋਂ ਬਾਹਰ ਹੋ ਗਏ ਹਨ। ਜਿਨ੍ਹਾਂ ਐਨਆਰਆਈ ਭਰਾਵਾਂ ਵਲੋਂ ਪਹਿਲਾਂ ਹਰਵਿੰਦਰ ਸਿੰਘ ਫੂਲਕਾ ਦੀ ਮੱਦਦ ਕੀਤੀ ਗਈ ਸੀ, ਹੁਣ ਉਹ ਮੁੜ ਮਨਪ੍ਰੀਤ ਇਆਲੀ ਵੱਲ ਆਏ ਹਨ ਅਤੇ ਜੋ ਮਨਪ੍ਰੀਤ ਇਆਲੀ ਦੇ ਸਮੇਂ ਹਲਕੇ ਵਿਚ ਵਿਕਾਸ ਹੋਇਆ ਸੀ, ਲੋਕ ਮੁੜ ਇਸ ਹਲਕੇ ਵਿਚ ਉਹੋ ਜਿਹਾ ਹੀ ਵਿਕਾਸ ਦੇਖਣਾ ਚਾਹੁੰਦੇ ਹਨ। ਯਾਦ ਰਹੇ ਕਿ ਇਆਲੀ ਵਲੋਂ ਹਲਕੇ ਵਿਚ 70 ਹਾਈਟੈਕ ਪਾਰਕ ਬਣਾਏ ਗਏ ਸਨ।

...ਬਾਕੀ ਪੰਨਾ 6 'ਤੇ


Best Insurance Rates
-Auto -Home -Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

ALLKIND INSURANCE NOW HIRING !!!
SUPER VISA INSURANCE
VISITOR INSURANCE
LIFE INSURANCE • MORTGAGE INSURANCE • CRITICAL ILLNESS INS • DISABILITY INSURANCE • TRAVEL INS • FUNERAL INSURANCE • RESP & TFSA & RRSP
SIMRAN SAINI 416.994.7272
www.allkindinsurance.com

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

INSURANCE
Home • Auto • Business • Trucking • Life Insurance • Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished • Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

JOSHI LAW OFFICE
Barrister, Solicitor & Notary Public
info@joshilawoffice.com | joshilawoffice.com
• Immigration
• Real Estate / Commercial Law
• Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat
Axael InsuranceBrokers Ltd. 1332 Khalsa Dr, Unit # 11, Mississauga, ON L5S 0A2

• Super Visa Insurance
• Visitor Visa Insurance
• Travel Insurance
• Student Insurance
• New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

INTERMODAL DIVISION OF EVCRO INC
WANTED! OWNER OPERATORS
Qualifications: Minimum 2 years experience, Minimum 21 years of age with a clean abstract & CVOR.
• Payment Weekly
• Direct Deposit
• Safety Bonus Program
• Fuel surcharge paid
• Container division paid per mile (additional paid on train units).
New rates!!!!
Call Matt, or Wayne at 1-800-265-8526

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc. 647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps • Cockroaches • Carpenter Ants • Silver Fish • Racoons
Call : PARESH PATEL
416 938 4598

KELLEY LAW OFFICE
Immigration • Real Estate • Family Law • Business Closing • Corporate • Wills & Estate • Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Dr. Randhawa Dentistry

*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਉਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!



FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044




APEX CONCRETE & LANDSCAPE
RESIDENTIAL & COMMERCIAL

Add Value to your Home by Offering Beautiful High Quality Landscaping and Concrete Work at an Affordable Prize

FREE ESTIMATE
Limited Life Time Warranty

- STAMP CONCRETE
- PLAIN CONCRETE
- STEPS/SIDE ENTRANCE
- INTERLOCK
- LAND SCAPE
- SODING
- DRIVEWAY
- SIDEWALK
- PATIO

647-575-6102
Email: apexconstruc16@gmail.com



Laddi



Check our Free E-paper
at: www.canadianpunjabipost.ca

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

ਮੰਨ ਪਸੰਦ ਦੀ ਕਿਚਨ ਤੇ ਵਾਸ਼ਰੂਮ ਬਣਵਾਓ

KITCHEN CABINET
Special Discount for Contractors
ਵਾਜਿਬ ਦਾਮ ਤੇ ਸਮੇਂ ਸਿਰ ਕੰਮ

Free Estimate

100% Satisfaction

We Specialize in granite, quartz & marble countertops







- Kitchen Cabinets..................(Maple, Oak, MDF)
- All Types of Counter Tops...(Marble, Granite, Quartz, etc.)
- All Types of Tiles..................(Porch Line, Matt) all sizes available.
- Hardwood & Laminate
- Installation of Shower / Standing Shower / Vanities & Tubs.
- We Install Pot Lights
- Paint Job with Kitchen/Washroom Installation
- All Types of Range Hoods....(Heavy Duty, etc)
- Custom Office Counters & Bar Installation

Vikramjit Sangha
416-200-0931

RPC
Royal Pizza & Curry Hut

11am - 11pm | 7 Days a Week
184 Main Street South,
Unit D., Brampton

$8.97 +Tax
X-Large (16") Fully Loaded Pizza *With 5 Toppings (Any)

WE SPECIALIZE IN VEGAN FOOD

UNDER $10 CURRIES WITH FREE NAAN
LOTS TO CHOOSE FROM



905-450-2777
647-906-3295

Kotakpura Aata Chicken
Get $5 Off with Special Coupon from PunjabiPost
WAS $25 NOW $20




Data everywhere.
No surprise charges anywhere.

chatr™
AUTHORIZED DEALER

379 Main St. North, Brampton, ON
905-451-0379

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਆਮ ਆਦਮੀ ਪਾਰਟੀ ਚਰਚਿਆਂ ਵਿੱਚ,
ਛਿੜਿਆ ਫੇਰ ਤੋਂ ਵੱਡਾ ਵਿਵਾਦ ਮੀਆਂ।
ਜਿਹੜੇ ਪਾਟਕ ਸੀ ਅੱਗੇ ਨੁਕਸਾਨ ਕੀਤਾ,
ਉਸ ਦੇ ਸਬਕ ਨਾ ਕਿਸੇ ਨੂੰ ਯਾਦ ਮੀਆਂ।
ਸੇਵਾ ਕਰਨ ਲਈ ਲੋਕਾਂ ਸੀ ਵੋਟ ਪਾਈ,
ਕੀਤਾ ਲੜਦਿਆਂ ਸਮਾਂ ਬਰਬਾਦ ਮੀਆਂ।
ਟਿਕਵੇਂ ਦਿਨ ਨਹੀਂ ਚਾਰ ਬਈ ਕਦੀ ਕੱਟੇ,
ਪਾਇਆ ਰਹਿੰਦਾ ਸੀ ਸਦਾ ਫਸਾਦ ਮੀਆਂ।
ਵਰਕੇ ਨਿੱਤ ਕੈਲੰਡਰ ਤਾਂ ਪਲਟ ਰਿਹਾ ਈ,
ਲੇਖਾ ਕਰਨ ਦਾ ਵਕਤ ਜਿਹਾ ਆਈ ਜਾਵੇ।
ਪਾਰਟੀ ਬਣੀ ਇਹ ਟੱਬਰ ਤਾਂ ਕੀਕਣਾਂ ਦਾ,
ਘਰ ਦੀ ਖਹਿਬੜ ਨਾ ਅਜੇ ਮੁਕਾਈ ਜਾਵੇ।

ਤੀਸ ਮਾਰ ਖਾਂ

# ਰਾਮ ਰਹੀਮ ਦੇ ਚੇਲੇ ਵੱਲੋਂ ਚਾਕੂ ਸਣੇ ਪਾਰਲੀਮੈਂਟ ਵਿੱਚ ਵੜਨ ਦੀ ਕੋਸ਼ਿਸ਼

* ਫੜੇ ਜਾਣ ਉੱਤੇ ਰਾਮ ਰਹੀਮ ਦੇ ਪੱਖ ਵਿੱਚ ਨਾਅਰੇ ਲਾਏ



ਨਵੀਂ ਦਿੱਲੀ, 2 ਸਤੰਬਰ, (ਪੋਸਟ ਬਿਊਰੋ)- ਭਾਰਤ ਦੇ ਪਾਰਲੀਮੈਂਟ ਭਵਨ ਦੇ ਸੁਰੱਖਿਆ ਮੁਲਾਜ਼ਮਾਂ ਨੇ ਅਚਾਨਕ ਚੈਕਿੰਗ ਦੌਰਾਨ ਅੱਜ ਇੱਕ ਵਿਅਕਤੀ ਨੂੰ ਚਾਕੂ ਲੈ ਕੇ ਪਾਰਲੀਮੈਂਟ ਭਵਨ ਵਿੱਚ ਵੜਨ ਵੇਲੇ ਗ੍ਰਿਫਤਾਰ ਕਰ ਲਿਆ। ਉਹ ਸਿਰਸਾ ਦੇ ਡੇਰਾ ਸੱਚਾ ਸੌਦਾ ਦਾ ਪ੍ਰੇਮੀ ਅਤੇ ਗੁਰਮੀਤ ਰਾਮ ਰਹੀਮ ਦਾ ਚੇਲਾ ਦੱਸਿਆ ਗਿਆ ਹੈ।

ਇਸ ਬਾਰੇ ਖਬਰ ਏਜੰਸੀ ਦੀ ਰਿਪੋਰਟ ਹੈ ਕਿ ਇੱਕ ਨੌਜਵਾਨ ਬਾਈਕ ਉੱਤੇ ਸਵਾਰ ਸੀ ਤੇਪਾਰਲੀਮੈਂਟਭਵਨ ਦੇ ਗੇਟ ਨੰਬਰ-1 ਦੇ ਨੇੜੇ ਪਹੁੰਚਿਆ ਤਾਂ ਓਥੇ ਜਾ ਕੇ ਅਚਾਨਕ ਚਾਕੂ ਲਹਿਰਾਉਣ ਲੱਗ ਪਿਆ। ਇਸ ਮੌਕੇ ਸੁਰੱਖਿਆ ਫੋਰਸਾਂ ਨੇ ਉਸ ਨੂੰ ਗ੍ਰਿਫਤਾਰ ਕੀਤਾ ਤੇ ਅਗਲੀ ਕਾਰਵਾਈ ਕਰਨ ਲਈ ਦਿੱਲੀ ਪੁਲਸਨੂੰ ਸੌਂਪ ਦਿੱਤਾ। ਪਾਰਲੀਮੈਂਟਸਟਰੀਟ ਥਾਣੇ ਵਿੱਚ ਲਿਜਾ ਕੇ ਦਿੱਲੀ ਪੁਲਿਸ ਉਸ ਸ਼ੱਕੀ ਵਿਅਕਤੀ ਕੋਲੋਂ ਪੁੱਛਗਿੱਛ ਕਰ ਰਹੀ ਹੈ। ਉਸ ਦੀ ਪਛਾਣ ਸਾਗਰ ਇੰਸਾਂਵਜੋਂ ਹੋਈ ਅਤੇ ਉਹ ਲਕਸ਼ਮੀ ਨਗਰ ਦਿੱਲੀ ਦਾ ਵਾਸੀ ਦੱਸਿਆ ਜਾਂਦਾ ਹੈ।

ਪਤਾ ਲੱਗਾ ਹੈ ਕਿ ਇਹ ਸ਼ੱਕੀ ਵਿਅਕਤੀ ਅੱਜ ਪਾਰਲੀਮੈਂਟ ਦੇ ਗੇਟ ਨੰਬਰ ਮੂਹਰੇ ਜਦੋਂ ਚਾਕੂ ਲਹਿਰਾਉਣ ਲੱਗਾ ਸੀ ਤਾਂ ਕੁਝ ਲੋਕ ਉਸ ਦਾ ਵੀਡੀਓ ਬਣਾ ਰਹੇ ਸਨ ਕਿ ਅਚਾਨਕ ਸੁਰੱਖਿਆ ਮੁਲਾਜ਼ਮਾਂ ਨੇ ਫੜ ਲਿਆ। ਦੱਸਿਆ ਗਿਆ ਹੈ ਕਿ ਸੁਰੱਖਿਆ ਮੁਲਾਜ਼ਮਾਂ ਨੇ ਉਸ ਨੂੰ ਓਦੋਂ ਫੜਿਆ, ਜਦੋਂ ਉਹ ਚਾਕੂ ਲਹਿਰਾਉਂਦਾ ਹੋਇਆ ਗੇਟ ਦੇ ਅੰਦਰ ਦਾਖ਼ਲ ਹੋਣ ਦੀ ਕੋਸ਼ਿਸ਼ ਕਰਨ ਲੱਗਾ ਸੀ। ਇਸ ਦੇ ਪਿੱਛੋਂ ਉਹ ਵਿਅਕਤੀ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਦੇ ਹੱਕ ਵਿੱਚ ਨਾਅਰੇਬਾਜ਼ੀ ਕਰਨ ਲੱਗ ਪਿਆ। ਵਰਨਣ ਯੋਗ ਹੈ ਕਿ ਦੋ ਸਾਧਵੀਆਂ ਨਾਲ ਬਲਾਤਕਾਰ ਕਰਨ ਤੇ ਇੱਕ ਪੱਤਰਕਾਰ ਦੇ ਕਤਲ ਦੇ ਦੋਸ਼ ਵਿੱਚ ਗੁਰਮੀਤ ਰਾਮ ਰਹੀਮ ਇਸ ਵੇਲੇ ਰੋਹਤਕ ਦੀ ਸੋਨਾਰੀਆ ਜੇਲ੍ਹ ਵਿੱਚ ਬੰਦ ਹੈ। ਜਾਣਕਾਰ ਸੂਤਰਾਂ ਦਾ ਦੱਸਣ ਮੁਤਾਬਕ ਇਹ ਸ਼ੱਕੀ ਵਿਅਕਤੀ ਸਿਰਸਾ ਡੇਰੇ ਦੇ ਮੁਖੀ ਗੁਰਮੀਤ ਰਾਮ ਰਹੀਮ ਦਾ ਸਮਰਥਕ ਹੈ।

# ਜਨਤਕ ਪੂਲ ਵਿੱਚ ਲੜਕੀ ਉੱਤੇ ਹੋਇਆ ਜਿਨਸੀ ਹਮਲਾ




ਇਟੋਬੀਕੋ, 2 ਸਤੰਬਰ (ਪੋਸਟ ਬਿਊਰੋ) : ਐਤਵਾਰ ਨੂੰ ਇਟੋਬੀਕੋ ਦੇ ਪੂਲ ਵਿੱਚ ਕਥਿਤ ਤੌਰ ਉੱਤੇ ਲੜਕੀ ਉੱਤੇ ਜਿਨਸੀ ਹਮਲਾ ਕਰਨ ਵਾਲੇ ਮਸ਼ਕੂਕ ਦੀ ਪੁਲਿਸ ਤੇਜ਼ੀ ਨਾਲ ਭਾਲ ਕਰ ਰਹੀ ਹੈ।

ਟੋਰਾਂਟੋ ਪੁਲਿਸ ਨੇ ਦੱਸਿਆ ਕਿ ਐਤਵਾਰ ਨੂੰ ਐਲਬੀਅਨ ਰੋਡ ਤੇ ਕਿਪਲਿੰਗ ਐਵਨਿਊ ਇਲਾਕੇ ਵਿੱਚ ਸਥਿਤ ਪੂਲ ਵਿੱਚ ਇੱਕ ਲੜਕੀ ਆਪਣੇ ਦੋਸਤਾਂ ਨਾਲ ਸਵਿਮਿੰਗ ਕਰ ਰਹੀ ਸੀ। ਜਾਂਚਕਾਰਾਂ ਨੇ ਦੱਸਿਆ ਕਿ ਇੱਕ ਅਣਪਛਾਤਾ ਵਿਅਕਤੀ ਉਸ ਲੜਕੀ ਕੋਲ ਪਹੁੰਚਿਆ ਤੇ ਉਸ ਨੇ ਉਸ ਉੱਤੇ ਜਿਨਸੀ ਹਮਲਾ ਕਰ ਦਿੱਤਾ।

ਪੁਲਿਸ ਨੇ ਇਹ ਵੀ ਦੱਸਿਆ ਕਿ ਹਮਲਾ ਕਰਨ ਤੋਂ ਬਾਅਦ ਵੀ ਉਹ ਵਿਅਕਤੀ ਪੂਲ ਦੇ ਦੁਆਲੇ ਲੜਕੀ ਦਾ ਪਿੱਛਾ ਕਰਦਾ ਰਿਹਾ। ਹਮਲਾ ਕਰਨ ਵਾਲਾ ਮਸ਼ਕੂਕ ਏਸ਼ੀਆਈ ਮੂਲ ਦਾ, ਪੰਜ ਫੁੱਟ ਗਿਆਰਾਂ ਇੰਚ ਲੰਮਾਂ, ਪਤਲੀ ਕੱਦਕਾਠੀ ਵਾਲਾ ਵਿਅਕਤੀ ਦੱਸਿਆ ਜਾ ਰਿਹਾ ਹੈ, ਜਿਸਦੇ ਵਾਲਾਂ ਦਾ ਰੰਗ ਕਾਲਾ ਹੈ।

# ਦਿਗਵਿਜੈ ਵੱਲੋਂ ਦੋਸ਼: ਆਈ ਐਸ ਆਈ ਤੋਂ ਪੈਸਾ ਲੈਂਦੇ ਨੇ ਭਾਜਪਾ ਤੇ ਬਜਰੰਗ ਵਰਕਰ

ਭਿੰਡ (ਮੱਧ ਪ੍ਰਦੇਸ਼), 2 ਸਤੰਬਰ (ਪੋਸਟ ਬਿਊਰੋ)- ਸੀਨੀਅਰ ਕਾਂਗਰਸ ਆਗੂ ਦਿਗਵਿਜੈ ਸਿੰਘ ਨੇ ਭਾਜਪਾ ਤੇ ਬਜਰੰਗ ਦਲ ਦੇ ਲੋਕਾਂ ਉੱਤੇ ਦੋਸ਼ ਲਾਇਆ ਹੈ ਕਿ ਉਹ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ ਐਸ ਆਈ ਤੋਂ ਪੈਸੇ ਲੈਂਦੇ ਹਨ। ਉਨ੍ਹਾਂ ਦੇ ਇਸ ਬਿਆਨ ਦੀ ਭਾਰਤੀ ਜਨਤਾ ਪਾਰਟੀ ਨੇ ਨਿਖੇਧੀ ਕਰਦਿਆਂ ਕਿਹਾ ਕਿ ਉਹ ਜਾਣਬੁੱਝ ਕੇ ਵਿਵਾਦਤ ਬਿਆਨ ਦਿੰਦੇ ਹਨ ਤਾਂ ਜੋ ਸੁਰਖੀਆਂ ਵਿੱਚ ਬਣੇ ਰਹਿਣ।

ਕੱਲ੍ਹ ਏਥੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦਿਗਵਿਜੈ ਸਿੰਘ ਨੇ ਇਹ ਵੀ ਆਖਿਆ ਕਿ ਆਈ ਐਸ ਆਈ ਲਈ ਮੁਸਲਮਾਨਾਂ ਤੋਂ ਵੱਧ ਗੈਰ ਮੁਸਲਮਾਨ ਜਾਸੂਸੀ ਕਰਦੇ ਹਨ। ਉਂਜ ਕੱਲ੍ਹ ਦਿਗਵਿਜੈ ਸਿੰਘ ਨੇ ਦਾਅਵਾ ਕੀਤਾ ਕਿ ਕੁਝ ਚੈਨਲ ਉਨ੍ਹਾਂ ਦੇ ਬਿਆਨ ਬਾਰੇ ਬਿਲਕੁਲ ਗਲਤ ਖਬਰ ਦੇ ਰਹੇ ਹਨ।ਉਨ੍ਹਾਂ ਟਵੀਟ ਕਰਕੇ ਕਿਹਾ, ‘ਕੁਝ ਚੈਨਲ ਖਬਰ ਚਲਾ ਰਹੇ ਹਨ ਕਿ ਮੈਂ ਆਖਿਆ ਕਿ ਭਾਜਪਾ ਪਾਕਿਸਤਾਨ ਲਈ ਜਾਸੂਸੀ ਵਾਸਤੇ ਆਈ ਐਸ ਆਈ ਤੋਂ ਪੈਸੇ ਲੈਂਦੀ ਹੈ, ਇਹ ਗੱਲ ਬਿਲਕੁਲ ਗਲਤ ਹੈ।' ਉਨ੍ਹਾਂ ਇਹ ਵੀ ਟਵੀਟ ਕੀਤਾ ਕਿ ਮੱਧ ਪ੍ਰਦੇਸ਼ ਪੁਲਸ ਨੇ ਬਜਰੰਗ ਦਲ ਅਤੇ ਭਾਜਪਾ ਦੇ ਆਈ ਟੀ ਸੈਲ ਦੇ ਅਹੁਦੇਦਾਰਾਂ ਨੂੰ ਪਾਕਿਸਤਾਨ ਲਈ ਜਾਸੂਸੀ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਹੈ। ਦਿਗਵਿਜੇ ਸਿੰਘ ਨੇ ਕਿਹਾ ਕਿ ਇਨ੍ਹਾਂ ਦੋਸ਼ਾਂ 'ਤੇ ਉਹ ਕਾਇਮ ਹਨ ਅਤੇ ਚੈਨਲ ਇਸ ਬਾਬਤ ਭਾਜਪਾ ਕੋਲੋਂ ਸਵਾਲ ਕਿਉਂ ਨਹੀਂ ਪੁੱਛਦੇ?

ਦੂਸਰੇ ਪਾਸੇ ਭਾਜਪਾ ਦੇ ਸੀਨੀਅਰ ਆਗੂ ਸ਼ਿਵਰਾਜ ਸਿੰਘ ਚੌਹਾਨ ਨੇ ਦਿਗਵਿਜੈ ਸਿੰਘ ਉਤੇ ਪਾਕਿਸਤਾਨ ਦੀ ਬੋਲੀ ਬੋਲਣ ਦਾ ਦੋਸ਼ ਲਾਉਂਦੇ ਹੋਏ ਕਿਹਾ ਕਿ ਖਬਰਾਂ ਵਿੱਚ ਬਣੇ ਰਹਿਣ ਲਈ ਉਹ ਇਹ ਬਿਆਨ ਦਿੰਦੇ ਹਨ। ਸ਼ਿਵਰਾਜ ਸਿੰਘ ਨੇ ਟਵਿਟਰ 'ਤੇ ਲਿਖਿਆ ਕਿ ਉਹ ਦਿਗਵਿਜੈ ਸਿੰਘ ਦੇ ਬਿਆਨ ਨੂੰ ਸੰਜੀਦਗੀ ਨਾਲ ਨਹੀਂ ਲੈਂਦੇ, ਕਿਉਂਕਿ ਉਹ ਭਰੋਸੇਯੋਗਤਾ ਗੁਆ ਚੁੱਕੇ ਹਨ। ਉਨ੍ਹਾਂ ਕਿਹਾ ਕਿ ਦਿਗਵਿਜੈ ਸਿੰਘ ਅੱਤਵਾਦੀਆਂ ਓਸਾਮਾ ਤੇ ਹਾਫਿਜ਼ ਨੂੰ ਜੀ ਆਖਣ ਵਾਲੇ ਆਗੂ ਹਨ।

ਵਰਨਣ ਯੋਗ ਹੈ ਕਿ ਮੱਧ ਪ੍ਰਦੇਸ਼ ਏ ਟੀ ਐਸ ਨੇ ਪਿੱਛੇ ਜਿਹੇ ਸਤਨਾ ਜ਼ਿਲੇ 'ਚ ਤਿੰਨ ਵਿਅਕਤੀਆਂ ਨੂੰ ਪਾਕਿਸਤਾਨੀ ਨਾਗਰਿਕਾਂ ਨੂੰ ਅਹਿਮ ਸੂਚਨਾਵਾਂ ਦੇਣ ਅਤੇ ਸਰਹੱਦ ਪਾਰ ਤੋਂ ਸ਼ੱਕੀ ਵਿੱਤੀ ਲੈਣ ਦੇਣ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਹੈ। ਕਾਂਗਰਸ ਦੇ ਮੁਤਾਬਕ ਇਨ੍ਹਾਂ 'ਚੋਂ ਇਕ ਵਿਅਕਤੀ ਬਜਰੰਗ ਦਲ ਦਾ ਮੈਂਬਰ ਹੈ, ਜਿਸ ਨੂੰ ਫਰਵਰੀ 2017 'ਚ ਭਾਜਪਾ ਦੇ ਆਈ ਟੀ ਸੈਲ ਦੇ ਅਹੁਦੇਦਾਰ ਨਾਲ ਅਜਿਹਾ ਇਕ ਰੈਕੇਟ ਚਲਾਉਂਦਿਆਂ ਗ੍ਰਿਫਤਾਰ ਕੀਤਾ ਗਿਆ ਸੀ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਭਾਰਤ ਵਿੱਚ ਦਸ ਸਰਕਾਰੀ ਬੈਂਕਾਂ ਦਾ ਰਲੇਵਾਂ ਕਰ ਕੇ ਚਾਰ ਵੱਡੇ ਬੈਂਕ ਬਣਾਏ ਜਾਣਗੇ

* ਸਰਕਾਰ ਵੱਲੋਂ ਥੋੜ੍ਹੇ ਬੈਂਕਾਂ ਦੀ ਵੱਧ ਮਜ਼ਬੂਤੀ ਦਾ ਦਾਅਵਾ



ਨਵੀਂ ਦਿੱਲੀ, 2 ਸਤੰਬਰ, (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਜੀਡੀਪੀ ਦਾ ਗ੍ਰੋਥ ਰੇਟ ਵਧਾਉਣ ਅਤੇ ਅਗਲੇ ਸਮੇਂ ਵਿੱਚ ਪੰਜ ਟ੍ਰਿਲੀਅਨ ਡਾਲਰ ਦਾ ਅਰਥਚਾਰਾ ਬਣਨ ਵੱਲ ਇਕ ਹੋਰ ਵੱਡਾ ਕਦਮ ਚੁੱਕਦੇ ਹੋਏ ਅੱਜ ਕੇਂਦਰ ਸਰਕਾਰ ਵੱਲੋਂ ਚਲਾਏ ਜਾਂਦੇ 10 ਬੈਂਕਾਂ ਦਾ ਰਲ਼ੇਵਾਂ ਕਰ ਕੇ ਚਾਰ ਵੱਡੇ ਬੈਂਕ ਬਣਾਉਣ ਦਾ ਐਲਾਨ ਕੀਤਾ ਹੈ। ਸਰਕਾਰ ਦੇ ਇਸ ਕਦਮ ਦੇ ਨਾਲ ਸਰਕਾਰੀ ਬੈਂਕਾਂ ਦੀ ਗਿਣਤੀ ਘਟ ਕੇ ਸਿਰਫ 12 ਰਹਿ ਜਾਵੇਗੀ, ਸਾਲ 2017 ਵਿੱਚ ਇਹ ਗਿਣਤੀ 27 ਸੀ। ਇਸ ਤੋਂ ਇਲਾਵਾ ਸਰਕਾਰੀ ਬੈਂਕਾਂ ਦਾ ਆਧਾਰ ਮਜ਼ਬੂਤ ਕਰਨ ਲਈ ਉਨ੍ਹਾਂ ਨੂੰ ਭਾਰੀ ਮਾਇਕ ਮਦਦ ਦਿੱਤੀ ਜਾਵੇਗੀ। ਸਰਕਾਰ ਨੇ ਸਪਸ਼ਟ ਕਿਹਾ ਹੈ ਕਿ ਇਨ੍ਹਾਂ ਵਿੱਚੋਂ ਕਿਸੇ ਵੀ ਬੈਂਕ ਦੇ ਕਿਸੇ ਮੁਲਾਜ਼ਮ ਦੀ ਨੌਕਰੀ ਨਹੀਂ ਜਾਵੇਗੀ।

ਅਗਲੇ ਸਾਲਾਂ ਵਿੱਚ ਭਾਰਤ ਦੇ ਅਰਥਚਾਰੇ ਨੂੰ ਰਫ਼ਤਾਰ ਤੇਜ਼ ਕਰਨ ਲਈ ਵਿੱਤ ਮੰਤਰਾਲੇ ਦੀ ਕੋਸ਼ਿਸ਼ ਵਿੱਚ ਇਹ ਦੂਸਰਾ ਵੱਡਾ ਕਦਮ ਹੈ। ਇਸ ਤੋਂ ਪਹਿਲਾਂ ਬੀਤੇ ਸ਼ੁੱਕਰਵਾਰ ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੇ ਐੱਫ ਪੀਆਈ ਉੱਤੇ ਸਰਚਾਰਜ ਤੋਂ ਲੈ ਕੇ ਬੈਂਕਿੰਗ ਸੈਕਟਰ ਵਿੱਚ ਸਸਤੇ ਕਰਜ਼ੇ ਦੀ ਸਥਿਤੀ ਬਣਾਉਣ ਤੱਕ ਦੇ ਕਈ ਉਪਾਵਾਂ ਦਾ ਐਲਾਨ ਕੀਤਾ ਸੀ। ਨਿਰਮਲਾ ਸੀਤਾਰਮਨ ਦੇ ਮੁਤਾਬਕ ਰੀਅਲ ਅਸਟੇਟ ਸੈਕਟਰ ਲਈ ਸ਼ਹਿਰੀ ਵਿਕਾਸ ਮੰਤਰਾਲਾ ਵੱਡੇ ਪੈਕੇਜ ਉੱਤੇ ਕੰਮ ਕਰ ਰਿਹਾ ਹੈ, ਜਿਸ ਦਾ ਐਲਾਨ ਅਗਲੇ ਦਿਨਾਂ ਕੀਤਾ ਜਾਵੇਗਾ।

ਇਸ ਦੌਰਾਨ ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੇ 10 ਵੱਡੇ ਸਰਕਾਰੀ ਬੈਂਕਾਂ ਨੂੰ 55,250 ਕਰੋੜ ਰੁਪਏ ਦੀ ਪੂੰਜੀ ਹਾਸਲ ਕਰਾਉਣ ਦਾ ਐਲਾਨ ਵੀ ਕੀਤਾ। ਉਨ੍ਹਾਂ ਨੇ ਕਿਹਾ ਕਿ ਬੈਂਕਾਂ ਨੂੰ ਦਿੱਤੀ ਜਾ ਰਹੀ ਮਦਦ ਦਾ ਅੰਕੜਾ ਘਟ-ਵਧ ਸਕਦਾ ਹੈ। ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਵਿਜਯਾ ਬੈਂਕ ਅਤੇ ਦੇਨਾ ਬੈਂਕ ਦਾ ਰਲ਼ੇਵਾਂ ਬੈਂਕ ਆਫ ਬੜੌਦਾ ਵਿੱਚ ਹੋ ਚੁੱਕਾ ਹੈ ਅਤੇਸਟੇਟ ਬੈਂਕ ਆਫ ਪਟਿਆਲਾ ਸਮੇਤ ਕਈ ਸਹਿਯੋਗੀ ਬੈਂਕਾਂ ਨੂੰ ਸਟੇਟ ਬੈਂਕ ਆਫ ਇੰਡੀਆ ਵਿੱਚਸ਼ਾਮਲ ਕੀਤਾ ਜਾ ਚੁੱਕਾ ਹੈ। ਤਾਜ਼ਾ ਕਦਮਾਂ ਦੇ ਨਾਲ ਭਾਰਤ ਦੇ ਸਿਰਫ 10 ਸਰਕਾਰੀ ਬੈਂਕ: ਸਟੇਟ ਬੈਂਕ ਆਫ ਇੰਡੀਆ, ਪੰਜਾਬ ਨੈਸ਼ਨਲ ਬੈਂਕ, ਬੈਂਕ ਆਫ ਬੜੋਦਾ, ਕੇਨਰਾ ਬੈਂਕ, ਯੂਨੀਅਨ ਬੈਂਕ ਆਫ ਇੰਡੀਆ, ਇੰਡੀਅਨ ਬੈਂਕ, ਸੈਂਟਰਲ ਬੈਂਕ ਆਫ ਇੰਡੀਆ, ਇੰਡੀਅਨ ਓਵਰਸੀਜ਼ ਬੈਂਕ ਤੇ ਯੂਕੋ ਬੈਂਕ (ਜਿਹੜਾ ਪਹਿਲਾਂ ਯੁਨਾਈਟਿਡ ਕਮਰਸ਼ੀਅਲ ਬੈਂਕ ਹੁੰਦਾ ਸੀ) ਰਹਿ ਜਾਣਗੇ। ਇਸ ਦੌਰਾਨ ਓਰੀਐਂਟਲ ਬੈਂਕ ਆਫ ਕਾਮਰਸ ਅਤੇ ਯੁਨਾਈਟਿਡ ਬੈਂਕ ਆਫ ਇੰਡੀਆ ਨੂੰ ਪੰਜਾਬ ਨੈਸ਼ਨਲ ਬੈਂਕ ਵਿੱਚ ਸ਼ਾਮਲ ਕੀਤਾ ਜਾਵੇਗਾ। ਯੂਨੀਅਨ ਬੈਂਕ ਆਫ ਇੰਡੀਆ ਵਿੱਚ ਆਂਧਰਾ ਬੈਂਕ ਅਤੇ ਕਾਰਪੋਰੇਸ਼ਨ ਬੈਂਕ ਮਿਲਾਉਣ ਦੇ ਨਾਲ ਸਿੰਡੀਕੇਟ ਬੈਂਕ ਨੂੰਕੇਨਰਾ ਬੈਂਕ ਵਿੱਚ ਮਿਲਾ ਦਿੱਤਾ ਜਾਵੇਗਾ। ਇਸ ਦੇ ਬਾਅਦ 17.94 ਲੱਖ ਕਰੋੜ ਰੁਪਏ ਬਿਜ਼ਨਸ ਨਾਲ ਪੰਜਾਬ ਨੈਸ਼ਨਲ ਬੈਂਕ ਦੂਸਰਾ ਸਭ ਤੋਂ ਵੱਡਾ ਬੈਂਕ ਹੋਵੇਗਾ।

# ਹਾਈ ਟੈਕ ਏ ਟੀ ਐਮ ਚੋਰੀ ਦੇ ਕੇਸਾਂ ਵਿੱਚ ਟੈਕਨੀਸ਼ੀਅਨ ਸਣੇ ਦੋ ਜਣੇ ਕਾਬੂ

ਅੰਮ੍ਰਿਤਸਰ, 2 ਸਤੰਬਰ (ਪੋਸਟ ਬਿਊਰੋ)- ਇਸ ਮਹਾਨਗਰ ਦੀ ਜੀ ਟੀ ਰੋਡ ਉੱਪਰ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਨੇੜੇ ਪੰਜਾਬ ਐਂਡ ਸਿੰਧ ਬੈਂਕ ਦੇ ਏ ਟੀ ਐਮ ਵਿੱਚੋਂ 9 ਲੱਖ 39 ਹਜ਼ਾਰ ਰੁਪਏ ਚੋਰੀ ਕਰਨ ਦੇ ਦੋਸ਼ ਪੁਲਸ ਨੇ ਦੋ ਜਣਿਆਂ ਨੂੰ ਫੜਿਆ ਹੈ, ਜਿਨ੍ਹਾਂ ਵਿੱਚੋਂ ਇਕ ਏ ਟੀ ਐਮ ਮਸ਼ੀਨਾਂ ਦੀ ਸੰਭਾਲ ਕਰਨ ਵਾਲਾ ਮਕੈਨਿਕ ਹੈ। ਪੁਲਸ ਨੇ ਇਨ੍ਹਾਂ ਕੋਲੋਂ ਚੋਰੀ ਕੀਤੀ ਰਕਮ ਵਿੱਚੋਂ ਤਿੰਨ ਲੱਖ 40 ਹਜ਼ਾਰ ਰੁਪਏ ਬਰਾਮਦ ਕਰ ਲਏ ਹਨ।

ਇਸ ਮਾਮਲੇ ਵਿੱਚ ਗ੍ਰਿਫਤਾਰ ਕੀਤੇ ਵਿਅਕਤੀਆਂ ਦੀ ਪਛਾਣ ਪੁਲਸ ਨੇ ਦੀਪਕ ਗਿੱਲ ਅਤੇ ਸ਼ਮਸ਼ੇਰ ਸਿੰਘ ਉਰਫ ਸ਼ੇਰਾ ਦੋਵੇਂ ਵਾਸੀ ਗੁਰੂ ਅਮਰਦਾਸ ਐਵੀਨਿਊ ਵਜੋਂ ਦੱਸੀ ਹੈ। ਇਨ੍ਹਾਂ ਕੋਲੋਂ ਚੋਰੀ ਦੀ ਰਕਮ ਵਿੱਚੋਂ ਤਿੰਨ ਲੱਖ 40 ਹਜ਼ਾਰ ਰੁਪਏ ਨਕਦ, ਇਕ ਮੋਟਰ ਸਾਈਕਲ, ਇਕ ਸਕੂਟਰ, ਕਾਰ ਅਤੇ ਵਾਰਦਾਤ ਸਮੇਂ ਵਰਤਿਆ ਸਾਮਾਨ ਮਿਲਿਆ ਹੈ। ਪੁਲਸ ਨੇ ਇਸ ਬਾਰੇ ਥਾਣਾ ਗੇਟ ਹਕੀਮਾਂ ਵਿਖੇ 12 ਅਗਸਤ ਨੂੰ ਕੇਸ ਦਰਜ ਕੀਤਾ ਸੀ। ਕੱਲ੍ਹ ਇਸ ਬਾਰੇ ਪੁਲਸ ਕਮਿਸ਼ਨਰ ਐਸ ਐਸ ਸ੍ਰੀਵਾਸਤਵ ਨੇ ਦੱਸਿਆ ਕਿ ਇਨ੍ਹਾਂ ਦੋਵਾਂ ਦੀ ਗ੍ਰਿਫਤਾਰੀ ਦੇ ਨਾਲ ਪੁਲਸ ਨੇ ਏ ਟੀ ਐਮ ਵਿੱਚੋਂ ਤਕਨੀਕੀ ਢੰਗ ਨਾਲ ਤਰੀਕੇ ਨਾਲ ਪੈਸੇ ਚੋਰੀ ਕਰਨ ਵਾਲਿਆਂ ਨੂੰ ਫੜਨ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ। ਉਨ੍ਹਾਂ ਦੱਸਿਆ ਕਿ ਦੀਪਕ ਗਿੱਲ ਨੇ ਬੀ ਐਸ ਸੀ ਇਨਫਾਰਮੇਸ਼ਨ ਟੈਕਨਾਲੋਜੀ ਸਿੱਕਮ ਤੋਂ ਪਾਸ ਕੀਤੀ ਅਤੇ ਉਹ ਐਡਵਾਂਸ ਗ੍ਰਾਫਿਕਸ ਸਰਵਿਸ ਕੰਪਨੀ, ਜਿਸ ਕੋਲ ਏ ਟੀ ਐਮ ਦੀ ਮੇਨਟੀਨੈਂਸ ਦਾ ਜ਼ਿੰਮਾ ਹੈ, ਵਿੱਚ ਨੌਕਰੀ ਕਰਦਾ ਸੀ। ਇਸ ਨੂੰ ਏ ਟੀ ਐਮ ਮਸ਼ੀਨਾਂ ਦੀ ਤਕਨੀਕੀ ਪੱਖ ਤੋਂ ਹਰ ਤਰ੍ਹਾਂ ਦੀ ਜਾਣਕਾਰੀ ਹੈ ਜਿਸ ਨੂੰ ਉਸ ਨੇ ਏ ਟੀ ਐਮ ਵਿੱਚੋਂ ਪੈਸੇ ਕੱਢਣ ਲਈ ਵਰਤਿਆ। ਇਸ ਦਾ ਸਾਥੀ ਸ਼ਮਸ਼ੇਰ ਸਿੰਘ ਉਰਫ ਸ਼ੇਰਾ ਸਕੂਲ ਵੈਨ ਚਲਾਉਂਦਾ ਅਤੇ ਪ੍ਰਾਪਰਟੀ ਡੀਲਰ ਦਾ ਕੰਮ ਕਰਦਾ ਹੈ। ਦੋਵਾਂ ਨੇ ਪਹਿਲਾਂ ਏ ਟੀ ਐਮ ਦੀ ਰੈਕੀ ਕੀਤੀ ਅਤੇ ਦਸ ਅਗਸਤ ਨੂੰ ਪੰਜਾਬ ਐਂਡ ਸਿੰਧ ਬੈਂਕ ਦੇ ਏ ਟੀ ਐਮ ਵਿੱਚੋਂ 9 ਲੱਖ 39 ਹਜ਼ਾਰ ਰੁਪਏ ਚੋਰੀ ਕਰ ਲਏ। ਇਸ ਕੰਮ ਲਈ ਇਨ੍ਹਾਂ ਸ਼ਨਿਚਰਵਾਰ ਦਾ ਦਿਨ ਚੁਣਿਆ, ਕਿਉਂਕਿ ਉਸ ਦਿਨ ਏ ਟੀ ਐਮ ਵਿੱਚ ਵੱਧ ਰਕਮ ਰੱਖੀ ਜਾਂਦੀ ਹੈ ਅਤੇ ਅਗਲੇ ਦਿਨ ਬੈਂਕ ਦੀ ਛੁੱਟੀ ਹੁੰਦੀ ਹੈ। ਏਸੇ ਲਈ ਇਸ ਚੋਰੀ ਦਾ 12 ਅਗਸਤ ਨੂੰ ਪਤਾ ਲੱਗਾ ਸੀ। ਏ ਟੀ ਐਮ ਵਿੱਚ ਦਾਖਲ ਹੋਣ ਤੋਂ ਪਹਿਲਾਂ ਇਨ੍ਹਾਂ ਆਪਣੀ ਪਛਾਣ ਛੁਪਾਉਣ ਵਾਸਤੇ ਹੁਲੀਆ ਬਦਲ ਲਿਆ ਤੇ ਫਿਰ ਸੀ ਸੀ ਟੀ ਵੀ ਕੈਮਰਿਆਂ ਅੱਗੇ ਕੋਈ ਤਰਲ ਪਦਾਰਥ ਛਿੜਕ ਦਿੱਤਾ ਤਾਂ ਜੋ ਰਿਕਾਰਡਿੰਗ ਠੀਕ ਨਾ ਹੋ ਸਕੇ ਅਤੇ ਪੇਚਕਸ ਨਾਲ ਏ ਟੀ ਐਮ ਬਾਕਸ ਨੂੰ ਖਿੱਚ ਕੇ ਖੋਲ੍ਹਿਆ ਅਤੇ ਪਾਸਵਰਡ ਦੀ ਵਰਤੋਂ ਕਰਕੇ ਨਕਦੀ ਚੋਰੀ ਕਰ ਲਈ।

ਪੁਲਸ ਕਮਿਸ਼ਨਰ ਦੇ ਮੁਤਾਬਕ ਇਸ ਤੋਂ ਪਹਿਲਾਂ 13 ਮਈ ਨੂੰ ਮਜੀਠਾ ਮੰਡੀ ਦੇ ਯੂਨੀਅਨ ਬੈਂਕ ਆਫ ਇੰਡੀਆ ਦੇ ਏ ਟੀ ਐਮ ਵਿੱਚੋਂ 9 ਲੱਖ 45 ਹਜ਼ਾਰ ਰੁਪਏ ਇਸੇ ਤਰ੍ਹਾਂ ਚੋਰੀ ਕੀਤੇ ਗਏ ਸਨ। ਦੀਪਕ ਨੇ ਬੈਂਕ ਨਾਲ ਜਾਣ ਪਛਾਣ ਦੀ ਵਰਤੋਂ ਨਾਲ ਪਾਸਵਰਡ ਲਾ ਕੇ ਰਕਮ ਚੋਰੀ ਕਰ ਲਈ। ਇਸ ਵਾਰੀ ਇਨ੍ਹਾਂ ਦੀ ਏਅਰਪੋਰਟ ਰੋਡ ਤੋਂ ਇਕ ਬੈਂਕ ਦੇ ਏ ਟੀ ਐਮ ਵਿੱਚੋਂ ਨਕਦੀ ਕੱਢਣ ਦੀ ਯੋਜਨਾ ਸੀ, ਜਿਸ ਦਾ ਪਾਸਵਰਡ ਇਨ੍ਹਾਂ ਨੇ ਵੀਡੀਓ ਬਣਾ ਕੇ ਹਾਸਲ ਕਰ ਲਿਆ ਸੀ।

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
➔ Automatic & Manual Trucks
○ 1:1 Training
➔ Forklift Training
Reach Truck
Counterbalance
Air Brake Classes
Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
—— ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B & C ਪੀਲੀਆ
ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਹਾਈ ਬੀ-ਪੀ, ਕੋਲੈਸਟਰੋਲ, ਬਾਇਪਾਸ ਸਰਜਰੀ ਤੋ ਬਚਾਉ
• ਡਿਪਰੈਸ਼ਨ ਦਾ ਸ਼ਰਤੀਆ ਇਲਾਜ਼, ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਗਲੂਟਨ ਤੇ ਸਿਜ਼ਨਲ ਐਲਰਜੀ ਅਤੇ ਜਨਾਨਾਂ ਤੇ ਮਰਦਾਂ ਦੀਆਂ ਹਰ ਤਰ੍ਹਾਂ ਦੀ ਬਿਮਾਰੀ ਲਈ
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593

# ਆਮ ਆਦਮੀ ਪਾਰਟੀ ਵਿੱਚ ਅਮਨ ਅਰੋੜਾ ਵਾਲੇ ਮਾਮਲੇ ਤੋਂ ਨਵਾਂ ਰੱਫੜ

## * ਜਸਬੀਰ ਸਿੰਘ ਬੀਰ ਵੱਲੋਂ ਅਮਨ ਅਰੋੜਾ ਨੂੰ ਕਾਰਨ ਦੱਸੋ ਨੋਟਿਸ * ਪਾਰਟੀ ਨੇ ਕਿਹਾ: ਅਸੀਂ ਜਸਬੀਰ ਸਿੰਘ ਬੀਰ ਤੋਂ ਸਫਾਈ ਮੰਗਾਂਗੇ

ਚੰਡੀਗੜ੍ਹ, 2 ਸਤੰਬਰ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੀ ਪੰਜਾਬ ਇਕਾਈ ਨੇ ਪਾਰਟੀ ਅਨੁਸ਼ਾਸਨ ਬਾਰੇ ਕੁਝ ਸਖ਼ਤੀ ਵਿਖਾਉਂਦੇ ਹੋਏ ਅੱਜ ਇੱਕ ਸਾਬਕਾ ਆਈਏ ਐੱਸ ਅਫਸਰ ਜਸਬੀਰ ਸਿੰਘ ਬੀਰ ਨੂੰ ਕਾਰਨ ਦੱਸੋ ਨੋਟਿਸ ਭੇਜਣ ਦਾ ਫ਼ੈਸਲਾ ਲਿਆ ਹੈ, ਜਿਸ ਦੇ ਇੱਕ ਕਦਮ ਨਾਲ ਪਾਰਟੀ ਵਿੱਚ ਤਨਾਅ ਪੈਦਾ ਹੋ ਗਿਆ ਹੈ।

ਆਮ ਆਦਮੀ ਪਾਰਟੀ ਦੇ ਸੂਬਾ ਮੁੱਖ ਦਫਤਰ ਤੋਂ ਪਾਰਟੀ ਦੀ ਮੁੱਖ ਬੁਲਾਰਾ ਅਤੇ ਵਿਧਾਇਕ ਪ੍ਰੋ: ਬਲਜਿੰਦਰ ਕੌਰ ਤੇ ਇੱਕ ਹੋਰ ਵਿਧਾਇਕ ਕੁਲਤਾਰ ਸਿੰਘ ਸੰਧਵਾਂ ਨੇ ਅੱਜ ਸਾਫ ਕਿਹਾ ਕਿ ਇਸ ਪਾਰਟੀ ਦੇ ਸੀਨੀਅਰ ਆਗੂ ਅਤੇ ਸੁਨਾਮ ਦੇ ਵਿਧਾਇਕ ਅਮਨ ਅਰੋੜਾ ਬਾਰੇ ਜਸਬੀਰ ਸਿੰਘ ਬੀਰ ਦੇ ਹਵਾਲੇ ਨਾਲ ਕੀਤੀਆਂ ਗਈਆਂ ਟਿੱਪਣੀਆਂ ਦਾ ਕੋਰ ਕਮੇਟੀ ਨੇ ਗੰਭੀਰ ਨੋਟਿਸ ਲਿਆ ਅਤੇ ਜਸਬੀਰ ਸਿੰਘ ਬੀਰ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਨ ਦਾ ਫ਼ੈਸਲਾ ਲਿਆ ਹੈ। ਇਸ ਤੋਂ ਪਹਿਲਾਂ ਸੋਮਵਾਰ ਸਵੇਰੇ ਫ਼ੋਨ ਉੱਤੇ ਹੋਈ ਕਾਨਫ਼ਰੰਸ ਕਾਲ ਦੌਰਾਨ ਪੰਜਾਬ ਦੇ ਪ੍ਰਧਾਨ ਤੇ ਪਾਰਲੀਮੈਂਟ ਭਗਵੰਤ ਮਾਨ, ਕੋਰ ਕਮੇਟੀ ਦੇ ਚੇਅਰਮੈਨ ਪ੍ਰਿੰਸੀਪਲ ਬੁੱਧਰਾਮ, ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਤੇ ਬਾਕੀ ਮੈਂਬਰਾਂ ਨੇ ਵਿਧਾਇਕ ਅਮਨ ਅਰੋੜਾ ਬਾਰੇ ਛਪੀਆਂ ਖ਼ਬਰਾਂ ਦਾ ਖੰਡਨ ਕਰਦੇ ਹੋਏ ਸਪੱਸ਼ਟ ਕਿਹਾ ਕਿ ਜਸਬੀਰ ਸਿੰਘ ਬੀਰ ਨਾ ਇਸ ਪਾਰਟੀ ਦੀ ਅਨੁਸ਼ਾਸਨੀ ਕਮੇਟੀ ਦੇ ਚੇਅਰਮੈਨ ਹਨ ਤੇ ਨਾ ਪਿਛਲੇ ਲੰਬੇ ਸਮੇਂ ਤੋਂ ਪਾਰਟੀ ਵਿੱਚ ਸਰਗਰਮ ਹਨ, ਪਤਾ ਨਹੀਂ ਕਿਸ ਹੈਸੀਅਤ ਨਾਲ ਉਨ੍ਹਾਂ ਨੇ ਅਮਨ ਅਰੋੜਾ ਬਾਰੇ ਅਨੁਸ਼ਾਸਨੀ ਕਮੇਟੀ ਦੀ 6 ਸਤੰਬਰ ਨੂੰ ਆਪਹੁਦਰੀ ਬੈਠਕ ਬੁਲਾਉਣ ਦਾ ਫ਼ੈਸਲਾ ਕਰ ਲਿਆ। ਇਸ ਬਾਰੇ ਜਸਬੀਰ ਸਿੰਘ ਬੀਰ ਨੂੰ ਪਾਰਟੀ ਅੱਗੇ ਸਪੱਸ਼ਟੀਕਰਨ ਦੇਣਾ ਪਵੇਗਾ।

ਆਮ ਆਦਮੀ ਪਾਰਟੀ ਆਗੂਆਂ ਨੇ ਪਾਰਟੀ ਪ੍ਰਧਾਨ ਭਗਵੰਤ ਮਾਨ ਦੇ ਹਵਾਲੇ ਨਾਲ ਦੱਸਿਆ ਕਿ 28 ਸਤੰਬਰ ਦੀ ਬੈਠਕ ਤੋਂ ਪਹਿਲਾਂ ਅਮਨ ਅਰੋੜਾ ਨੇ ਪਾਰਟੀ ਪ੍ਰਧਾਨ ਅਤੇ ਕੋਰ ਕਮੇਟੀ ਚੇਅਰਮੈਨ ਪ੍ਰਿੰਸੀਪਲ ਬੁੱਧਰਾਮ ਨੂੰ ਆਪਣੀ ਦਿੱਲੀ ਜਾਣ ਦੀ ਮਜਬੂਰੀ ਦੱਸ ਦਿੱਤੀ ਸੀ, ਇਸ ਲਈ ਅਮਨ ਅਰੋੜਾ ਦੀ ਮੀਟਿੰਗਤੋਂ ਗੈਰਹਾਜ਼ਰੀ ਕੋਈ ਮੁੱਦਾ ਹੀ। ਉਨ੍ਹਾਂ ਦੱਸਿਆ ਕਿ ਜਸਬੀਰ ਸਿੰਘ ਬੀਰ ਨੇ ਇਸ ਗੱਲ ਨੂੰ ਮੁੱਦਾ ਬਣਾਉਣ ਦੀ ਕੋਸ਼ਿਸ਼ ਕੀਤੀ ਸੀ, ਪ੍ਰੰਤੂ ਪੰਜਾਬ ਦੀ ਪਾਰਟੀ ਦੇ ਪ੍ਰਧਾਨ ਨੇ ਉਨ੍ਹਾਂ ਨੂੰ ਉਸ ਵਕਤ ਹੀ ਵਰਜ ਦਿੱਤਾ ਸੀ।

# ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਗੰਗਾਨਗਰ ਕੋਰਟ ਦਾ ਸੰਮਨ

## * ਦਮਦਮੀ ਟਕਸਾਲ ਵੱਲੋਂ ਜ਼ੋਰਦਾਰ ਵਿਰੋਧ



ਅੰਮ੍ਰਿਤਸਰ, 2 ਸਤੰਬਰ, (ਪੋਸਟ ਬਿਊਰੋ)- ਗੰਗਾਨਗਰ ਦੀ ਅਦਾਲਤ ਨੇ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਸੰਮਨ ਜਾਰੀ ਕੀਤਾ ਹੈ। ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਗਿਆਨੀ ਹਰਨਾਮ ਸਿੰਘ ਧੁੰਮਾ ਨੇ ਇਸ ਦਾ ਸਖ਼ਤ ਨੋਟਿਸ ਲਿਆ ਹੈ।

ਇਸ ਅਦਾਲਤੀ ਸੰਮਨ ਬਾਰੇ ਦਮਦਮੀ ਟਕਸਾਲ ਦੇ ਮੁਖੀ ਗਿਆਨੀ ਹਰਨਾਮ ਸਿੰਘ ਕਿਹਾ ਕਿ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਸੰਮਨ ਕਰਨਾ ਸਿੱਖੀ ਸਿਧਾਂਤਾਂ ਤੇ ਅਧਿਕਾਰਾਂ ਦੀ ਉਲੰਘਣਾ ਹੈ, ਇਸ ਦੀ ਇਜਾਜ਼ਤ ਨਹੀਂ ਮਿਲ ਸਕਦੀ। ਉਨ੍ਹਾਂ ਕਿਹਾ ਕਿ ਗੰਗਾਨਗਰ ਵਿਖੇ ਗੁਰਸਾਹਿਬ ਸਿੰਘ ਹੈਪੀ ਨਾਂ ਵਿਅਕਤੀ ਨੇ ਆਪਣੇ ਘਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਸੀ, ਜਿਸ ਦੀ ਸ਼ਿਕਾਇਤ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਹੋਈ ਸੀ ਕਿ ਉਹ ਵਿਅਕਤੀ ਸਿੱਖ ਮਰਿਆਦਾ ਤੋਂ ਉਲਟ ਚੱਲਦਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਮਨਮਤੀਆਂ ਕਰਦਾ ਹੈ। ਸ਼ਿਕਾਇਤ ਪਿੱਛੋਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਖ਼ੁਦ ਜਾਂਚ ਕਰਵਾ ਕੇ ਕੇਸਅਕਾਲ ਤਖ਼ਤ ਸਾਹਿਬ ਦੇ ਹਵਾਲੇ ਕੀਤਾ ਤੇ ਅਕਾਲ ਤਖ਼ਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨ ਨੇ ਇਸ ਦੀ ਗੰਭੀਰਤਾ ਦੇਖਦੇ ਹੋਏ 13 ਅਕਤੂਬਰ 2017 ਨੂੰ ਹੁਕਮਨਾਮਾ ਭੇਜ ਕੇ ਮੈਨੇਜਰ ਤਖ਼ਤ ਦਮਦਮਾ ਸਾਹਿਬ, ਮੈਨੇਜਰ ਦਰਬਾਰ ਸਾਹਿਬ ਮੁਕਤਸਰ ਸਾਹਿਬ ਤੇ ਮੁਖੀ ਧਰਮ ਪ੍ਰਚਾਰ ਕਮੇਟੀ ਨੂੰ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਓਥੋਂ ਲਿਆ ਕੇ ਯੋਗ ਸਥਾਨ ਉੱਤੇ ਸੁਸ਼ੋਭਿਤ ਕਰਨ ਨੂੰ ਕਿਹਾ ਸੀ। ਸ਼੍ਰੋਮਣੀ ਕਮੇਟੀ ਨੇ 17 ਅਗਸਤ 2019 ਨੂੰ ਕਾਰਵਾਈ ਲਈ ਜ਼ਿਲ੍ਹਾ ਪੁਲਿਸ ਨਾਲ ਸੰਪਰਕ ਕਰ ਕੇ 21 ਅਗਸਤ 2019 ਨੂੰ ਇਸ ਕਾਰਵਾਈ ਲਈ ਸਹਿਯੋਗ ਦੀ ਮੰਗ ਕੀਤੀ ਤਾਂ ਪ੍ਰਸ਼ਾਸਨ ਨੇ ਕੁਝ ਸਮੇਂ ਦੀ ਮੰਗ ਕੀਤੀ ਸੀ। ਇਸੇ ਦੌਰਾਨ ਗੁਰਸਾਹਿਬ ਸਿੰਘ ਹੈਪੀ ਨੇ ਗੁਰਦੁਆਰਾ ਕਮੇਟੀ ਬਣਾਈ ਅਤੇ ਕੇਸ ਅਦਾਲਤਲੈ ਗਿਆ ਤੇ ਅਦਾਲਤ ਨੇ 30 ਅਗਸਤ ਨੂੰ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਧਰਮ ਪ੍ਰਚਾਰ ਕਮੇਟੀ ਦੇ ਆਗੂ ਭੋਲਾ ਸਿੰਘ ਅਤੇ ਹੋਰਨਾਂ ਨੂੰ 2 ਸਤੰਬਰ 2019 ਲਈ ਸੰਮਨ ਭੇਜ ਦਿੱਤੇ। ਦਮਦਮੀ ਟਕਸਾਲ ਦੇ ਮੁਖੀ ਨੇ ਸਰਕਾਰ ਤੇ ਜ਼ਿਲ੍ਹਾ ਪ੍ਰਸਾਸ਼ਨ ਤੋਂ ਮਾਮਲੇ ਦੀ ਗੰਭੀਰਤਾ ਸਮਝਣ ਅਤੇ ਦੋਸ਼ੀਆਂ ਖ਼ਿਲਾਫ਼ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

# ਪਾਕਿ ਜੇਲ੍ਹ ਵਿੱਚ ਬੰਦ ਕੁਲਭੂਸ਼ਣ ਜਾਧਵ ਨਾਲ ਭਾਰਤੀ ਪ੍ਰਤੀਨਿਧ ਦੀ ਮੁਲਾਕਾਤ ਹੋ ਗਈ

## * ਗੌਰਵ ਆਹਲੂਵਾਲੀਆ ਨੇ ਲਗਪਗ ਦੋ ਘੰਟੇ ਗੱਲਬਾਤ ਕੀਤੀ



ਇਸਲਾਮਾਬਾਦ, 2 ਸਤੰਬਰ, (ਪੋਸਟ ਬਿਊਰੋ)- ਪਾਕਿਸਤਾਨ ਜੇਲ੍ਹ ਵਿੱਚ ਬੰਦ ਭਾਰਤੀ ਨਾਗਰਿਕ ਕੁਲਭੂਸ਼ਣ ਜਾਧਵ ਲਈ ਅੱਜ ਦੋ ਸਤੰਬਰ ਸੋਮਵਾਰ ਦਾ ਦਿਨ ਬਹੁਤ ਵੱਡੇ ਫਰਕ ਵਾਲਾ ਹੋ ਗਿਆ। ਉਹ ਪਿਛਲੇ ਤਿੰਨ ਸਾਲਾਂ ਤੋਂ ਉਸ ਦੇਸ਼ ਦੀ ਕੈਦ ਵਿੱਚ ਹਨ ਤੇ ਉਨ੍ਹਾਂ ਨੂੰ ਅੱਜ ਪਹਿਲੀ ਵਾਰ ਕੌਂਸਲਰ ਐਕਸੈੱਸ ਮਿਲਿਆ, ਜਿਸ ਮੌਕੇ ਭਾਰਤ ਦੇ ਡਿਪਟੀ ਹਾਈ ਕਮਿਸ਼ਨਰ ਗੌਰਵ ਆਹਲੂਵਾਲੀਆ ਨੇ ਕੁਲਭੂਸ਼ਣ ਜਾਧਵ ਨਾਲ ਮੁਲਾਕਾਤ ਕੀਤੀ ਹੈ।

ਭਾਰਤ ਦੇ ਵਿਦੇਸ਼ ਮੰਤਰਾਲੇ ਦੇ ਸੂਤਰਾਂ ਅਨੁਸਾਰ ਕੁਲਭੂਸ਼ਣ ਜਾਧਵ ਦੇ ਨਾਲ ਭਾਰਤ ਦੇ ਡਿਪਟੀ ਹਾਈ ਕਮਿਸ਼ਨਰ ਗੌਰਵ ਆਹਲੂਵਾਲੀਆ ਨੇ ਲਗਪਗ ਦੋ ਘੰਟੇ ਮੁਲਾਕਾਤ ਕੀਤੀ। ਵਰਨਣ ਯੋਗ ਹੈ ਕਿ ਕੁਲਭੂਸ਼ਣ ਯਾਦਵ ਨੂੰ ਡਿਪਲੋਮੈਟਿਕ ਪਹੁੰਚ ਵਾਸਤੇ ਪਾਕਿ-ਸਤਾਨ ਦੀ ਬੇਨਤੀ ਭਾਰਤ ਨੇ ਮੰਨ ਲਈ, ਪਰ ਸ਼ਰਤਾਂ ਨਹੀਂ ਮੰਨੀਆਂ।

ਇਸ ਦੇ ਬਾਅਦ ਪਾਕਿਸਤਾਨ ਵਿੱਚਭਾਰਤ ਦੇ ਡਿਪਟੀ ਹਾਈ ਕਮਿਸ਼ਨਰ ਗੌਰਵ ਆਹਲੂਵਾਲੀਆ ਅੱਜ ਕੁਲਭੂਸ਼ਣ ਜਾਧਵ ਨੂੰ ਮਿਲਣ ਲਈ ਪਾਕਿਸਤਾਨ ਦੇ ਵਿਦੇਸ਼ ਮੰਤਰਾਲਾ ਵਿਖੇ ਗਏ ਅਤੇ ਓਥੇ ਵਿਦੇਸ਼ ਦਫ਼ਤਰ ਦੇ ਬੁਲਾਰੇ ਮੁਹੰਮਦ ਫੈਸਲ ਨਾਲ ਉਨ੍ਹਾਂ ਦੀ ਬੈਠਕ ਹੋਈ ਸੀ।ਸਰਕਾਰੀ ਸੂਤਰਾਂ ਨੇ ਕਿਹਾ ਸੀ ਕਿ ਸਾਨੂੰ ਆਸ ਹੈ ਕਿ ਪਾਕਿਸਤਾਨ ਇਸ ਮੁਲਕਾਤ ਦਾ ਸਹੀ ਮਾਹੌਲ ਦੇਵੇਗਾ ਤਾਂ ਜੋ ਬੈਠਕ ਆਜ਼ਾਦ, ਨਿਰਪੱਖ, ਸਾਰਥਕ ਅਤੇ ਇੰਟਰਨੈਸ਼ਨਲ ਕੋਰਟ ਆਫ ਜਸਟਿਸ ਦੇ ਹੁਕਮਾਂ ਅਨੁਸਾਰ ਹੋ ਸਕੇ। ਬਾਅਦ ਦੀ ਖਬਰ ਹੈ ਕਿ ਕੁਲਭੂਸ਼ਣ ਜਾਧਵ ਨੇ ਇਸ ਮੌਕੇ ਆਪਣੇ ਉੱਤੇ ਪਾਕਿਸਤਾਨ ਸਰਕਾਰ ਵੱਲੋਂ ਪਾਏ ਜਾ ਰਹੇ ਦਬਾਅ ਬਾਰੇ ਵੀ ਭਾਰਤ ਸਰਕਾਰ ਦੇ ਪ੍ਰਤੀਨਿਧ ਨੂੰ ਦੱਸਿਆ ਹੈ, ਪਰ ਸਾਰੇ ਵੇਰਵੇ ਹਾਲੇ ਨਹੀਂ ਮਿਲ ਸਕੇ।

# ਪਾਕਿ ਵਿੱਚ ਸਿੱਖ ਕੁੜੀ ਦੀ ਜਬਰੀ ਧਰਮ ਤਬਦੀਲੀ ਵਿਰੁੱਧ ਭਾਰਤ ਦੇ ਸਿੱਖ ਭੜਕੇ

## * ਦਿੱਲੀ ਵਿੱਚ ਸਿੱਖ ਭਾਈਚਾਰਾ ਰੋਸ ਵਜੋਂ ਸੜਕਾਂ ਉੱਤੇ ਨਿਕਲਿਆ






ਨਵੀਂ ਦਿੱਲੀ, 2 ਸਤੰਬਰ, (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਸ੍ਰੀ ਨਨਕਾਣਾ ਸਾਹਿਬ ਨੇੜੇ ਗੁਰਦੁਆਰਾ ਤੰਬੂ ਸਾਹਿਬ ਦੇ ਗ੍ਰੰਥੀ ਸਿੰਘ ਦੀ ਧੀ ਨੂੰ ਅਗਵਾ ਕਰ ਕੇ ਜਬਰਨ ਉਸ ਕੋਲੋਂ ਇਸਲਾਮ ਧਰਮ ਕਬੂਲ ਕਰਵਾਉਣਦੇ ਖਿਲਾਫ ਅੱਜ ਸਿੱਖ ਭਾਈਚਾਰੇ ਵਿਚਲੀ ਨਰਾਜ਼ਗੀ ਦਿੱਲੀ ਦੀਆਂ ਸੜਕਾਂ ਉੱਤੇ ਵਿਖਾਈ ਦਿੱਤੀ। ਅੱਜ ਸੋਮਵਾਰ ਦਿੱਲੀ ਦੇ ਪਾਕਿਸਤਾਨੀ ਹਾਈ ਕਮਿਸ਼ਨ ਦੇ ਸਾਹਮਣੇ ਸਿੱਖ ਭਾਈਚਾਰੇ ਦੇ ਲੋਕਾਂ ਨੇ ਜ਼ਬਰਦਸਤ ਪ੍ਰਦਰਸ਼ਨ ਕੀਤਾ। ਇਸ ਮੌਕੇ ਪ੍ਰਦਰਸ਼ਨ ਕਰਦੇ ਲੋਕਾਂ ਦਾ ਕਹਿਣਾ ਸੀ ਕਿ ਪਾਕਿਸਤਾਨ ਵਿੱਚ ਘੱਟ ਗਿਣਤੀਆਂ ਨਾਲ ਦੁਰ-ਵਿਹਾਰ ਹੁੰਦਾ ਹੈ।

ਇਸ ਤੋਂ ਪਹਿਲਾਂ ਸ਼ੁੱਕਰਵਾਰ ਇਸੇ ਕੇਸ ਵਿੱਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਦੀ ਅਗਵਾਈ ਹੇਠ ਸਿੱਖਾਂ ਦਾ ਵਫ਼ਦ ਭਾਰਤੀ ਵਿਦੇਸ਼ ਮੰਤਰਾਲੇ ਦੇ ਜਾਇੰਟ ਸੈਕਟਰੀ ਨੂੰ ਮਿਲਿਆ ਤੇ ਉਨ੍ਹਾਂ ਪੂਰੇ ਕੇਸ ਦੀ ਜਾਣਕਾਰੀ ਦੇ ਕੇ ਸਿੱਖ ਲੜਕੀ ਦੀ ਸਹੀ-ਸਲਾਮਤ ਰਿਹਾਈ ਕਰਾਉਣ ਵਿੱਚ ਮਦਦ ਦੀ ਅਪੀਲ ਕੀਤੀ ਸੀ। ਵਰਨਣ ਯੋਗ ਹੈ ਕਿ ਇਸ ਘਟਨਾ ਨਾਲ ਦੁਨੀਆ ਭਰ ਦੇ ਸਿੱਖਾਂ ਵਿੱਚ ਰੋਸ ਫੈਲ ਗਿਆ ਹੈ। ਵੱਖ-ਵੱਖ ਦੇਸ਼ਾਂ ਵਿੱਚ ਰਹਿੰਦੇ ਸਿੱਖ ਇਸ ਲੜਕੀ ਦੀ ਸੁਰੱਖਿਅਤ ਰਿਹਾਈ ਦੀ ਮੰਗ ਕਰ ਰਹੇ ਹਨ। ਅਗਵਾ ਹੋਈ ਲੜਕੀ ਦੇ ਪਿਤਾ ਤੇ ਭਰਾ ਦਾ ਕਹਿਣਾ ਹੈ ਕਿ ਇਸ ਘਟਨਾ ਕਾਰਨ ਪਰਿਵਾਰ ਸਦਮੇ ਵਿੱਚ ਹੈ।

ਦੂਸਰੇ ਪਾਸੇ ਪਾਕਿਸਤਾਨ ਵਿੱਚ ਨਨਕਾਣਾ ਸਾਹਿਬ ਦੇ ਗ੍ਰੰਥੀ ਸਿੰਘ ਦੀ ਧੀ ਦੇ ਧਰਮ ਤਬਦੀਲੀ ਦੇ ਕੇਸ ਵਿੱਚ ਉਥੋਂ ਦਾ ਸਿੱਖ ਭਾਈਚਾਰਾ ਦੁਚਿੱਤੀ ਵਿੱਚ ਹੈ ਕਿ ਇਸ ਬਾਰੇ ਸਰਕਾਰ ਖਿਲਾਫ ਝੰਡਾ ਚੁੱਕਿਆ ਜਾਵੇ ਜਾਂ ਭਰੋਸੇ ਮੁਤਾਬਕ ਕੁਝ ਦਿਨ ਉਡੀਕ ਕੀਤੀ ਜਾਵੇ। ਇਸ ਦੌਰਾਨ ਅਗਵਾ ਕਰਨ ਵਾਲੇ ਮੁਸਲਿਮ ਮੁੰਡੇ ਦੇ ਪਰਵਾਰ ਦੀਆਂ ਔਰਤਾਂ ਵੱਲੋਂ ਵੀਡੀਓ ਸੋਸ਼ਲ ਮੀਡੀਆ ਉੱਤੇ ਵਾਇਰਲ ਹੋਇਆ ਹੈ, ਜਿਸ ਵਿੱਚ ਉਹ ਪੁਲਸ ਵੱਲੋਂ ਵਧੀਕੀਅਤੇ ਸਿੱਖ ਭਾਈਚਾਰੇ ਦੇ ਲੋਕਾਂ ਵੱਲੋਂ ਧਮਕੀਆਂ ਦੇਣ ਦਾ ਦੋਸ਼ ਲਾਉਣ ਲੱਗੀਆਂ ਹਨ। ਅਸਲ ਵਿੱਚ ਇੱਕ ਦਿਨ ਪਹਿਲਾਂਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਪੁਰਬ ਮੌਕੇ ਗੁਰਦੁਆਰਾ ਨਨਕਾਣਾ ਸਾਹਿਬ ਵਿੱਚ ਸਾਰਾ ਸਿੱਖ ਭਾਈਚਾਰਾ ਇਕੱਠਾ ਹੋਇਆ ਤਾਂ ਇਸ ਬਾਰੇ ਚਰਚਾ ਪਿੱਛੋਂ ਫੈਸਲਾ ਹੋਇਆ ਕਿ ਜੇ ਪ੍ਰਸ਼ਾਸਨ ਨੇ ਸਿੱਖ ਕੁੜੀ ਨੂੰ ਉਸ ਦੇ ਮਾਪਿਆਂ ਨੂੰ ਨਾ ਸੌਂਪਿਆ ਤਾਂ ਗਵਰਨਰ ਹਾਊਸ ਅੱਗੇ ਸ਼ਾਂਤਮਈ ਰੋਸ ਮੁਜ਼ਾਹਰਾ ਕੀਤਾ ਜਾਵੇਗਾ। ਇਹ ਫੈਸਲਾ ਨੌਜਵਾਨ ਸਿੱਖਾਂਦਾ ਸੀ।ਪਾਕਿਸਤਾਨ ਸਿੱਖ ਕੌਂਸਲ ਦੇ ਪ੍ਰਧਾਨ ਮਸਤਾਨ ਸਿੰਘ ਨੇ ਦੱਸਿਆ ਕਿ ਗਵਰਨਰ ਅਤੇ ਅੰਦਰੂਨੀ ਮਾਮਲਿਆਂ ਦੇ ਮੰਤਰੀ ਦੇ ਹੁੰਗਾਰੇ ਦੀ ਉਡੀਕ ਕੀਤੀ ਜਾ ਰਹੀ ਹੈ, ਪਰ ਸ਼ਾਮ ਤੱਕ ਕੋਈ ਹੁੰਗਾਰਾ ਨਹੀਂ ਮਿਲਿਆ। ਸਿੱਖ ਨੌਜਵਾਨਾਂ ਦਾ ਇੱਕ ਵਰਗ ਕਹਿੰਦਾ ਹੈ ਕਿ ਇਸ ਕੇਸ ਵਿੱਚ ਪਾਕਿਸਤਾਨ ਸਰਕਾਰ ਦੇ ਖਿਲਾਫ ਆਵਾਜ਼ ਚੁੱਕੀ ਜਾਵੇ, ਜਦ ਤੱਕ ਨਿਆਂ ਨਹੀਂ ਮਿਲਦਾ ਤੇ ਸਿੱਖ ਕੁੜੀ ਉਸ ਦੇ ਮਾਪਿਆਂ ਨੂੰ ਸੌਂਪੀ ਨਹੀਂ ਜਾਂਦੀ, ਸੰਘਰਸ਼ ਕੀਤਾ ਜਾਵੇ, ਪਰ ਸਿੱਖਾਂ ਦਾ ਇਕ ਵਰਗ ਕਹਿੰਦਾ ਹੈ ਕਿ ਕੁਝ ਦਿਨ ਉਡੀਕ ਲਈਏ, ਕਿਉਂਕਿ ਲਹਿੰਦੇ ਪੰਜਾਬ ਦੇ ਗਵਰਨਰ ਨੇ ਤਿੰਨ ਚਾਰ ਦਿਨਾਂ ਵਿੱਚ ਕੇਸ ਹੱਲ ਕਰਨ ਦਾ ਭਰੋਸਾ ਦਿੱਤਾ ਹੈ। ਕੁਝ ਸਿੱਖਾਂ ਦੀ ਰਾਏ ਹੈ ਕਿ ਇਸ ਬਾਰੇ ਸੰਸਾਰ ਪੱਧਰ ਉਤੇ ਪਾਕਿ ਸਰਕਾਰ 'ਤੇ ਦਬਾਅ ਬਣਿਆ ਹੋਇਆ ਹੈ ਅਤੇ ਮੌਜੂਦਾ ਸਥਿਤੀ ਤੇ ਦਬਾਅ ਕਾਰਨ ਸਿੱਖ ਕੁੜੀ ਨੂੰ ਹਰ ਹਾਲ ਵਿੱਚ ਮਾਪਿਆਂ ਨੂੰ ਸੌਂਪਣਾ ਪਵੇਗਾ।

# ਭਾਰਤ ਨੇ ਇਤਿਹਾਸ ਰਚਿਆ

## ‘ਚੰਦਰ ਯਾਨ’ ਆਰਬਿਟਰ ਤੋਂ ਲੈਂਡਰ ‘ਵਿਕਰਮ' ਸਫ਼ਲਤਾਪੂਰਵਕ ਵੱਖ ਹੋਇਆ



ਨਵੀਂ ਦਿੱਲੀ, 2 ਸਤੰਬਰ, (ਪੋਸਟ ਬਿਊਰੋ)- ਇਸਰੋ (ਇੰਡੀਅਨ ਸਪੇਸ ਰਿਸਰਜ ਆਰਗੇਨਾਈਜ਼ੇਸ਼ਨ) ਨੇ ਦੋ ਸਤੰਬਰ ਦੇ ਦਿਨ ਭਾਰਤ ਦੇ ਚੰਦਰਯਾਨ-2 ਦੇ ਆਰਬਿਟਰ ਲੈਂਡਰ ‘ਵਿਕਰਮ’ ਨੂੰ ਸਫ਼ਲਤਾਪੂਰਵਕ ਵੱਖ ਕਰ ਲਿਆ ਹੈ। ਇਸ ਦੀ ਪ੍ਰਕਿਰਿਆ ਦੁਪਹਿਰ 1.05 ਵਜੇ ਪੂਰੀ ਕੀਤੀ ਗਈ ਅਤੇ ਅੱਗੋਂ ਮਿਥੇ ਪ੍ਰੋਗਰਾਮ ਹੇਠ ਲੈਂਡਰ ‘ਵਿਕਰਮ’ ਸੱਤ ਸਤੰਬਰ ਨੂੰ ਤੜਕੇ ਡੇਢ ਵਜੇ ਤੋਂ ਢਾਈ ਵਜੇ ਦੇ ਵਿਚਾਲੇ ਚੰਦਰਮਾ ਦੀ ਸਤ੍ਹਾ ਉੱਤੇ ਲੈਂਡ ਕਰੇਗਾ।

ਇਸ ਸੰਬੰਧ ਵਿੱਚ ਇਸਰੋ ਨੇ ਟਵੀਟ ਕਰ ਕੇ ਦੱਸਿਆ ਕਿ ਲੈਂਡਰ ‘ਵਿਕਰਮ' ਇਸ ਸਮੇਂ ਚੰਦਰਮਾ ਦੇ ਪੰਧ ਵਿੱਚ ਚੱਕਰ ਲਾ ਰਿਹਾ ਹੈ ਅਤੇ ਚੰਦਰਯਾਨ-2 ਦਾ ਆਰਬਿਟਰ ਵੀ ਉਸੇ ਪੰਧਉੱਤੇ ਚੱਕਰ ਲਾ ਰਿਹਾ ਹੈ, ਜਿਸ ਵਿੱਚਉਹ ਬੀਤੇ ਐਤਵਾਰ ਦਾਖ਼ਲ ਹੋਇਆ ਸੀ। ਵਰਨਣ ਯੋਗ ਹੈ ਕਿ ਚੰਦਰਯਾਨ-2 ਨੇ ਐਤਵਰ ਨੂੰ ਇਕ ਹੋਰ ਪੜਾਅ ਪਾਰ ਕਰ ਲਿਆ ਤੇ ਚੰਦ ਦੇ ਪੰਧ ਉੱਤੇ ਚਲਾ ਗਿਆ ਸੀ। ਚੰਦਰਮਾ ਦੇ ਪੰਧ ਵਿੱਚ ਪਹੁੰਚਣ ਤੋਂ ਬਾਅਦ ਚੰਦਰਯਾਨ ਦੇ ਪੰਧ ਵਿੱਚ ਇਹ ਅੱਜ ਵਾਲਾ ਪੰਜਵਾਂ ਅਤੇ ਆਖ਼ਰੀ ਬਦਲਾਅ ਸੀ, ਜਿਸ ਨੂੰ 52 ਸੈਕੰਡ ਦਾ ਸਮਾਂ ਲੱਗਿਆ। ਇਸ ਤੋਂ ਬਾਅਦ ਚੰਦਰਯਾਨ ਚੰਦ ਤੋਂ ਸਿਰਫ਼ 109 ਕਿਲੋਮੀਟਰ ਦੂਰ ਰਹਿ ਗਿਆ ਹੈ।

# ਇਮਰਾਨ ਖਾਨ ਦਾ ਨਵਾਂ ਐਲਾਨ: ਭਾਰਤ ਨਾਲ ਐਟਮੀ ਜੰਗ ਦੀ ਪਹਿਲ ਪਾਕਿਸਤਾਨ ਨਹੀਂ ਕਰੇਗਾ



ਇਸਲਾਮਾਬਾਦ, 2 ਸਤੰਬਰ, (ਪੋਸਟ ਬਿਊਰੋ)- ਜੰਮੂ-ਕਸ਼ਮੀਰ ਵਿੱਚੋਂ ਧਾਰਾ 370 ਹਟਾਉਣ ਬਾਰੇ ਭਾਰਤ ਸਰਕਾਰ ਦੇ ਫੈਸਲੇ ਤੋਂ ਬਾਅਦ ਭਾਰਤ ਨਾਲ ਚੱਲ ਰਹੇ ਤਣਾਅ ਦੌਰਾਨ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਅੱਜ ਕਿਹਾ ਹੈ ਕਿ ਉਨ੍ਹਾਂ ਦਾ ਦੇਸ਼ ਭਾਰਤ ਨਾਲ ਕਦੇ ਵੀ ਐਟਮੀ ਜੰਗ ਦੀ ਪਹਿਲ ਨਹੀਂ ਕਰੇਗਾ।

ਇਸ ਦੌਰਾਨ ਇਮਰਾਨ ਖਾਨ ਨੇ ਇਕ ਵਾਰ ਫਿਰ ਕਸ਼ਮੀਰ ਮੁੱਦੇ ਨੂੰ ਦੁਵੱਲੀ ਵਾਰਤਾ ਰਾਹੀਂ ਹੱਲ ਕਰਨ ਦੇ ਲਈ ਆਪਣੇ ਦੇਸ਼ ਦੀ ਵਚਨਬੱਧਤਾ ਦੁਹਰਾਈ ਹੈ, ਪਰ ਮੀਡੀਆ ਰਿਪੋਰਟਾਂ ਇਸ ਤੋਂ ਉਲਟ ਹਨ। ਪਤਾ ਲੱਗਾ ਹੈ ਕਿ ਇਮਰਾਨ ਖਾਨ ਨਿਊਯਾਰਕ ਵਿੱਚਯੂ ਐੱਨ ਜਨਰਲ ਅਸੈਂਬਲੀ ਮੌਕੇ 35 ਦੇਸ਼ਾਂ ਦੇ ਆਗੂਆਂ ਤੇ ਪ੍ਰਤੀਨਿਧਾਂ ਸਾਹਮਣੇ ਫਿਰ ਕਸ਼ਮੀਰ ਦਾ ਮੁੱਦਾ ਉਠਾਉਣਚੱਲੇ ਹਨ।ਯੂ ਐੱਨ ਜਨਰਲ ਅਸੈਂਬਲੀ ਮੌਕੇ ਇਮਰਾਨ ਖਾਨ ਅਤੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੋਵੇਂ ਇਕੋ ਛੱਤ ਹੇਠ ਮੌਜੂਦ ਹੋਣਗੇ, ਪਰ ਦੋਵਾਂ ਵਿਚਾਲੇ ਸਿੱਧੀ ਗੱਲਬਾਤ ਦੀ ਸੰਭਾਵਨਾ ਬਹੁਤ ਘੱਟ ਹੈ। ਇਸੇ ਤਰ੍ਹਾਂ ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਤੇ ਭਾਰਤ ਦੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਕਈ ਬੈਠਕਾਂ ਵਿ-ਚਆਹਮੋ-ਸਾਹਮਣੇ ਹੋਣਗੇ, ਪਰ ਉਨ੍ਹਾਂ ਵਿੱਚ ਸਿੱਧੀ ਗੱਲਬਾਤ ਦੀ ਗੁੰਜਾਇਸ਼ ਘੱਟ ਹੀ ਹੋਵੇਗੀ।

ਕੁਝ ਯੂਰਪੀ ਦੇਸ਼ਾਂ ਤੋਂ ਆਏ ਸਿੱਖਾਂ ਦੇ ਇੱਕ ਸਮਾਗਮਨੂੰ ਸੰਬੋਧਨ ਕਰਦਿਆਂ ਅੱਜ ਲਾਹੌਰ ਵਿੱਚਇਮ-ਰਾਨ ਖਾਨ ਨੇ ਕਿਹਾ, ‘ਪਾਕਿਸਤਾਨ ਤੇ ਭਾਰਤ ਦੋਵੇਂ ਐਟਮੀਤਾਕਤ ਵਾਲੇ ਦੇਸ਼ ਹਨ। ਦੋਵਾਂ ਵਿਚਾਲੇ ਤਣਾਅ ਵਧਦਾ ਹੈ ਤਾਂ ਦੁਨੀਆ ਲਈ ਖ਼ਤਰਨਾਕ ਹੋਵੇਗਾ। ਮੈਂ ਭਾਰਤ ਨੂੰ ਦੱਸਣਾ ਚਾਹੁੰਦਾ ਹਾਂ ਕਿ ਜੰਗ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ ਹੈ। ਇਸ ਵਿੱਚ ਜਿੱਤਣ ਵਾਲਾ ਵੀ ਹਾਰਦਾ ਹੈ।’ਉਨ੍ਹਾਂ ਕਿਹਾ ਕਿ ਇਸ ਜੰਗ ਵਿੱਚ ਪਾਕਿਸਤਾਨ ਕਦੇ ਪਹਿਲ ਨਹੀਂ ਕਰੇਗਾ।





Paramjit Deol Broker
CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca



Your neighborhood broker, Call Paramjit Deol Today

MISSISSAUGA $975

Tranmere Dr E.: Office Space For Lease, 2nd Floor Office, One Office W/ Huge Receptionist Area, Small Kitchen. All Utilities Are Included In Monthly Rent, Great Location, Close To All Major Hwys, Great Traffic Flow, Surrounded By Commercial & Industrial Area.

WOODSTOCK $2,000
Photo Not Available
27 Dundas St. : Unit For Lease In Prime Location In Woodstock, Approx 1500 Sq Ft, Very Busy Area, High Traffic Flow Street, Many Uses Available, Brand New Building, Recently Finished Construction, Parking Available, Close To Hwy 401 & More...

SOUTH DUNDAS $3,000

23 Plaza Dr: Commercial Unit For Lease, Former Bmo Bank For Past 50 Years. Approx 4500 Sq Ft. Many Uses Available, Located In A Huge Plaza W/ Great Anchor Tenants, Such As Lcbo, Rbc Bank, Circle K, Foodland & Tons More, Tons Of Parking, Very Low Rent.

MISSISSAUGA $59,000

1224 Dundas St W: Turn Key Operation, Be Your Own Boss Today, Well Established Hair Salon & Barber Shop Situated In A Very Busy Plaza Located In A Prestige Area Of Erindale Woodlands, Thousands Spent On Renovations, 6 Hair Stations, 2 Shampoo Station...

CHATHAM-KENT $65,000

Chittim/Blenheim: Excellent Opportunity For Investors & 1st Time Buyers, Excellent Location, Low Maintenance, Close To Downtown & New To Hwy 401, Currently Tenanted Property, Low Maintenance Fee. Tenants Willing To Stay To Leave, Very

TORONTO $79,000
Photo Not Available
1308 St Clair Ave W : Turn Key Operation. Be Your Own Boss Today!!! Excellent Dry Cleaning Business. Sales Are 15K-17K Per Month, Low Rent About $2,360/Mo. Including Base, Tmi, Hst. Long Lease 4+5. Well Established Dry Cleaning With Neighborhood/Triple

HAMILTON $99,000
Photo Not Available
77 James St N.: Deli & Lounge Available In Hamilton City Centre Mall Serving Breakfast, Lunch, Brunch & Dinner. Very Busy Mall And Excellent Location Takeaway. Rent $3766 Including Tmi With Daily Foot Traffic And Customers, Busy Location...

MISSISSAUGA $149,000

17 Tannery St : Well Established Franchise Pizzeria, Located In Downtown Of Mississauga (Streetsville) Fantastic Location, Great Clientele, Very Busy Area, Great Exposure, Lots Of Fast Traffic, High Volume Sales Of $8000 Per Week, Very Low Rent $2800

MISSISSAUGA $169,900

7215 Goreway Dr.: Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco, Shoppers

BRAMPTON $199,000
Photo Not Available
10970 Bramalea Rd: Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . $30,000-35,000 Sale Per Month $4900 Including Tmi Flexible Business

BRAMPTON $259,000
Photo Not Available
470 cHrYSLER dr: Turn Key Operation. Fine Dine Indian Restaurant Located In A Very Busy & Well Established Plaza, Recently Fully Renovated, 80 Seats, Fully Equipped Kitchen. Sales Are 80K-90K Per Month, Very Low Rent Of $6000 Per Month

BRAMPTON $299,000

23 Plaza Dr.: Commercial Unit For Sale, Former Bmo Bank For Past 50 Years. Approx. 4500 Sq Ft, Freehold Unit Which Means No Condo Fees. Many Uses Available, Great Investment Opportunity, Located In A Huge Plaza With Great Anchor Tenants, Such As

MISSISSAUGA $499,000

5100 Erin Mills Pkwy 2E220: Well-Established Franchise Location Of Trade Secrets Beauty Salon. In Business For Many Years, One Of The Best Franchises Around The World The Famous Trade Secrets Is Very Profitable, Turn Key Operation, Located

BRANTFORD $499,000

693 Colborne St W.: Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash

MISSISSAUGA $615,000

7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

BRAMPTON $655,000

32 Tollgate St: Beautiful Townhouse In Prestigious Golf Courses & Park Community! Modern Open Concept. Bright Spacious Model Finished Living Space, 3 Bedroom & 4 Bathroom Featuring A Master Ensuite. Minutes From 410, Mall, Transit, Schools &

*Canadian punjabi post assumes no responsibility for the accuracy of any information shown. Copyright Ppost 2019

# ਸੱਭਿਆਚਾਰਕ ਮੇਲੇ ਅਤੇ ਟੂਰਨਾਮੈਂਟ ਵਿਚ ਰੱਸਾ ਕਸੀ 'ਚ ਮੈਪਲ ਦੀ ਟੀਮ ਜੇਤੂ



## ਔਰਤਾਂ ਦੀਆਂ ਤੀਆਂ ਨੇ ਸਿਰਜਿਆ ਪੰਜਾਬ ਵਰਗਾ ਮਾਹੌਲ

ਵਿਨੀਪੈਗ, 2 ਸਤੰਬਰ( ਅਮਰਜੀਤ ਢਿੱਲੋਂ ਦਬੜ੍ਹੀਖਾਨਾ ) ਮੈਨੀਟੋਬਾ ਸੂਬੇ ਦੀ ਰਾਜਧਾਨੀ ਵਿਨੀਪੈਗ ਵਿਖੇ ਸ਼ਹੀਦ ਊਧਮ ਸਿੰਘ ਕਲਚਰਲ ਐਂਡ ਸਪੋਰਟਸ ਕਲੱਬ ਵਿਨੀਪੈਗ ਵਲੋਂ ਐਡਸੰਮ ਦੇ ਮੈਪਲ ਪਾਰਕ ਵਿਖੇ ਦੋ ਰੋਜਾ ਖੇਡ ਟੂਰਨਾਮੈਂਟ ਅਤੇ ਸੱਭਿਆਚਰਕ ਮੇਲਾ ਕਰਵਾਇਆ ਗਿਆ। ਕਲੱਬ ਮੈਂਬਰ ਪਰਮਜੀਤ ਗਿੱਲ , ਕੁਲਜੀਤ ਘੁੰਮਣ ਅਤੇ ਬਲਕਾਰ ਸਿੰਘ ਬਰਾੜ ਨੇ ਦੱਸਿਆ ਕਿ ਟੂਰਨਾਮੈਂਟ ਦੇ ਇਕ ਪਾਸੇ ਔਰਤਾਂ ਦੀਆਂ ਤੀਆਂ ਲਈ ਵੱਡਾ ਟੈਂਟ ਲਗਵਾਇਆ ਗਿਆ । ਜਿਸ ਵਿਚ ਦੋ ਦਿਨ ਔਰਤਾਂ ਨੇ ਵੱਡੀ ਗਿਣਤੀ ਵਿਚ ਸ਼ਮੂਲੀਅਤ ਕਰਕੇ, ਖੂਬ ਗਿੱਧਾ ਪਾ ਕੇ ਪੰਜਾਬ ਦੀਆਂ ਪੁਰਾਣੀਆਂ ਤੀਆਂ ਦੀ ਯਾਦ ਤਾਜਾ ਕਰਵਾ ਦਿੱਤੀ। ਮਨਿੰਜਦਰ ਗਰੇਵਾਲ , ਪਰਦੀਪ ਬਰਾੜ ਅਤੇ ਨਿਰਭੈ ਧਾਲੀਵਾਲ (ਯੋਧਾ ) ਅਨੁਸਾਰ ਸੱਠ ਸਾਲ ਤੋਂ ਉਪਰ ਦੇ ਸੀਨੀਅਰ ਸਿਟੀਜ਼ਨ ਦੇ ਰੱਸਾਕਸੀ ਮੁਕਾਬਲੇ ਵਿਚ ਭਗਵਾਨ ਸਿੰਘ ਲੋਪੋ ਕਲੱਬ ਮੈਪਲ ਨੇ ਪਹਿਲਾ ਅਤੇ ਐਂਬਰ ਟਰੇਲ ਕਲੱਬ ਨੇ ਦੂਜਾ ਸਥਾਨ ਹਾਸਲ ਕੀਤਾ । ਇਸ ਦਿਲਚਸਪ ਮੁਕਾਬਲੇ ਵਿਚ ਜੌਹਰ ਦਿਖਾਉਣ ਵਾਲੇ ਸਨ ਦਰਸ਼ਨ ਸਿੰਘ ਉਪਲ ਫੌਜੀ, ਹਰਬੰਸ ਸਿੰਘ ਬਰਾੜ ਸੁਖਾਨੰਦ ਬਲਦੇਵ ਸਿੰਘ ਵੈਦ ਰਣਸੀਂਹ, ਚਮਕੌਰ ਸਿੰਘ ਜਲਾਲ, ਗੁਰਚਰਨ ਸਿੰਘ ਚਕਰ, ਭਗਵਾਨ ਸਿੰਘ ਧਾਲੀਵਾਲ ਲੋਪੋ, ਗੁਰਸੇਵਕ ਸਿੰਘ ਸੰਧੂ ਕੰਮੇਆਣਾ, ਜੋਗਿੰਦਰ ਸਿੰਘ ਦਿੱਲੀ, ਅਮਰਜੀਤ ਢਿੱਲੋਂ ਦਬੜ੍ਹੀਖਾਨਾ, ਅਵਤਾਰ ਸਿੰਘ ਬੁੱਟਰ, ਦਲਜੀਤ ਸਿੰਘ ਸਰਾਵਾਂ, ਮਾਸਟਰ ਗੁਰਮੀਤ ਸਿੰਘ, ਗੁਰਦੇਵ ਸਿੰਘ ਲਾਲੀ ਦਸੂਹਾ, ਜਗਤਾਰ ਸਿੰਘ ਮਧੇ ਕੇ, ਹਰਨੇਕ ਸਿੰਘ ਸਮਾਧ ਭਾਈ ਅਤੇ ਦਗੰਬਰ ਸਿੰਘ ਢਿੱਲੋਂ ਬਾਘਾਪੁਰਾਣਾ ਆਦਿ ਮੈਂਬਰ ਸਾਮਿਲ ਸਨ। ਕਬੱਡੀ ਓਪਨ ਵਿਚ ਵਾਹਿਗੁਰੂ ਕਲੱਬ ਜੇਤੂ ਅਤੇ ਵਾਰੀਅਰ ਕਲੱਬ ਉਪ ਜੇਤੂ ਰਹੇ। ਕਬੱਡੀ ਸਤਾਰਾਂ ਸਾਲ ਦੀ ਉਮਰ ਵਿਚ ਈ ਕੇ ਦੀ ਟੀਮ ਪਹਿਲੇ ਅਤੇ ਮੈਪਲ ਦੀ ਟੀਮ ਦੂਜੇ ਸਥਾਨ ਉਤੇ ਰਹੀ। ਗੋਰੇ ਵਿਦਿਆਰਥੀ ਜੌਹਨ ਦੀ ਕਬੱਡੀ ਬਹੁਤ ਕਮਾਲ ਦੀ ਰਹੀ। ਕਲੱਬ ਮੈਂਬਰ ਗੁਰਜਿੰਦਰ ਸਿੰਘ ਬਿੰਦ , ਹੁਸਿਆਰ ਸਿੰਘ ਗਿੱਲ, ਨਰਿੰਦਰ ਗਿੱਲ ਅਤੇ ਸਰਪ੍ਰੀਤ ਬਿੱਲਾ ਨੇ ਦੱਸਿਆ ਕਿ ਬੈਡਮਿੰਟਨ ਵਿਚ ਕਰਨ ਚਾਹਲ ਅਤੇ ਸਹਿਜ ਦੀ ਟੀਮ ਪਹਿਲੇ ਅਤੇ ਬੰਟੀ ਢਿੱਲੋਂ ਅਤੇ ਲੱਕੀ ਚਾਹਲ ਦੀ ਟੀਮ ਕ੍ਰਮਵਾਰ ਪਹਿਲੇ ਦੂਜੇ ਨੰਬਰ ਉਤੇ ਰਹੀ। ਸ਼ਮੈਸਿੰਗ ਵਾਲੀਵਾਲ ਵਿਚ ਸ਼ਹੀਦ ਊਧਮ ਸਿੰਘ ਕਲੱਬ ਦੀ ਟੀਮ ਨੇ ਪਹਿਲਾ ਤੇ ਗੁਰਪ੍ਰੀਤ ਕਲੱਬ ਦੀ ਟੀਮ ਨੇ ਦੂਸਰਾ ਸਥਾਨ ਹਾਸਿਲ ਕੀਤਾ। ਵਾਸਕਿਟਵਾਲ ਵਿਚ ਜਗਮਨ ਈ ਕੇ ਟੀਮ ਫਸਟ ਅਤੇ ਮੈਪਲ ਦੀ ਟੀਮ ਸੈਕਿੰਡ ਰਹੀ। ਸੋਕਰ ਵਿਚ ਈ ਕੇ , ਮੈਪਲ ਅਤੇ ਖਾਲਸਾ ਕਲੱਬ ਦੇ ਸਖਤ ਮੁਕਾਬਲੇ ਹੋਏ। ਵਧੀਆ ਗੋਲੀ ਦਾ ਇਨਾਮ ਮਨਜੋਤ ਸਿੰਘ ਨੂੰ ਦਿਤਾ ਗਿਆ। ਵਾਲੀਵਾਲ ਸੂਟਿੰਗ ਵਿਚ ਜਿੰਦਰ ਕਲੱਬ ਨੇ ਬਾਜਾ ਕਲੱਬ ਨੂੰ ਹਰਾਇਆ। ਇਸ ਤੋਂ ਇਲਾਵਾ ਬੱਚਿਆਂ ਦੇ ਮੁਕਾਬਲੇ ਅਤੇ ਤਾਸ਼ ਦੇ ਸੀਪ ਮੁਕਾਬਲੇ ਵੀ ਕਰਵਾਏ ਗਏ। ਬਲਦੇਵ ਸਿੰਘ ਖੋਸਾ ਦੀ ਅਗਵਾਈ ਵਿਚ ਕਰਵਾਏ ਸੀਪ ਮੁਕਾਬਲੇ ਵਿਚ ਅਮਰਜੀਤ ਸਿਧੂ ਨਥਾਣਾ ਦੀ ਟੀਮ ਜੇਤੂ ਅਤੇ ਡਾ ਜੋਗਿੰਦਰ ਸਿੰਘ ਹਿੰਮਤਪੁਰਾ ਦੀ ਟੀਮ ਉਪਜੇਤੂ ਰਹੀ। ਬਲਰਾਜ ਗੋਂਦਾਰਾ ਬਰਗਾੜੀ ਅਤੇ ਲੱਖਾ ਦੌਧਰ ਵੱਲੋਂ ਦਿਲਚਸਪ ਕੁਮੈਂਟਰੀ ਰਾਹੀਂ ਸਰੋਤਿਆਂ ਦਾ ਮਨੋਰੰਜਨ ਕੀਤਾ ਗਿਆ। ਇਸ ਟੂਰਨਾਮੈਂਟ ਅਤੇ ਸੱਭਿਆਚਰਕ ਮੇਲੇ ਨੂੰ ਸਫਲ ਕਰਨ ਵਿਚ ਅਹਿਮ ਰੋਲ ਨਿਭਾਉਣ ਵਾਲਿਆਂ ਵਿਚ ਲਖਵੀਰ ਧਾਲੀਵਾਲ,ਜੱਸਾ ਸਰਪੰਚ, ਭਗਵੰਤ ਧਾਲੀਵਾਲ, ਨਵਤਾਰ ਬਰਾੜ, ਮਨਵੀਰ ਮਾਂਗਟ ਅਤੇ ਮਹਿੰਦਰ ਸਿੰਘ ਤੂਰ ਦੇ ਨਾਮ ਵੀ ਵਰਨਣਯੋਗ ਹਨ। ਆਖਰੀ ਦਿਨ ਬਲਵੀਰ ਸਿੰਘ ਬੋਪਾਰਾਏ ਅਤੇ ਪਰੀਤ ਲਾਲੀ ਨੇ ਸੱਭਿਆਰਕ ਪ੍ਰੋਗ੍ਰਾਮ ਪੇਸ਼ ਕੀਤਾ। ਨਛੱਤਰ ਕੌਰ ਅਤੇ ਪਿੰਕੀ ਘੁੰਮਣ ਨੇ ਇਸ ਪ੍ਰੋਗਾਮ ਦੀ ਜਿੰਮੇਵਾਰੀ ਨਿਭਾਈ। ਕੁਲ ਮਿਲਾ ਕੇ ਪੰਜਾਬੀ ਹੁਣ ਕੈਨੇਡਾ ਵਿਚ ਪੰਜਾਬ ਵਰਗਾ ਮਾਹੌਲ ਸਿਰਜਣ ਵਿਚ ਕਾਮਯਾਬ ਹੋ ਗਏ ਹਨ। ਹੋਰ ਜਾਣਕਾਰੀ ਲਈ 431 374 6646 ਵਟਸ ਐਪ 94171 20427 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪੁਸਤਕ ਮੇਲਾ 6 ਸਤੰਬਰ ਤੋਂ

ਪਿਛਲੇ ਸਾਲਾਂ ਦੀ ਤਰ੍ਹਾਂ ਇਸ ਵਾਰ ਵੀ ਭਰਵਾਂ ਪੁਸਤਕ ਮੇਲਾ ਗੁਲਾਟੀ ਪਬਲਿਰਜ਼ ਲਿਮ. ਸਰੀ, ਬੀ.ਸੀ. (ਗਰੁੱਪ ਆਫ਼ ਚੇਤਨਾ ਪ੍ਰਕਾਸ਼ਨ, ਲੁਧਿਆਣਾ) ਵੱਲੋਂ ਯੂਨਿਟ ਨੰਬਰ 132, 2980 ਡਰਿਯੂ ਰੋਡ, ਦਿ ਗ੍ਰੇਟ ਪੰਜਾਬੀ ਬਿਜ਼ਨਿਸ ਸੈਂਟਰ, ਮਿਸੀਸਾਗਾ ਵਿੱਚ ਆਰੰਭ ਹੋ ਰਿਹਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਗੁਲਾਟੀ ਪਬਲਿਸ਼ਰਜ਼ ਦੇ ਮਾਲਕ ਸਤੀਸ਼ ਗੁਲਾਟੀ ਨੇ ਦੱਸਿਆ ਕਿ ਪੁਸਤਕ ਮੇਲੇ ਦੌਰਾਨ 5000 ਤੋਂ ਵੱਧ ਪੁਸਤਕਾਂ ਪ੍ਰਦਰਸ਼ਿਤ ਕੀਤੀਆਂ ਜਾਣਗੀਆਂ ਜਿਨ੍ਹਾਂ ਵਿੱਚ ਅੰਮ੍ਰਿਤਾ ਪ੍ਰੀਤਮ, ਬਲਵੰਤ ਗਾਰਗੀ, ਗੁਰਬਚਨ ਭੁੱਲਰ, ਰਾਮ ਸਰੂਪ ਅਣਖੀ, ਸੰਤੋਖ ਸਿੰਘ ਧੀਰ, ਗੁਲਜ਼ਾਰ ਸੰਧੂ, ਵਰਿਆਮ ਸਿੰਘ ਸੰਧੂ, ਜਸਵੰਤ ਜ਼ਫ਼ਰ, ਸੁਖਵਿੰਦਰ ਅੰਮ੍ਰਿਤ, ਤਾਹਿਰਾ ਸਰਾ, ਗੁਰਬਖ਼ਸ਼ ਸਿੰਘ ਭੰਡਾਲ, ਬਾਬਾ ਨਜ਼ਮੀ, ਗੁਰਮੀਤ ਕੜਿਆਲਵੀ, ਪਾਲੀ ਭੁਪਿੰਦਰ, ਕੇਵਲ ਧਾਲੀਵਾਲ, ਡਾ. ਸਵਰਾਜਬੀਰ, ਗੁਰਸ਼ਰਨ ਭਾ ਜੀ, ਬਲਦੇਵ ਸਿੰਘ ਸੜਕਨਾਮਾ, ਜਸਵੰਤ ਸਿੰਘ ਕੰਵਲ, ਕਰਮਜੀਤ ਕੁੱਸਾ, ਸ਼ਿਵਚਰਨ ਜੱਗੀ ਕੁੱਸਾ, ਬੂਟਾ ਸਿੰਘ ਸ਼ਾਦ, ਪਰਮਿੰਦਰ ਸੋਢੀ, ਸੁਰਜੀਤ ਪਾਤਰ, ਡਾ. ਜਗਤਾਰ, ਪਾਸ਼, ਸ਼ਿਵ ਬਟਾਲਵੀ, ਗੁਰਦਿਆਲ ਸਿੰਘ, ਕਰਤਾਰ ਸਿੰਘ ਦੁੱਗਲ, ਨਾਨਕ ਸਿੰਘ, ਦਲੀਪ ਕੌਰ ਟਿਵਾਣਾ, ਮੋਹਨ ਸਿੰਘ, ਕੁਲਵੰਤ ਸਿੰਘ ਵਿਰਕ, ਆਤਮਜੀਤ, ਸੁਰਜੀਤ ਪਾਤਰ, ਸੋਹਣ ਸਿੰਘ ਸੀਤਲ, ਅਜਮੇਰ ਸਿੰਘ ਔਲਖ, ਖੁਸ਼ਵੰਤ ਸਿੰਘ, ਦਰਸ਼ਨ ਬੁੱਟਰ, ਸ਼ਹੀਦ ਭਗਤ ਸਿੰਘ, ਨਿੰਦਰ ਘੁਗਿਆਣਵੀ ਤੋਂ ਇਲਾਵਾ ਹੋਰ ਵੱਡੇ ਤੇ ਟੋਰਾਂਟੋ ਵਸਦੇ ਲੇਖਕਾਂ ਦੀਆਂ ਪੁਸਤਕਾਂ ਪ੍ਰਦਰਸ਼ਿਤ ਕੀਤੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਪਾਠਕ ਆਪਣੇ ਮਨਪਸੰਦ ਦੇ ਲੇਖਕਾਂ ਦੀਆਂ ਪੁਸਤਕਾਂ ਨਾਲ਼ ਸਾਂਝ ਪਾਉਣ ਲਈ ਇਕ ਵਾਰ ਪੁਸਤਕ ਪ੍ਰਦਰਸ਼ਨੀ 'ਚ ਹਾਜ਼ਰੀ ਲਗਵਾਉਣ। ਉਨ੍ਹਾਂ ਦੱਸਿਆ ਕਿ ਇਸ ਪ੍ਰਦਰਸ਼ਨੀ 'ਚ ਕਨੇਡੀਅਨ ਪੰਜਾਬੀ ਪੋਸਟ, ਆਵਾਜ਼, ਪੰਜ ਪਾਣੀ, ਵਿਯਨ ਆਫ਼ ਪੰਜਾਬ, ਹਮਦਰਦ ਵੀਕਲੀ, ਕਲਮ ਫਾਊਂਡੇਸ਼ਨ, ਅਜੀਤ ਵੀਕਲੀ, ਪੰਜਾਬੀ ਆਰਟ ਐਸੋਸੀਏਸ਼ਨ ਆਫ਼ ਟੋਰਾਂਟੋ, ਗਲੋਬਲ ਪੰਜਾਬ ਫਾਊਂਡੇਸ਼ਨ, ਕਨੇਡੀਅਨ ਪੰਜਾਬੀ ਸਾਹਿਤ ਸਭਾ, ਰੇਡੀਓ ਪੰਜਾਬ ਦੀ ਗੂੰਜ, ਰੇਡੀਓ ਦੇਸੀ ਰੰਗ, ਰੇਡੀਓ ਪੰਜਾਬੀ ਲਹਿਰਾਂ, ਰੇਡੀਓ ਸਰਗਰਮ, ਹਿੰਦੀ ਲੇਖਕ ਗਿਲਡ ਤੋਂ ਇਲਾਵਾ ਸੁਰਜਨ ਸਿੰਘ ਜ਼ੀਰਵੀ, ਇਕਬਾਲ ਮਾਹਲ, ਜਗਦੀਸ਼ ਸਿੰਘ ਗਰੇਵਾਲ, ਅਮਰ ਸਿੰਘ ਭੁੱਲਰ, ਸਤਿੰਦਰਪਾਲ ਸਿੰਘ ਸਿੱਧਵਾਂ, ਹਰਚਰਨ ਰਾਮੂਵਾਲੀਆ, ਗੁਰਬਖ਼ਸ਼ ਸਿੰਘ ਭੰਡਾਲ, ਉਜਾਗਰ ਸਿੰਘ ਕੰਵਲ, ਤਰਲੋਚਨ ਮੰਡ, ਟੋਨੀ ਸੰਧੂ, ਕੁਲਦੀਪ ਦੀਪਕ, ਜੱਗੀ ਬਰਾੜ, ਜਸਵਿੰਦਰ ਸਿੱਧੂ, ਨੀਰੂ ਅਸੀਮ, ਸੁਰਜੀਤ ਕੌਰ, ਪਰਮਜੀਤ ਦਿਓਲ, ਲਵਲੀਨ ਕੌਰ, ਪਿਆਰਾ ਸਿੰਘ ਕੁੱਦੋਵਾਲ, ਉਂਕਾਰਪ੍ਰੀਤ, ਕੁਲਜੀਤ ਮਾਨ, ਕੁਲਵਿੰਦਰ ਖਹਿਰਾ, ਬਲਜਿੰਦਰ ਸੇਖਾ, ਐਚ.ਐਸ. ਰੰਧਾਵਾ, ਬਲਜਿੰਦਰ ਲੇਲਨਾ, ਅੰਮ੍ਰਿਤ ਗਰੇਵਾਲ ਜੌਲੀ, ਨੀਟਾ ਬਲਵਿੰਦਰ, ਜਸਮੇਲ ਸਿੰਘ, ਦਲਜੀਤ ਸਿੰਘ ਜੀਤੀ, ਪੰਕਜ ਸ਼ਰਮਾ, ਡਾ. ਬਲਵਿੰਦਰ ਸਿੰਘ, ਕੁਲਜੀਤ ਸਿੰਘ ਜੰਜੂਆ, ਸੰਦੀਪ ਬਰਾੜ, ਪ੍ਰਤੀਕ ਆਰਟਿਸਟ, ਸੰਦੀਪ ਕੌਰ, ਬਲਰਾਜ ਦਿਉਲ, ਸਤਿਬੀਰ ਸਿੰਘ, ਗਗਨਦੀਪ ਸਿੰਘ, ਗਗਨਦੀਪ ਸਿੰਘ ਤੂਰ, ਅਭੀ ਸ਼ਰਮਾ, ਮਨਜੀਤ ਮਾਹਲ, ਕਰਨ ਅਜਾਇਬ ਸੰਘਾ ਅਤੇ ਹੋਰ ਹਿਤੈਸ਼ੀਆਂ ਤੇ ਪਾਠਕਾਂ ਵੱਲੋਂ ਸਹਿਯੋਗ ਦਿੱਤਾ ਜਾ ਰਿਹਾ ਹੈ।

# ਪੁਰਸ਼ਾਂ ਦੇ ਮੁਕਾਬਲੇ ਦੁੱਗਣੀ ਗਿਣਤੀ ਵਿੱਚ ਬੇਰੁਜ਼ਗਾਰ ਹਨ ਭਾਰਤੀ ਔਰਤਾਂ

ਨਵੀਂ ਦਿੱਲੀ, 2 ਸਤੰਬਰ (ਪੋਸਟ ਬਿਊਰੋ)- ਭਾਰਤ ਵਿੱਚ ਬਰਾਬਰ ਯੋਗਤਾ ਰੱਖਣ ਪਿੱਛੋਂ ਵੀ ਔਰਤਾਂ ਦੀ ਬੇਰੁਜ਼ਗਾਰੀ ਦਰ ਪੁਰਸ਼ਾਂ ਦੇ ਮੁਕਾਬਲੇ ਦੁੱਗਣੀ ਹੈ। ਇਹ ਖੁਲਾਸਾ ਇਕ ਅਧਿਐਨ 'ਚ ਹੋਇਆ ਹੈ।

'ਜੈਂਡਰ ਇਨਕਲੂਜਨ ਇਨ ਹਾਇਰਿੰਗ ਇੰਡੀਆ' ਦੇ ਸਿਰਲੇਖ ਨਾਲ ਇਹ ਅਧਿਐਨ ਹਾਰਵਰਡ ਯੂਨੀਵਰਸਿਟੀ ਦੇ ਦੋ ਵਿਦਿਆਰਥੀਆਂ ਰਸ਼ਲ ਲੇਵਨਸਨ ਅਤੇ ਲਾਇਲਾ ਓ ਕੇਨ ਨੇ ਕੀਤਾ ਹੈ। ਇਸ ਦੇ ਮੁਤਾਬਕ ਸ਼ਹਿਰਾਂ 'ਚ ਕੰਮ ਕਰਨ ਯੋਗ ਸਿੱਖਿਅਤ ਔਰਤਾਂ 'ਚੋਂ 8.7 ਫੀਸਦੀ ਬੇਰੁਜ਼ਗਾਰ ਹਨ, ਜਦ ਕਿ ਇਸ ਦੀ ਤੁਲਨਾ 'ਚ ਚਾਰ ਫੀਸਦੀ ਪੁਰਸ਼ਾਂ ਦੇ ਕੋਲ ਕੰਮ ਨਹੀਂ ਹੈ। ਰਿਪੋਰਟ 'ਚ ਦਾਅਵਾ ਕੀਤਾ ਗਿਆ ਹੈ ਕਿ ਔਰਤਾਂ ਦੇ ਫੈਸਲੇ ਅਤੇ ਕੰਮ ਕਰਨ



ਦੀ ਯੋਗਤਾ ਨੂੰ ਕਈ ਕਾਰਕ ਪ੍ਰਭਾਵਿਤ ਕਰਦੇ ਹਨ। ਬੇਰੁਜ਼ਗਾਰੀ ਦਰ ਵਿੱਚ ਲੈਂਗਿਕ ਅੰਤਰ ਅਤੇ ਅੰਤਰਰਾਸ਼ਟਰੀ ਸੇਵਾ ਸੰਗਠਨ ਦੀ ਖੋਜ ਤੋਂ ਪਤਾ ਲੱਗਦਾ ਹੈ ਕਿ ਖਾਸ ਤੌਰ 'ਤੇ ਜ਼ਿਆਦਾ ਸਿੱਖਿਅਤ ਔਰਤਾਂ ਨੂੰ ਨੌਕਰੀ ਹਾਸਲ ਕਰਨ ਲਈ ਪੁਰਸ਼ਾਂ ਦੇ ਮੁਕਾਬਲੇ ਜ਼ਿਆਦਾ ਅੜਚਨਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਲੇਵਨਸਨ ਅਤੇ ਓ ਕੇਨ ਦਾ ਵਿਸ਼ਲੇਸ਼ਣ 200 ਭਾਰਤ ਆਧਾਰਿਤ ਨੌਕਰੀਆਂ 'ਤੇ ਕੀਤਾ ਗਿਆ, ਜਿਸ ਲਈ ਰੁਜ਼ਗਾਰ ਮੰਚ ਪ੍ਰਦਾਨ ਕਰਨ ਵਾਲੀ ਕੰਪਨੀ ਸ਼ਾਰਟਲਿਸਟ ਨੇ 2016 ਅਤੇ 2017 'ਚ ਭਰਤੀ ਪ੍ਰਕਿਰਿਆ ਕੀਤੀ। 2,11,004 ਬਿਨੈਕਾਰਾਂ ਦੇ 2,86,991 (ਕੁਝ ਲੋਕਾਂ ਨੇ ਇਕ ਤੋਂ ਵੱਧ ਨੌਕਰੀਆਂ ਲਈ ਬਿਨੈ ਕੀਤਾ) ਬਿਨੈਕਾਰਾਂ 'ਤੇ ਵੀ ਨੋਟਿਸ ਲਿਆ ਗਿਆ, ਜੋ ਕੰਪਨੀ ਕੋਲ ਆਏ ਸਨ। ਅਧਿਐਨ ਮੁਤਾਬਕ ਰਿਕਰੂਟਮੈਂਟ ਮੈਨੇਜਮੈਂਟ ਅਤੇ ਲੇਬਰ ਮਾਰਕਿਟ ਵਿਸ਼ਲੇਸ਼ਣ ਮਾਹਰਾਂ ਨੇ ਗੱਲਬਾਤ 'ਚ ਖੁਲਾਸਾ ਕੀਤਾ ਕਿ ਨਿਯੁਕਤੀ 'ਚ ਲੈਂਗਿਕ ਭੇਦਭਾਵ ਹੁੰਦਾ ਹੈ, ਜਿਸ ਤਰ੍ਹਾਂ ਪੂਰੀ ਦੁਨੀਆ 'ਚ ਹੁੰਦਾ ਹੈ। ਇੰਡੀਅਨ ਵਰਕਫੋਰਸ 'ਚ ਵਿਭਿੰਨਤਾ ਦੇ ਉਪਾਵਾਂ ਨੂੰ ਸੁਝਾਉਣ ਲਈ ਅਧਿਐਨ ਵਿੱਚ ਤਿੰਨ ਸਥਾਨਕ ਅੜਚਨਾਂ 'ਤੇ ਗੌਰ ਕੀਤਾ ਗਿਆ, ਜਿਸ ਦਾ ਸਾਹਮਣਾ ਔਰਤਾਂ ਕਰਦੀਆਂ ਹਨ। ਇਹ ਯੋਗਤਾ ਤੇ ਅਨੁਭਵ, ਭਰਤੀ ਅਤੇ ਬਿਨੈ ਕਰਨ ਦੀ ਰੁਚੀ ਅਤੇ ਬਿਨੈ ਪ੍ਰਕਿਰਿਆ ਹਨ। ਖੋਜ 'ਚ ਜ਼ਿਆਦਾ ਪ੍ਰਭਾਵੀ ਅਤੇ ਲੈਂਗਿਕ ਆਧਾਰ ਉਤੇ ਸੰਵੇਦਨਸ਼ੀਲ ਭਰਤੀ ਪ੍ਰਕਿਰਿਆ ਬਣਾਉਣ ਲਈ ਯੋਗਤਾ ਆਧਾਰਿਤ ਮੁਲਾਂਕਣ, ਭਰਤੀ 'ਚ ਵਿਵਹਾਰ ਨੂੰ ਸੀਮਤ ਕਰਨ ਅਤੇ ਨੌਕਰੀ ਦੀ ਸਪੱਸ਼ਟ ਜਾਣਕਾਰੀ ਦੇਣ ਦਾ ਸੁਝਾਅ ਦਿੱਤਾ ਗਿਆ ਹੈ।

## ਪੰਜ ਸਾਲ ਪਹਿਲਾਂ ਫੜ੍ਹੇ ਵਿਦੇਸ਼ੀ ਹਥਿਆਰਾਂ ਦੀ ਸਪੁਰਦਗੀ ਕੋਰਟ ਨੇ ਰੱਦ ਕੀਤੀ

ਕੋਟਕਪੂਰਾ, 2 ਸਤੰਬਰ (ਪੋਸਟ ਬਿਊਰੋ)- ਕਰੀਬ ਪੰਜ ਸਾਲ ਪਹਿਲਾਂ ਅਮਰੀਕਾ ਦੇ ਵਿਦੇਸ਼ੀ ਹਥਿਆਰਾਂ ਦੇ ਸਕੈਂਡਲ 'ਚ ਛੇ ਪਾਬੰਦੀਸ਼ੁਦਾ ਹਥਿਆਰਾਂ ਦੀ ਸਪੁਰਦਗੀ ਦੇ ਹੁਕਮ ਨੂੰ ਫਰੀਦਕੋਟ ਦੀ ਅਦਾਲਤ ਨੇ ਰੱਦ ਕਰ ਦਿੱਤਾ ਹੈ।

ਵਰਨਣ ਯੋਗ ਹੈ ਕਿ ਅਕਤੂਬਰ 2014 ਵਿੱਚ ਵਿਦੇਸ਼ਾਂ ਤੋਂ ਹਥਿਆਰ ਲਿਆ ਕਰਕੇ ਭਾਰਤ 'ਚ ਲਿਆ ਕੇ ਫਰਜ਼ੀ ਬਿੱਲਾਂ 'ਤੇ ਵੇਚਣ ਬਾਰੇ ਸਿਟੀ ਥਾਣਾ ਫਰੀਦਕੋਟ ਦੀ ਪੁਲਸ ਨੇ ਖੁਲਾਸਾ ਕੀਤਾ ਤੇ ਕੁਝ ਹਥਿਆਰ ਬਰਾਮਦ ਵੀ ਕੀਤੇ ਸਨ। ਜਾਂਚ ਤੋਂ ਬਾਅਦ ਪੁਲਸ ਨੇ ਅਦਾਲਤ 'ਚ ਚਲਾਨ ਪੇਸ਼ ਕਰ ਦਿੱਤਾ, ਪਰ ਜੁਲਾਈ 2017 ਵਿੱਚ ਥਾਣਾ ਕੋਤਵਾਲੀ ਦੇ ਐਸ ਐਚ ਓ ਵੱਲੋਂ ਅਦਾਲਤ 'ਚ ਮਾਲਕਾਂ ਨੂੰ ਸਪੁਰਦਗੀ ਦੀ ਮੰਗ 'ਤੇ ਕੋਈ ਇਤਰਾਜ਼ ਨਾ ਕਰਨ ਪਿੱਛੋਂ ਉਕਤ ਹਥਿਆਰਾਂ ਦੀ ਸਪੁਰਦਗੀ ਮਾਲਕਾਂ ਨੂੰ ਕਰ ਦਿੱਤੀ ਗਈ ਸੀ। ਜਦੋਂ ਇਸ ਦਾ ਵਿਵਾਦ ਪੈਦਾ ਹੋਇਆ ਤਾਂ ਡੀ ਜੀ ਪੀ ਪੰਜਾਬ ਨੇ ਪਾਬੰਦੀ ਸ਼ੁਦਾ ਹਥਿਆਰਾਂ ਨੂੰ ਜਾਰੀ ਕਰਨ ਦੀ ਜਾਂਚ ਦੇ ਹੁਕਮ ਦੇ ਦਿੱਤੇ ਸਨ। ਇਸ ਪਿੱਛੋਂ ਪੁਲਸ ਦੀ ਐਸ ਆਈ ਟੀ ਨੇ ਨਤੀਜਾ ਕੱਢਿਆ ਕਿ ਫਰੀਦਕੋਟ ਵਿੱਚ ਕੁਝ ਪੁਲਸ ਅਧਿਕਾਰੀਆਂ ਵੱਲੋਂ ਪਾਬੰਦੀ ਸ਼ੁਦਾ ਹਥਿਆਰਾਂ ਨੂੰ ਜਾਰੀ ਕਰਾਉਣਾ ਗਲਤ ਸੀ। ਸਾਰੇ ਭਾਰਤ ਵਿੱਚ ਵਿਦੇਸ਼ੀ ਹਥਿਆਰਾਂ 'ਤੇ ਪਾਬੰਦੀ ਹੈ ਅਤੇ ਉਨ੍ਹਾਂ ਨੂੰ ਜਾਰੀ ਨਹੀਂ ਕੀਤਾ ਜਾ ਸਕਦਾ। ਇਹ ਵਿਵਾਦ ਖੜਾ ਹੋਣ ਪਿੱਛੋਂ ਜਾਂਚ ਤੋਂ ਬਾਅਦ ਪੁਲਸ ਨੇ ਖੁਦ ਅਦਾਲਤ ਕੋਲ ਲਿਖਤੀ ਤੌਰ 'ਤੇ ਮੰਨਿਆ ਕਿ ਸਪੁਰਦਗੀ 'ਤੇ ਦਿੱਤੇ ਉਕਤ ਸਾਰੇ ਹਥਿਆਰ ਭਾਰਤ ਵਿੱਚ ਪਾਬੰਦੀਸ਼ੁਦਾ ਹਨ, ਇਸ ਲਈ ਇਨ੍ਹਾਂ ਦੀ ਸਪੁਰਦਗੀ ਨੂੰ ਰੱਦ ਕੀਤਾ ਜਾਵੇ। ਜੂਨੀਅਰ ਜੱਜ ਚੇਤਨ ਸ਼ਰਮਾ ਨੇ ਉਕਤ ਹਥਿਆਰਾਂ ਦੀ ਸਪੁਰਦਗੀ ਲੈਣ ਵਾਲਿਆਂ ਨੂੰ 10 ਦਿਨ 'ਚ ਹਥਿਆਰ ਜਮ੍ਹਾਂ ਕਰਾਉਣ ਦੇ ਆਦੇਸ਼ ਦਿੱਤੇ ਹਨ। ਜੇ ਸਪੁਰਦਗੀ ਲੈਣ ਵਾਲੇ ਹਥਿਆਰ ਜਮ੍ਹਾ ਨਹੀਂ ਕਰਾਉਂਦੇ ਤਾਂ ਪੁਲਸ ਇਨ੍ਹਾਂ ਹਥਿਆਰਾਂ ਨੂੰ ਜ਼ਬਤ ਕਰ ਸਕਦੀ ਹੈ। ਜਦੋਂ ਇਹ ਹਥਿਆਰ ਫੜੇ ਗਏ ਸਨ ਤਾਂ ਇਸ ਕੇਸ ਦਾ ਪਰਦਾ ਫਾਸ਼ ਕਰਦਿਆਂ ਪੁਲਸ ਨੇ ਵਾਹ-ਵਾਹ ਲੁੱਟੀ ਸੀ ਅਤੇ ਇਸ ਕੇਸ ਵਿੱਚ ਕੁਝ ਗੈਂਗਸਟਰਾਂ ਅਤੇ ਵੱਡੇ ਸਿਆਸਤਦਾਨਾਂ ਅਤੇ ਅਧਿਕਾਰੀਆਂ ਦੇ ਨਾਮ ਵੀ ਸਾਹਮਣੇ ਆਏ ਸਨ। ਇਸ ਕੇਸ 'ਚ ਗ੍ਰਿਫਤਾਰ ਡੁਪਲਾ ਨਾਮ ਦੇ ਗੈਂਗਸਟਰ ਤੋਂ ਐਨ ਆਈ ਏ ਦੀ ਟੀਮ ਪੁੱਛਗਿੱਛ ਕਰਨ ਆਈ, ਪਰ ਅਦਾਲਤ ਨੇ ਇਜਾਜ਼ਤ ਨਹੀਂ ਸੀ ਦਿੱਤੀ। ਇਸ ਕੇਸ ਦਾ ਦਿਲਚਸਪ ਅਤੇ ਹੈਰਾਨੀ ਜਨਕ ਪਹਿਲੂ ਇਹ ਹੈ ਕਿ ਫਰਜ਼ੀ ਬਿਲਾਂ 'ਤੇ ਫੜੇ ਗਏ ਕਰੋੜਾਂ ਰੁਪਏ ਦੇ ਵਿਦੇਸ਼ੀ ਹਥਿਆਰਾਂ ਵਿੱਚੋਂ 10 ਦੀ ਥਾਣੇ ਨੇ ਐਨ ਓ ਸੀ ਜਾਰੀ ਕਰ ਦਿੱਤੀ ਤੇ ਪੁਲਸ ਨੇ ਇਹ ਵੀ ਨਾ ਦੇਖਿਆ ਕਿ ਜਿਹੜੇ ਛੇ .38 ਬੋਰ ਦੇ ਵਿਦੇਸ਼ੀ ਹਥਿਆਰਾਂ ਦੀ ਐਨ ਓ ਸੀ ਦਿੱਤੀ ਹੈ, ਉਨ੍ਹਾਂ ਦਾ ਲਾਇਸੈਂਸ ਮਨਿਸਟਰੀ ਆਫ ਹੋਮ ਅਫੇਅਰ ਦੀ ਅਪਰੂਵਲ ਤੋਂ ਬਿਨਾਂ ਨਹੀਂ ਬਣਦਾ ਅਤੇ ਨਾ ਇਨ੍ਹਾਂ ਨੂੰ ਇੰਪੋਰਟ ਕੀਤਾ ਜਾ ਸਕਦਾ ਹੈ।

## ਜ਼ਿਲ੍ਹਾ ਪ੍ਰਸਾਸ਼ਨ ਵੱਲੋ ਇੰਗਲਿਸ਼ ਟ੍ਰੀ ਆਈਲੈਟਸ ਕੋਚਿੰਗ ਸੈਂਟਰ ਅਤੇ ਟ੍ਰੈਵਲ ਕਨਸਲਟੈਸੀ ਮੋਗਾ ਦਾ ਕੀਤਾ ਲਾਇਸੰਸ ਰੱਦ

ਮੋਗਾ, 2 ਸਤੰਬਰ(ਗਿਆਨ ਸਿੰਘ): ਜ਼ਿਲ੍ਹਾ ਪ੍ਰਸਾਸ਼ਨ ਦੁਆਰਾ ਜਸਵੀਰ ਸਿੰਘ ਸਪੁੱਤਰ ਜਗਦੇਵ ਸਿੰਘ ਵਿਰੁੱਧ 'ਦੀ ਪੰਜਾਬ ਪ੍ਰਵੈਨਸ਼ਨ ਆਫ ਹੁਮੈਨ ਸਮੱਗਲਿੰਗ ਐਕਟ-2012 'ਦੇ ਸੈਕਸ਼ਨ 6 ਤਹਿਤ ਉਸ ਵੱਲੋ ਚਲਾਏ ਜਾ ਰਹੇ ਇੰਗਲਿਸ਼ ਟ੍ਰੀ ਆਈਲੈਟਸ ਕੋਚਿੰਗ ਸੈਟਰ ਅਤੇ ਟ੍ਰੈਵਲ ਕਨਸਲਟੈਸੀ ਮੋਗਾ ਦਾ ਲਾਇਸੰਸ ਰੱਦ ਕਰ ਦਿੱਤਾ ਹੈ।

ਜਾਣਕਾਰੀ ਅਨੁਸਾਰ ਇਸ ਆਈਲੈਟਸ ਅਤੇ ਟ੍ਰੈਵਲ ਕਨਸਲਟੈਂਸੀ ਸੈਂਟਰ ਵੱਲੋ ਕੁਝ ਵਿਦਿਆਰਥੀਆਂ ਦੇ ਫਰਜੀ ਦਸਤਾਵੇਜ਼ ਤਿਆਰ ਕੀਤੇ ਗਏ ਸਨ ਜਿੰਨ੍ਹਾਂ ਤੇ ਚਲਦੇ ਉਨ੍ਹਾਂ ਵਿਦਿਆਰਥੀਆਂ ਦੇ ਵੀਜੇ ਉੱਪਰ ਕੇਨੇਡੀਅਨ ਹਾਈ ਕਮਿਸ਼ਨ ਨੇ ਕੈਨੇਡਾ ਦੇ ਵੀਜੇ ਉਪਰ 5 ਸਾਲਾਂ ਲਈ ਰੋਕ ਲਗਾ ਦਿੱਤੀ। ਵਿਦਿਆਰਥੀਆਂ ਨੇ ਸ਼ਿਕਾਇਤ ਵਿੱਚ ਦੱਸਿਆ ਕਿ ਇਹ ਫਰਜ਼ੀ ਏਜੰਟ ਉਨ੍ਹਾਂ ਤੋ 30 ਹਜ਼ਾਰ ਰੁਪਏ ਪਹਿਲਾਂ ਜਮ੍ਹਾਂ ਕਰਵਾ ਲੈਦਾ ਸੀ ਅਤੇ ਬਾਕੀ ਦਾ 13 ਲੱਖ ਰੁਪਏ ਬਕਾਇਆ ਵੀਜ਼ਾ ਲੱਗਣ ਤੋ ਬਾਅਦ ਲੈਣ ਦੀ ਗੱਲ ਕਹਿੰਦਾ ਸੀ।

ਜ਼ਿਲ੍ਹਾ ਪ੍ਰਸਾਸਨ ਵੱਲੋ ਇਸ ਕੇਸ ਦੀ ਇਨਕੁਆਰੀ ਕੀਤੀ ਗਈ ਅਤੇ ਇਸ ਵਿੱਚ ਪਾਇਆ ਗਿਆ ਜਸਵੀਰ ਸਿੰਘ ਨੇ ਕਈ ਵਿਦਿਆਰਥੀਆਂ ਨੂੰ ਫਰਜੀ ਜੀ.ਆਈ.ਸੀ.( ਗਰੰਟੀਸੁਦਾ ਆਮਦਨ ਪ੍ਰਮਾਣ ਪੱਤਰ) ਜਾਰੀ ਕਰਕੇ ਉਨ੍ਹਾਂ ਦੇ ਭਵਿੱਖ ਨਾਲ ਖਿਲਵਾੜ ਕੀਤਾ ਜਿਸਦੇ ਸਿੱਟੇ ਵਜੋ ਕੇਨੇਡੀਅਨ ਹਾਈ ਕਮਿਸ਼ਨ ਨੇ ਇਨ੍ਹਾਂ ਵਿਦਿਆਰਥੀਆਂ ਦੇ ਕੇਨੇਡਾ ਵੀਜ਼ੇ ਉੱਪਰ 5 ਸਾਲਾਂ ਲਈ ਰੋਕ ਲਗਾ ਦਿੱਤੀ। ਵਿਦਿਆਰਥੀਆਂ ਵੱਲੋ ਇਹ ਵੀ ਇਲਜਾਮ ਲਗਾਇਆ ਗਿਆ ਕਿ ਜਸਵੀਰ ਸਿੰਘ ਵੱਲੋ ਇਨ੍ਹਾਂ ਨੂੰ ਧਮਕੀਆਂ ਵੀ ਦਿੱਤੀਆਂ ਜਾਂਦੀਆਂ ਸਨ ਕਿ ਜੇਕਰ ਉਹ ਉਸਦੇ ਵਿਰੁੱਧ ਕਿਤੇ ਵੀ ਸ਼ਿਕਾਇਤ ਦਰਜ ਕਰਵਾਉਦੇ ਹਨ ਤਾਂ ਉਹ ਦੂਜੇ ਦੂਤਘਰਾਂ ਜ਼ਰੀਏ ਵੀ ਕਿਸੇ ਵੀ ਦੇਸ਼ ਵਿੱਚ ਪੜ੍ਹਾਈ ਕਰਨ ਦੇ ਯੋਗ ਨਹੀ ਰਹਿਣਗੇ।

ਜ਼ਿਲ੍ਹਾ ਪ੍ਰਸਾਸ਼ਨ ਦੁਆਰਾ ਕੀਤੀ ਗਈ ਪੜਤਾਲ ਵਿੱਚ ਜਸਵੀਰ ਸਿੰਘ ਆਪਣੇ ਉੱਪਰ ਲਗਾਏ ਗਏ ਇਲਜਾਮਾਂ ਨੂੰ ਗਲਤ ਸਾਬਤ ਨਹੀ ਕਰ ਪਾਇਆ ਲਿਹਾਜਾ ਉਸ ਵੱਲੋ ਚਲਾਈ ਜਾ ਰਹੀ ਫਰਮ ਇੰਗਲਿਸ਼ ਟ੍ਰੀ ਦਾ ਲਾਇਸੰਸ ਤੁਰੰਤ ਪ੍ਰਭਾਵ ਤੋ ਰੱਦ ਕਰ ਦਿੱਤਾ ਗਿਆ ਹੈ।

ਬਰਾੜ ਗਰਾਜ ਡੋਰ

ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers

We Install
Garage Door Openers

• ਕਾਲ ਕਰੋ: 416-357-4082 •

"Quality is our strength."

SKYDOME GROUP OF COMPANIES
Body Centre
MINISTRY APPROVED SALVAGE INSPECTION STATION
WE DEAL WITH ALL INSURANCE COMPANIES
308 Rutherford Road Brampton
905-874-9878
Skydome Emission & Alignment Centre Inc.
210 Rutherford Rd., Brampton
905-450-9878
STAFFORD TRUCK CENTRE
30 Stafford Dr., Brampton, Tel: 905-460-1414
HEAD OFFICE: 905-874-9878
Tol Free: 1-877-799-9878, www.skydomeauto.ca

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ

Join and Represent Us
▷ VISITOR TO CANADA INSURANCE
▷ TRAVEL OUT INSURANCE
▷ INTERNATIONAL STUDENT INSURANCE
▷ OTHER INSURANCE PRODUCTS

Your Travel Safety
Our Priority

JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ
132"
88"
8 Seated Sofa
■ ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
■ ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੈਬਰਿਕ ਅਤੇ ਡਿਜਾਇਣ ਦੱਸ ਸਕਦੇ ਹਨ
■ ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6

# ਐੱਨਆਰਆਈ ਹੋਏ ਮਨਪ੍ਰੀਤ ਇਆਲੀ ਨੂੰ ਜਿਤਾਉਣ ਲਈ ਪੱਬਾਂ ਭਾਰ



...ਪੰਨਾ 1 ਦਾ ਬਾਕੀ

ਇਸ ਦੇ ਨਾਲ ਹੀ ਬਹੁਸ ਸਾਰੇ ਪਿੰਡਾਂ ਵਿਚ ਸਟੇਡੀਅਮ, ਸੀਵਰੇਜ ਦਾ ਕੰਮ ਤੇ ਸੜਕਾਂ ਆਦਿ ਦਾ ਵੱਡੀ ਪੱਧਰ ਉਤੇ ਕੰਮ ਕੀਤਾ ਗਿਆ ਸੀ। ਇਥੇ ਇਕ ਗੱਲ ਹੋਰ ਵੀ ਮਨਪ੍ਰੀਤ ਇਆਲੀ ਦੇ ਹੱਕ ਵਿਚ ਜਾ ਰਹੀ ਹੈ ਕਿ ਕਾਂਗਰਸੀ ਆਪਸ ਵਿਚ ਹੀ ਪਾਟੇ ਹੋਏ ਹਨ, ਜਿਨ੍ਹਾਂ ਵਿਚ ਮੇਜਰ ਸਿੰਘ ਭੈਣੀ, ਦਮਨਜੀਤ ਸਿੰਘ ਮੋਹੀ ਅਤੇ ਸੋਨੀ ਗਲਵ ਦਾ ਨਾਮ ਜਿਕਰਯੋਗ ਹੈ। ਬਰੈਂਪਟਨ ਵਿਚ ਹੋਈ ਇਸ ਵੱਡੀ ਮੀਟਿੰਗ ਵਿਚ ਇਸ ਹਲਕੇ ਦੇ ਵੱਖ ਵੱਖ ਪਿੰਡਾਂ ਤੋਂ ਵਸੇ ਐਨਆਰਆਈ ਭਰਾਵਾਂ ਨੇ ਇਕ ਵਾਰ ਫੇਰ ਪ੍ਰਣ ਕੀਤਾ ਕਿ ਮਨਪ੍ਰੀਤ ਇਆਲੀ ਨੂੰ ਇਸ ਹਲਕੇ ਤੋਂ ਜਿਤਾਈਏ ਤਾਂ ਜੋ ਮੁੜ ਇਹ ਹਲਕਾ ਵਿਕਾਸ ਦੇ ਰਾਹ ਉਤੇ ਤੁਰ ਸਕੇ। ਇਸ ਸਬੰਧੀ ਗੋਲੂ ਇਆਲੀ, ਜੋ ਬੜੇ ਲੰਬੇ ਸਮੇਂ ਤੋਂ ਅਕਾਲੀ ਦਲ ਬਾਦਲ ਨਾਲ ਜੁੜੇ ਹੋਏ ਹਨ, ਉਨ੍ਹਾਂ ਕਿਹਾ ਕਿ ਅਜਿਹਾ ਇਕੱਠ ਪਹਿਲੀ ਵਾਰ ਵੇਖਣ ਨੂੰ ਮਿਲਿਆ ਹੈ ਕਿ ਇਕ ਸੱਦੇ ਉਤੇ ਇਸ ਹਲਕੇ ਦੇ ਇੰਨੇ ਪਰਿਵਾਰ ਇਕੱਠੇ ਹੋਏ, ਜਿਨ੍ਹਾਂ ਨੇ ਆਪੋ ਆਪਣੇ ਪਿੰਡਾਂ ਦੀ ਜਿੰਮੇਵਾਰੀ ਲਈ ਤੇ ਇਥੋਂ ਵੱਡੀ ਪੱਧਰ ਉਤੇ ਫੋਨ ਕੈਂਪੇਨ ਰਾਹੀ ਮਨਪ੍ਰੀਤ ਇਆਲੀ ਦੇ ਪੱਖ ਵਿਚ ਪ੍ਰਚਾਰ ਕਰਨ ਦਾ ਪ੍ਰਣ ਲਿਆ।

ਗੋਲੂ ਇਆਲੀ ਨੇ ਆਪਣੀ ਪੂਰੀ ਟੀਮ ਦਾ ਧੰਨਵਾਦ ਕੀਤਾ, ਜਿਨ੍ਹਾਂ ਦੇ ਸਦਕਾ ਇਹ ਇਕੱਠ ਸੰਭਵ ਹੋ ਸਕਿਆ। ਜਿਨ੍ਹਾਂ ਵਿਚ ਗੁਰਮੇਲ ਢਿੱਲੋਂ, ਗੋਗੀ ਗਿੱਲ ਬੀਰਮੀ, ਹਰਮਿੰਦਰ ਗਿੱਲ, ਜਗਜੀਤ ਸਿੰਘ, ਰਵੀ ਜੌਹਲ, ਜਸਵੀਰ ਢੱਟ, ਰਛਪਾਲ ਸਿੰਘ, ਇੰਦਰਜੀਤ ਸਿੰਘ ਰੁੜਕਾ ਅਤੇ ਇੰਦਰਜੀਤ ਸਿੰਘ ਹਸਨਪੁਰ ਸ਼ਾਮਲ ਸਨ। ਇਸੇ ਤਰ੍ਹਾਂ ਅਕਾਲੀ ਦਲ ਦੇ ਸ: ਪ੍ਰਦੁਮਣ ਸਿੰਘ ਪੈਲ, ਸੁਖਮਿੰਦਰ ਸਿੰਘ ਸੀਲੋਆਣੀ, ਜਿਨ੍ਹਾਂ ਨੇ ਸਟੇਜ ਦੀ ਜਿੰਮੇਵਾਰੀ ਬਖੂਬੀ ਨਿਭਾਈ, ਬਚਿੱਤਰ ਸਿੰਘ ਘੋਲੀਆ, ਬੇਅੰਤ ਸਿੰਘ ਧਾਲੀਵਾਲ, ਨਸੀਬ ਸਿੰਘ, ਯੂਥ ਪ੍ਰਧਾਨ ਕੁਲਵਿੰਦਰ ਸਿੰਘ ਸਰਾਏ, ਗੁਰਦਿੱਤ ਸਿੰਘ ਢਿੱਲੋਂ, ਜੋਤੀ ਮਾਨ, ਸਿਮਰਜੀਤ ਸਿੰਘ ਮਾਨ, ਜਸਵਿੰਦਰ ਸਿੰਘ ਬੈਨੀਪਾਲ, ਰਿੱਕੀ ਸਿੱਧੂ, ਗਗਨ ਬਰਾੜ, ਬਾਈ ਅੰਗਰੇਜ, ਰਿੱਕੀ ਤਲਵੰਡੀ, ਕੁਲਵੰਤ ਸਵੱਦੀ, ਗੁਰਪ੍ਰੇਮ ਬੋਪਾਰਾਏ, ਬਚਿੱਤਰ ਭੱਟੀਆਂ, ਹਾਰਪ ਗਰੇਵਾਲ, ਪੱਪੂ ਡਾਂਗੋਂ ਤੇ ਪਰਮਿੰਦਰ ਭੰਗੂ ਨੇ ਵੀ ਅਹਿਮ ਰੋਲ ਨਿਭਾਇਆ। ਅੰਤ ਵਿਚ ਗੋਲੂ ਇਆਲੀ ਨੇ ਆਪਣ ਇਲਾਕੇ ਦੇ ਜਿਹੜੇ ਵੀ ਪਰਿਵਾਰ ਰਹਿ ਗਏ, ਉਨ੍ਹਾਂ ਤੱਕ ਸਾਰੇ ਹੀ ਆਏ ਹੋਏ ਮਹਿਮਾਨਾਂ ਨੂੰ ਪਹੁੰਚ ਕਰਨ ਲਈ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵੀ ਹਲਕਾ ਦਾਖਾਂ ਨਾਲ ਸਬੰਧਤ ਐਨਆਰਆਈ ਇਥੇ ਵਸਦਾ ਹੈ, ਉਹ ਜਰੂਰ ਮਨਪ੍ਰੀਤ ਇਆਲੀ ਦੀ ਸੁਪੋਰਟ ਕਰੇ। ਗੋਲੂ ਇਆਲੀ ਨਾਲ 416-250-0001 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

# ਟੋਰਾਂਟੋ ਦੇ ਹੈਰੀਟੇਜ ਹੋਮ ਵਿੱਚ ਲੱਗੀ ਅੱਗ, ਜਾਨੀ ਨੁਕਸਾਨ ਤੋਂ ਰਿਹਾ ਬਚਾਅ

...ਪੰਨਾ 1 ਦਾ ਬਾਕੀ

ਸਬੈਸਤੀਅਨ ਜੋਊ ਕੁੱਝ ਘੰਟੇ ਪਹਿਲਾਂ ਹੀ ਇਸ ਇਮਾਰਤ ਵਿੱਚ ਰਹਿਣ ਆਇਆ ਸੀ ਤੇ ਉਸ ਨੇ ਦੱਸਿਆ ਕਿ ਜਦੋਂ ਉਹ ਸੌਣ ਜਾ ਰਿਹਾ ਸੀ ਤਾਂ ਉਸ ਨੂੰ ਧੂੰਏ ਦੀ ਮੁਸ਼ਕ ਆਈ। ਫਿਰ ਜਦੋਂ ਉਸ ਨੇ ਪੌੜੀਆਂ ਤੋਂ ਹੇਠਾਂ ਨਜ਼ਰ ਮਾਰੀ ਤਾਂ ਵੇਖਿਆ ਕਿ ਅੱਗ ਲੱਗੀ ਹੋਈ ਸੀ।

ਉਸ ਨੇ ਫੌਰਨ ਆਪਣਾ ਸੈੱਲ ਫੋਨ ਕੱਢਿਆ ਤੇ 18ਵੀਂ ਮੰਜ਼ਿਲ ਉੱਤੇ ਪਹੁੰਚ ਰਹੀਆਂ ਅੱਗ ਦੀਆਂ ਲਪਟਾਂ ਦੀ ਤਸਵੀਰ ਲਈ। ਉਸ ਨੇ ਦੱਸਿਆ ਕਿ ਉਹ ਡਰ ਗਿਆ ਸੀ। ਥੋੜ੍ਹੀ ਦੇਰ ਬਾਅਦ ਹੀ ਫਾਇਰ ਅਮਲੇ ਨੇ ਆ ਕੇ ਇਮਾਰਤ ਖਾਲੀ ਕਰਵਾ ਲਈ। ਇਸ ਸਾਲ ਇਸ ਘਰ ਵਿੱਚ ਤੀਜੀ ਵਾਰੀ ਅੱਗ ਲੱਗੀ ਹੈ ਤੇ ਫਾਇਰ ਅਧਿਕਾਰੀਆਂ ਅਨੁਸਾਰ 2015 ਤੋਂ ਲੈ ਕੇ ਹੁਣ ਤੱਕ ਇਸ ਘਰ ਵਿੱਚ ਅੱਗ ਲੱਗਣ ਦੀ ਇਹ ਪੰਜਵੀਂ ਘਟਨਾ ਹੈ।

ਪਲਾਟੂਨ ਮੁਖੀ ਕੈਵਿਨ ਸ਼ਾਅ ਨੇ ਦੱਸਿਆ ਕਿ ਘਰ ਦੇ ਫਰਸ਼ ਉੱਤੇ ਕਈ ਮੋਰੇ ਬਣ ਜਾਣ ਕਾਰਨ ਉਹ ਆਪਣਾ ਅਮਲਾ ਅੰਦਰ ਨਹੀਂ ਸਨ ਭੇਜ ਸਕਦੇ। ਫਾਇਰ ਅਧਿਕਾਰੀਆਂ ਨੂੰ ਯਕੀਨ ਹੀ ਨਹੀਂ ਹੋਇਆ ਕਿ ਜਿਸ ਸਮੇਂ ਘਰ ਵਿੱਚ ਅੱਗ ਲੱਗੀ ਤਾਂ ਕੋਈ ਘਰ ਦੇ ਅੰਦਰ ਹੋਵੇਗਾ। ਪਰ ਇਲਾਕੇ ਵਿੱਚ ਰਹਿਣ ਵਾਲੇ ਲੋਕਾਂ ਨੇ ਦੱਸਿਆ ਕਿ ਇੱਥੇ ਕਈ ਲੋਕ ਪਨਾਹ ਲੈਂਦੇ ਹਨ। ਟੋਰਾਂਟੋ ਫਾਇਰ ਚੀਫ ਮੈਥਿਊ ਪੈੱਗ ਨੇ ਦੱਸਿਆ ਕਿ ਓਨਟਾਰੀਓ ਆਫਿਸ ਆਫ ਦ ਫਾਇਰ ਮਾਰਸ਼ਲ ਜਾਂਚ ਵਿੱਚ ਉਨ੍ਹਾਂ ਦੇ ਅਮਲੇ ਦੀ ਮਦਦ ਕਰੇਗਾ। ਇਹ ਜਾਂਚ ਮੰਗਲਵਾਰ ਨੂੰ ਸ਼ੁਰੂ ਹੋਣ ਦੀ ਸੰਭਾਵਨਾ ਹੈ।

# ਸੇਵਾ ਕੇਂਦਰ ਨੇ ਜਿੰਦਾ ਆਦਮੀ ਦਾ ਡੈੱਥ ਸਰਟੀਫਿਕੇਟ ਬਣਾ ਦਿੱਤਾ

## * ਖੁਦ ਨੂੰ ਜਿੰਦਾ ਸਾਬਤ ਕਰਨ ਲਈ ਖੱਜਲ ਹੋ ਰਿਹੈ ਪੀੜਤ

ਪਠਾਨਕੋਟ, 2 ਸਤੰਬਰ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਆਮ ਲੋਕਾਂ ਨੂੰ ਇਕੋ ਛੱਤ ਥੱਲੇ ਵਧੀਆ ਸਹੂਲਤਾਂ ਦੇਣ ਲਈ ਜਿਹੜੇ ਸੇਵਾ ਕੇਂਦਰ ਖੋਲ੍ਹੇ ਹਨ, ਉਹ ਲੋਕਾਂ ਲਈ ਕਿਸ ਤਰ੍ਹਾਂ ਪ੍ਰੇਸ਼ਾਨੀ ਦਾ ਕਾਰਨ ਬਣੇ ਹੋਏ ਹਨ, ਇਸ ਦੀ ਮਿਸਾਲ ਇਸ ਜ਼ਿਲੇ ਵਿਚਲੇ ਮਾਮੂਨ ਵਿਚਲੇ ਸੇਵਾ ਕੇਂਦਰ 'ਚ ਮਿਲੀ ਹੈ। ਇਸ ਸੇਵਾ ਕੇਂਦਰ ਨੂੰ ਇਕ ਮ੍ਰਿਤਕ ਦੇ ਪਰਵਾਰ ਵੱਲੋਂ ਮੌਤ ਦਾ ਸਰਟੀਫਿਕੇਟ ਜਾਰੀ ਕਰਨ ਲਈ ਦਰਖਾਸਤ ਦਿੱਤੀ ਗਈ ਤਾਂ ਮ੍ਰਿਤਕ ਵਿਅਕਤੀ ਦੇ ਜਿਊਂਦੇ ਪਿਤਾ ਦਾ ਮੌਤ ਦਾ ਸਰਟੀਫਿਕੇਟ ਬਣਾ ਕੇ ਦੇ ਦਿੱਤਾ ਗਿਆ, ਜਿਸ ਕਾਰਨ ਮ੍ਰਿਤਕ ਐਲਾਨਿਆ ਆਦਮੀ ਖੁਦ ਨੂੰ ਸਰਕਾਰੀ ਕਾਗਜ਼ਾਂ 'ਚ ਜਿੰਦਾ ਦਿਖਾਉਣ ਲਈ ਦਰ-ਦਰ ਦੀਆਂ ਠੋਕਰਾਂ ਖਾਂਦਾ ਫਿਰ ਰਿਹਾ ਹੈ।

ਇਸ ਸਬੰਧ ਵਿੱਚ ਪਿੰਡ ਸੁਖਨਿਆਲ ਦੇ ਪ੍ਰਸ਼ੋਤਮ ਲਾਲ ਨੇ ਦੱਸਿਆ ਕਿ ਉਸ ਦਾ ਪੁੱਤਰ ਜਤਿੰਦਰ ਕੁਮਾਰ (32), ਜਿਹੜਾ ਬੁੰਗਲ ਦੇ ਇਕ ਨਿੱਜੀ ਹਸਪਤਾਲ ਦਾ ਸਕਿਓਰਿਟੀ ਗਾਰਡ ਸ,। ਡਿਊਟੀ ਦੌਰਾਨ ਦਿਲ ਦਾ ਦੌਰਾ ਪੈਣ ਕਾਰਨ 15 ਸਤੰਬਰ 2018 ਨੂੰ ਉਸ ਦੀ ਮੌਤ ਹੋ ਗਈ ਸੀ। ਉਨ੍ਹਾਂ ਜਤਿੰਦਰ ਦਾ ਮੌਤ ਸਰਟੀਫਿਕੇਟ ਲੈਣ ਲਈ ਸੇਵਾ ਕੇਂਦਰ ਮਾਮੂਨ ਵਿੱਚ ਅਰਜ਼ੀ ਦਿੱਤੀ। 29 ਜੁਲਾਈ 2019 ਨੂੰ ਸੇਵਾ ਕੇਂਦਰ ਨੇ ਸਰਟੀਫਿਕੇਟ ਦੇ ਦਿੱਤਾ ਗਿਆ। ਧਿਆਨ ਨਾ ਦਿੰਦੇ ਹੋਏ ਸਰਟੀਫਿਕੇਟ ਰੱਖ ਲਿਆ। ਜਦ ਉਨ੍ਹਾਂ ਨੂੰ ਮ੍ਰਿਤਕ ਬੇਟੇ ਦੇ ਬੈਂਕ ਖਾਤੇ ਬਾਰੇ ਉਸ ਦੇ ਮੌਤ ਦੇ ਸਰਟੀਫਿਕੇਟ ਦੀ ਲੋੜ ਪਈ ਤਾਂ ਉਨ੍ਹਾਂ ਅਲਮਾਰੀ ਤੋਂ ਸਰਟੀਫਿਕੇਟ ਕੱਢ ਕੇ ਪੜ੍ਹਿਆ, ਓਥੇ ਬੇਟੇ ਦੀ ਜਗ੍ਹਾ 'ਤੇ ਪ੍ਰਸ਼ੋਤਮ ਲਾਲ ਦਾ ਨਾਂਅ ਲਿਖਿਆ ਸੀ।

ਪ੍ਰਸ਼ੋਤਮ ਲਾਲ ਨੇ ਕਿਹਾ ਕਿ ਇਹ ਗਲਤੀ ਪਹਿਲੀ ਵਾਰ ਨਹੀਂ ਹੋਈ। ਪਹਿਲਾਂ ਵੀ ਕਈ ਗਲਤੀਆਂ ਹੋਈਆਂ ਹਨ। ਪ੍ਰਸ਼ੋਤਮ ਲਾਲ ਨੇ ਦੱਸਿਆ ਕਿ ਸੇਵਾ ਕੇਂਦਰ ਦੀ ਗਲਤੀ ਦਾ ਖਮਿਆਜ਼ਾ ਉਨ੍ਹਾਂ ਨੂੰ ਭੁਗਤਣਾ ਪੈ ਰਿਹਾ ਹੈ।

# ਵਿਆਹੁਤਾ ਨੇ ਜ਼ਹਿਰੀਲੀ ਦਵਾਈ ਨਿਗਲ ਕੇ ਖੁਦਕੁਸ਼ੀ ਕਰ ਲਈ

ਮੁਕੇਰੀਆਂ, 2 ਸਤੰਬਰ (ਪੋਸਟ ਬਿਊਰੋ)- ਇਥੇ ਨੇੜਲੇ ਪਿੰਡ ਭੱਟੀਆਂ ਰਾਜਪੂਤਾਂ ਦੀ ਇਕ ਨੂੰਹ ਨੇ ਸਹੁਰੇ ਤੇ ਦਿਓਰ ਤੋਂ ਦੁਖੀ ਹੋ ਕੇ ਕੋਈ ਜ਼ਹਿਰੀਲੀ ਦਵਾਈ ਨਿਗਲ ਕੇ ਖੁਦਕੁਸ਼ੀ ਕਰ ਲਈ ਹੈ। ਪੀੜਤਾ ਵੱਲੋਂ ਖੁਦਕੁਸ਼ੀ ਤੋਂ ਪਹਿਲਾਂ ਬਣਾਈ ਵੀਡੀਓ ਅਤੇ ਮ੍ਰਿਤਕਾ ਦੇ ਭਰਾ ਦੇ ਬਿਆਨਾਂ 'ਤੇ ਪੁਲਸ ਨੇ ਉਸ ਦੇ ਸਹੁਰੇ ਤੇ ਦਿਓਰ ਦੇ ਖਿਲਾਫ ਖੁਦਕੁਸ਼ੀ ਲਈ ਮਜਬੂਰ ਕਰਨ ਦਾ ਕੇਸ ਦਰਜ ਕੀਤਾ ਹੈ। ਐਸ ਐਚ ਓ ਸਤਵਿੰਦਰ ਸਿੰਘ ਨੇ ਦੱਸਿਆ ਕਿ ਗੁਰਦਿਆਲ ਸਿੰਘ ਵਾਸੀ ਫੱਤੂ ਬਰਕਤ ਥਾਣਾ ਭੈਣੀ ਮੀਆਂ ਖਾਂ (ਗੁਰਦਾਸਪੁਰ) ਨੇ ਪੁਲਸ ਦੱਸਿਆ ਕਿ ਉਸ ਦੀ ਭੈਣ ਰਿਤੂ ਬਾਲਾ (25) ਕਰੀਬ ਚਾਰ ਸਾਲ ਪਹਿਲਾਂ ਮੁਕੇਰੀਆਂ ਦੇ ਪਿੰਡ ਭੱਟੀਆਂ ਰਾਜਪੂਤਾਂ ਦੇ ਸੁਖਵਿੰਦਰ ਸਿੰਘ ਨਾਲ ਵਿਆਹੀ ਸੀ। ਰਿਤੂ ਬਾਲਾ ਦਾ ਇਕ ਤਿੰਨ ਸਾਲਾ ਲੜਕਾ ਹੈ ਅਤੇ ਉਸ ਦਾ ਪਤੀ ਇਕ ਸਰਵਿਸ ਸਟੇਸ਼ਨ 'ਤੇ ਕੰਮ ਕਰਦਾ ਹੈ ਅਤੇ ਉਸ ਨੂੰ ਆਪਣੇ ਪਤੀ ਤੋਂ ਕੋਈ ਸ਼ਿਕਾਇਤ ਨਹੀਂ, ਪਰ ਉਸ ਦਾ ਦਿਓਰ ਵਿਸ਼ਾਲ ਕੁਮਾਰ ਉਰਫ ਸ਼ੈਲੀ ਅਤੇ ਸਹੁਰਾ ਪ੍ਰੇਮ ਸਿੰਘ ਉਸ ਨੂੰ ਬਿਨਾਂ ਵਜ੍ਹਾ ਤੰਗ ਕਰਦੇ ਸਨ, ਜਿਸ ਬਾਰੇ ਉਸ ਨੇ ਕਈ ਵਾਰ ਉਨ੍ਹਾਂ ਨੂੰ ਦੱਸਿਆ ਸੀ। ਕੱਲ੍ਹ ਸ਼ਾਮ ਰਿਤੂ ਬਾਲਾ ਦੇ ਦਿਓਰ ਸ਼ੈਲੀ ਨੇ ਉਸ ਨੂੰ ਫੋਨ ਕਰਕੇ ਦੱਸਿਆ ਸੀ ਕਿ ਰਿਤੂ ਬਾਲਾ ਨੇ ਕੋਈ ਜ਼ਹਿਰੀਲੀ ਦਵਾਈ ਨਿਗਲ ਲਈ ਹੈ। ਉਨ੍ਹਾਂ ਦੇ ਮੁਕੇਰੀਆਂ ਪੁੱਜਣ 'ਤੇ ਰਿਤੂ ਬਾਲਾ ਦਾ ਸਹੁਰਾ ਪ੍ਰੇਮ ਸਿੰਘ ਅਤੇ ਦਿਓਰ ਸ਼ੈਲੀ ਉਸ ਨੂੰ ਇਕ ਨਿੱਜੀ ਹਸਪਤਾਲ ਲੈ ਗਏ, ਜਿਥੇ ਦਾਖਲ ਨਾ ਕਰਨ 'ਤੇ ਸਿਵਲ ਹਸਪਤਾਲ ਮੁਕੇਰੀਆਂ ਲਿਆਂਦਾ ਗਿਆ, ਜਿਥੋਂ ਡਾਕਟਰਾਂ ਨੇ ਉਸ ਦੀ ਹਾਲਤ ਗੰਭੀਰ ਦੇਖ ਕੇ ਜਲੰਧਰ ਰੈਫਰ ਕਰ ਦਿੱਤਾ। ਜਦੋਂ ਉਹ ਜਲੰਧਰ ਦੇ ਕੈਪੀਟੋਲ ਹਸਪਤਾਲ ਪੁੱਜੇ ਤਾਂ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਮ੍ਰਿਤਕਾ ਦੇ ਭਰਾ ਨੇ ਦੋਸ਼ ਲਾਇਆ ਕਿ ਉਸ ਦੀ ਭੈਣ ਨੇ ਆਪਣੇ ਦਿਓਰ ਤੇ ਸਹੁਰੇ ਤੋਂ ਤੰਗ ਆ ਕੇ ਜ਼ਹਿਰੀਲੀ ਦਵਾਈ ਨਿਗਲੀ ਹੈ, ਜਿਸ ਬਾਰੇ ਉਸ ਨੇ ਖੁਦਕੁਸ਼ੀ ਤੋਂ ਪਹਿਲਾਂ ਬਣਾਈ ਵੀਡੀਓ ਵਿੱਚ ਵੀ ਜ਼ਿਕਰ ਕੀਤਾ ਹੈ। ਥਾਣਾ ਮੁਖੀ ਸਤਵਿੰਦਰ ਸਿੰਘ ਨੇ ਦੱਸਿਆ ਕਿ ਮ੍ਰਿਤਕਾ ਦੇ ਭਰਾ ਦੇ ਬਿਆਨਾਂ 'ਤੇ ਪੁਲਸ ਨੇ ਉਸ ਦੇ ਸਹੁਰੇ ਤੇ ਦਿਓਰ ਖਿਲਾਫ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਹੈ।

# ਪੁੱਤਰ ਨੂੰ ਮ੍ਰਿਤਕ ਦੱਸ ਕੇ ਪੁਲਸ ਉਤੇ ਕੇਸ ਕੀਤਾ, 14 ਸਾਲ ਪਿੱਛੋਂ ਜ਼ਿੰਦਾ ਨਿਕਲਿਆ

ਜਗਰਾਓਂ, 2 ਸਤੰਬਰ (ਪੋਸਟ ਬਿਊਰੋ)- ਕਤਲ ਦੇ ਦੋਸ਼ ਵਿੱਚ 14 ਸਾਲ ਪਹਿਲਾਂ ਦਰਜ ਹੋਏ ਕੇਸ ਦਾ ਸਾਹਮਣਾ ਕਰ ਰਹੇ ਸਾਬਕਾ ਡੀ ਐਸ ਪੀ ਅਮਰਜੀਤ ਸਿੰਘ ਖਹਿਰਾ, ਏ ਐਸ ਆਈ ਜਸਵੰਤ ਸਿੰਘ ਤੇ (ਓਦੋਂ ਹੌਲਦਾਰ) ਏ ਐਸ ਆਈ ਕਾਬਲ ਸਿੰਘ ਦੇ ਕੇਸ ਵਿੱਚ ਨਵਾਂ ਮੋੜ ਆ ਗਿਆ ਹੈ। ਜਿਸ ਵਿਅਕਤੀ ਦੇ ਕਤਲ ਦੇ ਦੋਸ਼ ਵਿੱਚ ਸੈਸ਼ਨ ਕੋਰਟ ਦੇ ਹੁਕਮ 'ਤੇ ਕੇਸ ਦਰਜ ਹੋਇਆ ਸੀ, ਉਹ ਜ਼ਿੰਦਾ ਹੈ। ਪੁਲਸ ਦੇ ਸੀ ਆਈ ਏ ਸਟਾਫ ਨੇ ਉਸ ਨੂੰ ਫੜ ਲਿਆ ਹੈ।

ਰਿਟਾਇਰਡ ਡੀ ਐਸ ਪੀ ਅਮਰਜੀਤ ਸਿੰਘ ਨੇ ਦੱਸਿਆ ਕਿ ਜਦ ਉਹ 2005 ਵਿੱਚ ਥਾਣਾ ਡੇਹਲੋਂ ਦੇ ਮੁਖੀ ਸਨ ਤਾਂ 25 ਅਗਸਤ 2005 ਨੂੰ ਉਨ੍ਹਾਂ ਨੇ ਏ ਐਸ ਆਈ ਜਸਵੰਤ ਸਿੰਘ, ਹੌਲਦਾਰ ਕਾਬਲ ਸਿੰਘ ਅਤੇ ਹੋਰ ਟੀਮ ਨਾਲ ਪਿੰਡ ਰੰਗੀਆਂ ਦੇ ਹਰਦੀਪ ਸਿੰਘ ਪੁੱਤਰ ਨਗਿੰਦਰ ਸਿੰਘ ਨੂੰ ਮੋਟਰ ਸਾਈਕਲ ਉਤੇ 70 ਕਿਲੋ ਗ੍ਰਾਮ ਭੁੱਕੀ ਨਾਲ ਫੜਿਆ ਸੀ। ਉਸ ਦੇ ਖਿਲਾਫ ਥਾਣਾ ਡੇਹਲੋਂ ਵਿੱਚ ਕੇਸ ਦਰਜ ਕੀਤਾ ਗਿਆ ਸੀ। ਪੁਲਸ ਜਦ ਉਸ ਨੂੰ ਪੁੱਛਗਿੱਛ ਲਈ ਲਿਆ ਰਹੀ ਸੀ ਤਾਂ ਕਿਲਾ ਰਾਏਪੁਰ ਸੂਏ ਦੇ ਕੋਲ ਚਕਮਾ ਦੇ ਕੇ ਫਰਾਰ ਹੋ ਗਿਆ। ਨਗਿੰਦਰ ਸਿੰਘ ਨੇ ਆਪਣੇ ਲੜਕੇ ਹਰਦੀਪ ਸਿੰਘ ਨੂੰ ਪੁਲਸ ਹਿਰਾਸਤ ਵਿੱਚ ਨਾਜਾਇਜ਼ ਰੱਖੇ ਜਾਣ ਦੀ ਸ਼ੰਕਾ ਵਿੱਚ 28 ਅਗਸਤ ਨੂੰ ਵਾਰੰਟ ਅਫਸਰ ਤੋਂ ਰੇਡ ਕਰਾਈ, ਜਿਸ ਨੇ ਥਾਣਾ ਡੇਹਲੋਂ ਅਤੇ ਲਤਾਲਾ ਪੁਲਸ ਚੌਕੀ ਦੀ ਤਲਾਸ਼ੀ ਲਈ, ਪਰ ਹਰਦੀਪ ਸਿੰਘ ਉਥੇ ਨਹੀਂ ਮਿਲਿਆ। ਉਸ ਵੇਲੇ ਵਾਰੰਟ ਅਫਸਰ ਨੂੰ ਦੱਸਿਆ ਗਿਆ ਕਿ ਹਰਦੀਪ ਸਿੰਘ ਦੇ ਖਿਲਾਫ ਭੁੱਕੀ ਬਰਾਮਦਗੀ ਤੇ ਪੁਲਸ ਨੂੰ ਚਕਮਾ ਦੇ ਕੇ ਭੱਜਣ ਦੇ ਦੋਸ਼ ਵਿੱਚ ਕੇਸ ਦਰਜ ਹਨ। 17 ਸਤੰਬਰ 2005 ਨੂੰ ਪਿੰਡ ਦਾਇਆ ਕਲਾਂ ਦੇ ਛੱਪੜ ਤੋਂ ਇਕ ਵਿਅਕਤੀ ਦੀ ਲਾਸ਼ ਮਿਲੀ ਤਾਂ ਹਰਦੀਪ ਸਿੰਘ ਦੇ ਪਿਤਾ ਨਗਿੰਦਰ ਸਿੰਘ ਨੇ ਹਾਈ ਕੋਰਟ ਵਿੱਚ ਰਿਟ ਕਰ ਦਿੱਤੀ ਕਿ ਛੱਪੜ ਤੋਂ ਮਿਲੀ ਲਾਸ਼ ਉਸ ਦੇ ਬੇਟੇ ਹਰਦੀਪ ਸਿੰਘ ਦੀ ਸੀ, ਜਿਸ ਨੂੰ ਪੁਲਸ ਨੇ ਮਾਰ ਕੇ ਸੁੱਟਿਆ ਸੀ। ਹਾਈ ਕੋਰਟ ਨੇ ਏ ਡੀ ਜੀ ਪੀ ਕ੍ਰਾਈਮ ਨੂੰ ਜਾਂਚ ਸੌਂਪੀ ਸੀ, ਜਿਸ ਦੀ ਰਿਪੋਰਟ ਵਿੱਚ ਉਨ੍ਹਾਂ ਨੇ ਕਿਹਾ ਕਿ ਛੱਪੜ ਤੋਂ ਮਿਲੀ ਲਾਸ਼ ਹਰਦੀਪ ਸਿੰਘ ਦੀ ਨਹੀਂ। ਹਰਦੀਪ ਸਿੰਘ ਦੀ ਮੌਤ ਨਹੀਂ ਹੋਈ। ਉਨ੍ਹਾਂ ਨੇ ਆਪਣੇ ਪੱਤਰ ਵਿੱਚ ਹਰਦੀਪ ਸਿੰਘ, ਨਗਿੰਦਰ ਸਿੰਘ ਅਤੇ ਹੋਰਾਂ ਖਿਲਾਫ ਕੇਸ ਦਰਜ ਕਰਨ ਦੀ ਸਿਫਾਰਸ਼ ਕੀਤੀ, ਜਿਸ ਉੱਤੇ ਏ ਐਸ ਆਈ ਸੁਖਬੀਰ ਸਿੰਘ ਨੇ ਕੇਸ ਦਰਜ ਕੀਤਾ। ਸਾਰੇ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ, ਪਰ ਹਰਦੀਪ ਸਿੰਘ ਇਸ ਮਾਮਲੇ ਵਿੱਚ ਭਗੌੜਾ ਕਰਾਰ ਦਿੱਤਾ ਗਿਆ ਸੀ। ਨਗਿੰਦਰ ਸਿੰਘ ਨੇ ਫਿਰ ਹਾਈ ਕੋਰਟ ਦਾ ਦਰਵਾਜ਼ਾ ਖੜਕਾ ਕੇ ਇਸ ਕੇਸ ਦੀ ਜਾਂਚ ਦੀ ਮੰਗ ਕੀਤੀ। ਹਾਈ ਕੋਰਟ ਦੇ ਹੁਕਮ 'ਤੇ ਸੈਸ਼ਨ ਜੱਜ ਲੁਧਿਆਣਾ ਵੀ ਕੇ ਰਾਏ ਨੇ ਜਾਂਚ ਕੀਤੀ ਅਤੇ ਉਨ੍ਹਾਂ ਆਪਣੀ ਰਿਪੋਰਟ ਵਿੱਚ ਕਿਹਾ ਕਿ ਪਿੰਡ ਦਾਇਆ ਕਲਾਂ ਛੱਪੜ ਤੋਂ ਮਿਲੀ ਲਾਸ਼ ਹਰਦੀਪ ਸਿੰਘ ਦੀ ਸੀ, ਜਿਸ ਨੂੰ ਪੁਲਸ ਨੇ ਅਣਪਛਾਤਾ ਕਰਾਰ ਦੇ ਕੇ ਧਾਰਾ 174 ਦੀ ਕਾਰਵਾਈ ਕੀਤੀ ਹੈ। ਸੈਸ਼ਨ ਜੱਜ ਨੇ ਓਦੋਂ ਡੀ ਐਸ ਪੀ ਅਮਰਜੀਤ ਸਿੰਘ ਖਹਿਰਾ, ਏ ਐਸ ਆਈ ਜਸਵੰਤ ਸਿੰਘ ਅਤੇ ਹੌਲਦਾਰ ਕਾਬਲ ਸਿੰਘ ਦੇ ਖਿਲਾਫ ਕਤਲ ਦੇ ਦੋਸ਼ ਵਿੱਚ ਧਾਰਾ 302 ਦਾ ਕੇਸ ਦਰਜ ਕਰਨ ਦੇ ਹੁਕਮ ਦਿੱਤੇ ਅਤੇ 21 ਅਗਸਤ 2010 ਨੂੰ ਕਤਲ ਕੇਸ ਦਰਜ ਕੀਤਾ ਗਿਆ ਸੀ। ਪੀੜਤ ਇਸ ਕੇਸ ਵਿੱਚ ਹਾਈ ਕੋਰਟ ਪੁੱਜਾ ਤਾਂ ਹਾਈ ਕੋਰਟ ਨੇ ਜਾਂਚ ਐਸ ਆਈ ਟੀ ਤੋਂ ਕਰਾਉਣ ਦੇ ਹੁਕਮ ਦਿੱਤੇ। ਇਸ ਉੱਤੇ ਐਸ ਪੀ ਕ੍ਰਾਈਮ ਗੁਰਦਿਆਲ ਸਿੰਘ, ਐਸ ਪੀ ਭੁਪਿੰਦਰ ਸਿੰਘ, ਐਸ ਪੀ ਮਹਿੰਦਰ ਸਿੰਘ ਛੋਕਰ, ਡੀ ਐਸ ਪੀ ਨਰਿੰਦਰਪਾਲ ਸਿੰਘ ਰੂਬੀ, ਡੀ ਐਸ ਪੀ ਵਾਲੀਆ ਅਤੇ ਥਾਣਾ ਡੇਹਲੋਂ ਦੇ ਇੰਚਾਰਜ ਨੂੰ ਜਾਂਚ ਸੌਂਪੀ ਗਈ, ਜਿਨ੍ਹਾਂ ਨੇ ਆਪਣੀ ਰਿਪੋਰਟ ਵਿੱਚ ਕਿਹਾ ਕਿ ਪਿੰਡ ਦਾਇਆ ਕਲਾਂ ਤੋਂ ਮਿਲੀ ਲਾਸ਼ ਹਰਦੀਪ ਸਿੰਘ ਦੀ ਨਹੀਂ ਸੀ। ਅਦਾਲਤ ਨੇ ਪੁਲਸ ਦੀ ਕੈਂਸਲੇਸ਼ਨ ਰਿਪੋਰਟ ਨੂੰ ਨਾਮਨਜ਼ੂਰ ਕਰ ਦਿੱਤਾ ਸੀ, ਪਰ ਆਖਰ ਹਰਦੀਪ ਸਿੰਘ ਜ਼ਿੰਦਾ ਮਿਲ ਗਿਆ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਫਰੀ ਪਿਕਅਪ
Best Rates For Lessons
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

G MEDIA GROUP PRESENTS
RADIO RAMZ PUNJABI
an expression of the community
FROM APRIL 1ST, 2019
ON FM 91.9
EVERYDAY 1PM TO 2PM
HOST: Harjinder Singh Gill
Ramz Punjabi RADIO & TV
An expression of the community
647.400.6862 | RAMZPUNJABI@GMAIL.COM | WWW.RAMZPUNJABI.COM

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
AZ Tractor trailer program
Manual transmission & backup training everyday
We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8

Aikam MEDIA GROUP
Radio Punjab
Monday to Friday 2:00PM to 3:00PM on 89.5 FM
Aikam TV
Every Saturday on Vision TV Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

AZ ਡਰਾਇਵਰਾਂ ਦੀ ਲੋੜ ਹੈ
New Drivers are welcome
• ਵਧੀਆ ਤਨਖਾਹ
• ਆਟੋਪਾਰਟਸ ਲਈ
• ਆਟੋਮੈਟਿਕ ਟੱਰਕ
ਟੀਮ ਡਰਾਇਵਰਾਂ ਦੀ USA ਲਈ ਡੈਡੀਕੇਟਡ ਰਨ ਲਈ ਲੋੜ ਹੈ
647.456.8520 | 416.904.0715

Action Kitchen & Bath Inc
MANUFACTURE OF FINE CUSTOM KITCHEN AND BATH VANITIES
BUY DIRECT FROM THE FACTORY AND SAVE
ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਉ
SPECIAL DISCOUNT FOR CONTRACTORS
Custom Kitchen & Vanities • Granite Countertops
Complete Kitchen & Bathroom Renovations
3D Computer Design
We will beat any written quote by 10%
Call for FREE In-Home Estimate
905-799-7277 or 1-800-536-2480
Mon - Fri : 9am to 6pm Sat: 11am - 4pm
Sun: APPOINTMENT ONLY
actionkitchen@live.ca
www.actionkitchen.ca
8 Starthern Ave, Unit 1 & 2, Brampton (South of Steeles facing Dixie)

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

# ਵਿਅੰਗ ਮੱਛਰ

-ਖਵਾਜ਼ਾ ਹਸਨ ਨਿਜ਼ਾਮੀ

ਇਹ ਭਿਨਭਿਨਾਉਂਦਾ ਹੋਇਆ ਨਿੱਕਾ ਜਿਹਾ ਜੀਵ ਤੁਹਾਨੂੰ ਬੜਾ ਸਤਾਉਂਦਾ ਹੈ। ਰਾਤ ਦੀ ਨੀਂਦ ਹਰਾਮ ਕਰ ਦਿੰਦਾ ਹੈ। ਹਿੰਦੂ, ਮੁਸਲਿਮ, ਸਿੱਖ, ਇਸਾਈ, ਯਹੂਦੀ ਸਾਰੇ ਇਸ ਤੋਂ ਦੁਖੀ ਨੇ। ਮੱਛਰਾਂ ਦੇ ਮੁਕਾਬਲੇ ਲਈ ਰੋਜ਼ ਮੁਹਿੰਮ ਤਿਆਰ ਕੀਤੀ ਜਾਂਦੀ ਹੈ ਅਤੇ ਜੰਗ ਦੇ ਨਕਸ਼ੇ ਬਣਾਏ ਜਾਂਦੇ ਹਨ, ਪਰ ਇਨ੍ਹਾਂ ਦੇ ਸਾਹਮਣੇ ਕਿਸੇ ਜਰਨੈਲ ਦੀ ਨਹੀਂ ਚੱਲਦੀ। ਹਾਰ ਤੇ ਹਾਰ ਹੁੰਦੀ ਜਾਂਦੀ ਹੈ ਤੇ ਮੱਛਰਾਂ ਦੀ ਫੌਜ ਵਿੱਚ ਵਾਧਾ ਹੁੰਦਾ ਰਹਿੰਦਾ ਹੈ।

ਇੰਨੇ ਵੱਡੇ ਤਾਕਤਵਰ ਸਰੀਰ ਵਾਲਾ ਇਨਸਾਨ ਇਸ ਨਿੱਕੇ ਜਿਹੇ ਜੀਵ ਉੱਤੇ ਕਾਬੂ ਨਹੀਂ ਪਾ ਸਕਦਾ। ਉਹ ਤਰ੍ਹਾਂ ਤਰ੍ਹਾਂ ਦੇ ਮਸਾਲੇ ਵੀ ਬਣਾਉਂਦਾ ਹੈ ਕਿ ਇਨ੍ਹਾਂ ਮਸਾਲਿਆਂ ਦੀ ਬੋਅ ਨਾਲ ਮੱਛਰ ਭੱਜ ਜਾਵੇ, ਪਰ ਮੱਛਰ ਆਪਣੀ ਹਮਲੇ ਦੀ ਆਦਤ ਤੋਂ ਬਾਜ਼ ਨਹੀਂ ਆਉਂਦੇ। ਉਹ ਆਉਂਦੇ ਹਨ ਤਾਂ ਬਿਗੁਲ ਵਜਾਉਂਦੇ ਆਉਂਦੇ ਨੇ, ਨਾਅਰੇ ਲਾਉਂਦੇ ਹੋਏ ਆਉਂਦੇ ਨੇ ਤੇ ਵਿਚਾਰਾ ਆਦਮਜ਼ਾਤ ਹੈਰਾਨ ਰਹਿ ਜਾਂਦਾ ਹੈ। ਉਹ ਮੱਛਰਾਂ ਦਾ ਮੁਕਾਬਲਾ ਨਹੀਂ ਕਰ ਸਕਦਾ।

ਅਮੀਰ ਗਰੀਬ, ਵੱਡੇ ਛੋਟੇ, ਬੱਚੇ ਬੁੱਢੇ, ਔਰਤਾਂ ਮਰਦ ਕੋਈ ਵੀ ਉਸ ਦੇ ਵਾਰ ਤੋਂ ਮਹਿਫੂਜ਼ ਨਹੀਂ। ਇਥੋਂ ਤੱਕ ਕਿ ਆਦਮੀ ਕੋਲ ਰਹਿਣ ਵਾਲੇ ਜਾਨਵਰ ਵੀ ਉਸ ਦੇ ਹੱਥੋਂ ਦੁਖੀ ਨੇ। ਮੱਛਰ ਇਹ ਜਾਣਦਾ ਹੈ ਕਿ ਦੁਸ਼ਮਣ ਦੇ ਦੋਸਤ ਵੀ ਦੁਸ਼ਮਣ ਹੁੰਦੇ ਹਨ। ਜਾਨਵਰਾਂ ਨੇ ਹਮੇਸ਼ਾ ਆਦਮੀ ਦਾ ਪੱਖ ਪੂਰਿਆ ਹੈ, ਇਸ ਲਈ ਇਨ੍ਹਾਂ ਨੂੰ ਮੈਂ ਮਜ਼ਾ ਚਖਾਵਾਂਗਾ।

ਆਦਮੀਆਂ ਨੇ ਮੱਛਰਾਂ ਖਿਲਾਫ ਮੋਰਚਾ ਲਾਉਣ ਦੀ ਕੋਈ ਕਸਰ ਨਹੀਂ ਛੱਡੀ। ਹਰ ਇਨਸਾਨ ਆਪਣੀ ਬੁੱਧੀ ਅਤੇ ਤਰਕ ਦੇ ਆਧਾਰ 'ਤੇ ਮੱਛਰਾਂ ਉਪਰ ਇਲਜ਼ਾਮ ਲਾਉਂਦਾ ਹੈ ਤੇ ਲੋਕਾਂ ਵਿੱਚ ਉਨ੍ਹਾਂ ਪ੍ਰਤੀ ਰੋਸ ਪੈਦਾ ਕਰਦਾ ਹੈ, ਪਰ ਮੱਛਰ ਉਸ ਦੀ ਬਿਲਕੁਲ ਪ੍ਰਵਾਹ ਨਹੀਂ ਕਰਦੇ।

ਮਹਾਂਮਾਰੀ ਨੇ ਗੜਬੜ ਮਚਾਈ ਤਾਂ ਇਨਸਾਨ ਨੇ ਕਿਹਾ ਕਿ ਮੱਛਰ ਹੋਰ ਜਾਨਵਰਾਂ ਰਾਹੀਂ ਬੀਮਾਰੀ ਫੈਲਾਉਂਦਾ ਹੈ ਤੇ ਇਨ੍ਹਾਂ ਨੂੰ ਮਾਰ ਦਿੱਤਾ ਜਾਵੇ ਤਾਂ ਕਿ ਬਿਮਾਰੀ ਦੂਰ ਹੋ ਜਾਵੇ। ਮਲੇਰੀਆ ਫੈਲਿਆ ਤਾਂ ਉਸ ਦਾ ਇਲਜ਼ਾਮ ਵੀ ਮੱਛਰਾਂ ਸਿਰ ਲੱਗਿਆ। ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਕਾਲੇ ਗੋਰੇ ਇਨਸਾਨ ਰੌਲਾ ਪਾਉਣ ਲੱਗੇ ਕਿ ਇਨ੍ਹਾਂ ਮੱਛਰਾਂ ਨੂੰ ਮਾਰ ਦਿੱਤਾ ਜਾਵੇ। ਮੱਛਰਾਂ ਨੂੰ ਕੁਚਲ ਕੇ ਰੱਖ ਦੇਵੋ, ਮੱਛਰਾਂ ਨੂੰ ਤਹਿਸ ਨਹਿਸ ਕਰ ਦੇਵੋ ਅਤੇ ਅਜਿਹੀ ਕਾਢ ਕੱਢੋ ਜਿਸ ਨਾਲ ਮੱਛਰਾਂ ਦੀ ਨਸਲ ਹੀ ਖਤਮ ਹੋ ਜਾਵੇ।

ਮੱਛਰ ਇਹ ਸਭ ਗੱਲਾਂ ਦੇਖ ਤੇ ਸੁਣ ਰਿਹਾ ਸੀ। ਰਾਤ ਨੂੰ ਡਾਕਟਰ ਸਾਹਿਬ ਦੇ ਮੇਜ਼ ਉਪਰ ਰੱਖੇ ਹੋਏ ਪਨੀਰ ਨੂੰ ਦੇਖਦਾ ਹੈ ਤੇ ਆਪਣੀ ਬੁਰਿਆਈ ਦੇ ਰੋਸ ਵਿੱਚ ਖੂਨ ਦੀਆਂ ਛੋਟੀਆਂ ਛੋਟੀਆਂ ਬੂੰਦਾਂ ਇਸ ਪਨੀਰ 'ਤੇ ਸੁੱਟ ਜਾਂਦਾ ਹੈ, ਜੋ ਇਨਸਾਨ ਦੇ ਜਿਸਮ ਵਿੱਚੋਂ ਜਾਂ ਖੁਦ ਡਾਕਟਰ ਸਾਹਿਬ ਦੇ ਸਰੀਰ ਵਿੱਚੋਂ ਚੂਸ ਕੇ ਲਿਆਇਆ ਸੀ। ਫਿਰ ਇਨਸਾਨ ਦੀਆਂ ਉਨ੍ਹਾਂ ਲਿਖਤਾਂ 'ਤੇ ਆਪਣੇ ਫਾਇਦੇ ਦਾ ਕੋਈ ਮੁਹਾਵਰਾ ਲਿਖ ਜਾਂਦਾ ਹੈ ਕਿ ਮੀਆਂ! ਤੂੰ ਮੇਰਾ ਕੁਝ ਨਹੀਂ ਕਰ ਸਕਦਾ।

ਇਨਸਾਨ ਕਹਿੰਦਾ ਹੈ ਕਿ ਮੱਛਰ ਬੜਾ ਕਮਜ਼ਾਤ ਹੈ। ਕੂੜੇ ਕਰਕਟ, ਮੈਚ ਕੁਚੇਲ ਤੋਂ ਪੈਦਾ ਹੁੰਦਾ ਹੈ ਤੇ ਗੰਦੀਆਂ ਮੋਰੀਆਂ ਵਿੱਚ ਜ਼ਿੰਦਗੀ ਗੁਜ਼ਾਰਦਾ ਹੈ। ਇਸ ਦੀ ਬੁਜ਼ਦਿਲੀ ਤਾਂ ਦੇਖੋ, ਉਸ ਸਮੇ ਹਮਲਾ ਕਰਦਾ ਹੈ, ਜਦੋਂ ਅਸੀਂ ਸੁੱਤੇ ਹੁੰਦੇ ਹਾਂ। ਸੁੱਤੇ ਬੰਦੇ 'ਤੇ ਵਾਰ ਕਰਨਾ ਮਰਦਾਨਗੀ ਨਹੀਂ, ਹੱਦ ਦਰਜੇ ਦੀ ਕਮੀਨਗੀ ਹੈ। ਸ਼ਕਲ ਵੇਖੋ ਕਾਲਾ ਭੂਤਨਾ, ਲੰਬੇ ਲੰਬੇ ਪੈਰ, ਬੇਡੋਲ ਚਿਹਰਾ, ਇਸ ਸ਼ਾਨੋ ਸ਼ੌਕਤ ਦਾ ਵਜੂਦ, ਪਰ ਇਸ ਦੇ ਉਲਟ ਆਦਮਜ਼ਾਤ ਗੋਰੀ, ਚਿੱਟੀ ਅਤੇ ਖੁਸ਼ਦਿਲ ਹੈ। ਪਿਆਰੀ ਅਦਾ ਦੇ ਆਦਮੀ ਨਾਲ ਦੁਸ਼ਮਣੀ, ਬੇਅਕਲੀ ਤੇ ਮੂਰਖਤਾ ਇਸੇ ਨੂੰ ਕਹਿੰਦੇ ਹਨ।

ਮੱਛਰ ਦੀ ਸੁਣੋ ਤਾਂ ਉਹ ਆਦਮੀ ਨੂੰ ਖਰੀਆਂ ਖਰੀਆਂ ਸੁਣਾਉਂਦਾ ਹੈ ਅਤੇ ਕਹਿੰਦਾ ਹੈ ਕਿ ਜਨਾਬ ਹਿੰਮਤ ਹੈ ਤਾਂ ਮੁਕਾਬਲਾ ਕਰੋ। ਜਾਤ ਪਾਤ ਨਾ ਵੇਖੋ। ਮੈਂ ਕਾਲਾ, ਬਦਸੂਰਤ, ਨੀਚ ਜਾਤ ਤੇ ਕਮੀਨਾ ਸਹੀ, ਪਰ ਇਹ ਵੀ ਦੱਸੋ ਕਿ ਕਿਸ ਦਲੇਰੀ ਨਾਲ ਤੁਹਾਡਾ ਮੁਕਾਬਲਾ ਕਰਦਾ ਹਾਂ, ਕਿਵੇਂ ਤੁਹਾਡੇ ਨੱਕ ਵਿੱਚ ਦਮ ਕਰਦਾ ਹਾਂ। ਇਹ ਇਲਜ਼ਾਮ ਬਿਲਕੁਲ ਝੂਠਾ ਹੈ ਕਿ ਮੈਂ ਬੇਖਬਰੀ ਵਿੱਚ ਆਉਂਦਾ ਤੇ ਸੁੱਤਿਆਂ ਨੂੰ ਸਤਾਉਂਦਾ ਹਾਂ। ਇਹ ਤੁਸੀਂ ਆਪਣੀ ਆਦਤ ਮੁਤਾਬਕ ਸਰਾਸਰ ਨਾ ਇਨਸਾਫੀ ਕਰਦੇ ਹੋ। ਜਨਾਬ, ਮੈਂ ਕੰਨ ਕੋਲ ਆ ਕੇ ਚਿਤਾਵਨੀ ਦੇਂਦਾ ਹਾਂ ਕਿ ਹੁਸ਼ਿਆਰ ਹੋ ਜਾਓ, ਹਮਲਾ ਹੋਵੇਗਾ। ਤੁਸੀਂ ਹੀ ਗਾਫਿਲ ਰਹੋ ਤਾਂ ਇਸ ਵਿੱਚ ਮੇਰਾ ਕੀ ਕਸੂਰ? ਜ਼ਮਾਨਾ ਇਹ ਫੈਸਲਾ ਖੁਦ ਕਰ ਦੇਵੇਗਾ ਕਿ ਮੈਦਾਨ ਏ ਜੰਗ ਵਿੱਚੋਂ ਕਾਲਾ ਭੂਤਨਾ, ਲੰਬੇ ਲੰਬੇ ਪੈਰਾਂ ਵਾਲਾ, ਬੇਡੋਲ ਫਤਹਿ ਪ੍ਰਾਪਤ ਕਰੇਗਾ ਜਾਂ ਗੋਰਾ, ਚਿੱਟਾ, ਇੱਜ਼ਤਦਾਰ।

ਮੇਰੇ ਕਾਰਨਾਮਿਆਂ ਦੀ ਸ਼ਾਇਦ ਤੁਹਾਨੂੰ ਖਬਰ ਨਹੀਂ ਹੈ ਕਿ ਮੈਂ ਪਰਦਾ ਏ ਦੁਨੀਆ 'ਤੇ ਕੀ ਕੀ ਜੌਹਰ ਦਿਖਾਏ ਨੇ। ਆਪਣੇ ਭਾਈ ਨਮਰੂਦ ਦਾ ਕਿੱਸਾ ਭੁੱਲ ਗਏ, ਜੋ ਰੱਬ ਹੋਣ ਦਾ ਦਾਅਵਾ ਕਰਦਾ ਰਿਹਾ ਅਤੇ ਆਪਣੇ ਸਾਹਮਣੇ ਕਿਸੇ ਦੀ ਹਕੀਕਤ ਨਹੀਂ ਸਮਝਦਾ ਸੀ। ਕਿਸ ਨੇ ਉਸ ਦਾ ਗਰੂਰ ਤੋੜਿਆ? ਕਿਸ ਨੇ ਉਸ 'ਤੇ ਫਤਹਿ ਪ੍ਰਾਪਤ ਕੀਤੀ? ਕਿਸ ਦੇ ਕਰ ਕੇ ਉਸ ਦੀ ਖੁਦਾਈ ਖ਼ਾਕ ਵਿੱਚ ਮਿਲੀ? ਜੇ ਤੁਸੀਂ ਇਹ ਬਾਰੇ ਨਹੀਂ ਜਾਣਦੇ ਤਾਂ ਆਪਣੇ ਕਿਸੇ ਭਰਾ ਤੋਂ ਪੁੱਛੋ ਕਿ ਤੁਹਾਨੂੰ ਇਸ ਬਾਰੇ ਦੱਸੇ ਜਾਂ ਮੇਰੇ ਤੋਂ ਸੁਣੇ ਕਿ ਮੇਰੇ ਹੀ ਇੱਕ ਭਰਾ 'ਮੱਛਰਾ' ਨੇ ਉਸ ਜ਼ਾਲਿਮ (ਨਮਰੂਦ) ਦਾ ਖਾਤਮਾ ਕੀਤਾ ਸੀ।

ਤੁਸੀਂ ਐਵੇਂ ਮੇਰੇ ਨਾਲ ਵਿਗੜਦੇ ਹੋ ਤੇ ਖਾਹ ਮਖਾਹ ਆਪਣਾ ਦੁਸ਼ਮਣ ਮੰਨੀ ਬੈਠੇ ਹੋ। ਮੈਂ ਤੁਹਾਡਾ ਦੁਸ਼ਮਣ ਨਹੀਂ। ਜੇ ਤੁਹਾਨੂੰ ਯਕੀਨ ਨਾ ਆਵੇ ਤਾਂ ਆਪਣੀ ਕਿਸੇ ਸੂਫੀ ਭਰਾ ਤੋਂ ਪਤਾ ਕਰ ਲਓ ਤੇ ਵੇਖੋ ਉਹ ਮੇਰੀ ਸ਼ਾਨ ਵਿੱਚ ਕੀ ਕਹੇਗਾ। ਕੱਲ੍ਹ ਇੱਕ ਸੂਫੀ ਭਰਾ ਭਗਤੀ ਦੌਰਾਨ ਆਪਣੇ ਇੱਕ ਮੁਰੀਦ ਨੂੰ ਫਰਮਾ ਰਹੇ ਸੀ ਕਿ ਮੈਂ ਮੱਛਰ ਦੀ ਜ਼ਿੰਦਗੀ ਨੂੰ ਦਿਲ ਤੋਂ ਪਸੰਦ ਕਰਦਾ ਹਾਂ। ਦਿਨ ਭਰ ਵਿਚਾਰਾ ਤਨਹਾ ਵਿੱਚ ਬੈਠਾ ਰਹਿੰਦਾ ਹੈ। ਰਾਤ ਨੂੰ, ਜੋ ਪ੍ਰਮਾਤਮਾ ਦੀ ਯਾਦ ਦਾ ਸਮਾਂ ਹੁੰਦਾ ਏ, ਬਾਹਰ ਨਿਕਲਦਾ ਤੇ ਫਿਰ ਸਾਰੀ ਰਾਤ ਰੱਬ ਦੀ ਇਬਾਦਤ ਦੇ ਤਰਾਨੇ ਗਾਉਂਦਾ ਰਹਿੰਦਾ ਹੈ। ਇਨਸਾਨ ਬੇਫਿਕਰੀ ਵਿੱਚ ਸੁੱਤੇ ਰਹਿੰਦੇ ਨੇ, ਮੱਛਰ ਨੂੰ ਉਨ੍ਹਾਂ 'ਤੇ ਬਹੁਤ ਗੁੱਸਾ ਆਉਂਦਾ ਹੈ। ਮੱਛਰ ਚਾਹੁੰਦਾ ਹੈ ਕਿ ਉਹ ਵੀ ਆਪਣੇ ਮਾਲਕ ਦੇ ਦਿੱਤੇ ਇਸ ਅਣਮੁੱਲੇ, ਖਾਮੋਸ਼ ਵਕਤ ਦੀ ਕਦਰ ਕਰੇ ਤੇ ਰੱਬੀ ਸ਼ੁਕਰਾਨੇ ਦੇ ਗੀਤ ਗਾਵੇ। ਇਸ ਲਈ ਮੱਛਰ ਪਹਿਲਾਂ ਉਨ੍ਹਾਂ ਦੇ ਕੰਨ ਕੋਲ ਜਾ ਕੇ ਕਹਿੰਦਾ ਹੈ ਕਿ ਉਠੋ ਮੀਆਂ! ਉਠੋ ਜਾਗੋ, ਜਾਗਣ ਦਾ ਸਮਾਂ ਹੈ। ਸੌਣ ਦਾ ਤੇ ਹਮੇਸ਼ਾ ਲਈ ਸੌਣ ਦਾ ਸਮਾਂ ਅਜੇ ਨਹੀਂ ਆਇਆ। ਜਦੋਂ ਆਏਗਾ ਤਾਂ ਬੇਫਿਕਰ ਹੋ ਕੇ ਸੌਂ ਜਾਵੀਂ। ਹਾਲੇ ਤਾਂ ਹੁਸ਼ਿਆਰ ਰਹਿਣ ਤੇ ਕੁਝ ਕੰਮ ਕਰਨ ਦਾ ਮੌਕਾ ਹੈ, ਪਰ ਇਨਸਾਨ ਉਸ ਦੀ ਸੁਰੀਲੀ ਨਸੀਹਤ ਦੀ ਪ੍ਰਵਾਹ ਨਹੀਂ ਕਰਦਾ ਅਤੇ ਸੁੱਤਾ ਰਹਿੰਦਾ ਹੈ ਤਾਂ ਮਜਬੂਰ ਹੋ ਕੇ ਮੱਛਰ ਗੁੱਸੇ ਵਿੱਚ ਆ ਕੇ ਇਨਸਾਨ ਦੇ ਚਿਹਰੇ, ਹੱਥਾਂ ਤੇ ਪੈਰਾਂ 'ਤੇ ਵੱਢਦਾ ਹੈ। ਬੇਫਿਕਰ ਇਨਸਾਨ ਅੱਖਾਂ ਬੰਦ ਕਰ ਕੇ ਹੱਥ ਪੈਰ ਮਾਰਦਾ ਲਹਿੰਦਾ ਤੇ ਬੇਹੋਸ਼ੀ ਦੀ ਹਾਲਤ ਵਿੱਚ ਸਰੀਰ ਨੂੰ ਖੁਰਕਦਾ ਹੋਇਆ ਫਿਰ ਸੌਂ ਜਾਂਦਾ ਹੈ। ਦਿਨੇ ਜਾਗਦਾ ਹੈ ਤਾਂ ਮੱਛਰ ਨੂੰ ਗਾਲ੍ਹਾਂ ਕੱਢਦਾ ਕਿ ਰਾਤ ਭਰ ਸੌਣ ਨਹੀਂ ਦਿੱਤਾ। ਕੋਈ ਉਸ ਨੂੰ ਝੂਠੇ ਇਨਸਾਨ ਤੋਂ ਪੁੱਛੇ ਕਿ ਜਨਾਬੇ ਆਲੀ ! ਕਿੰਨੇ ਘੰਟੇ ਜਾਗਿਆ ਸੀ? ਜੋ ਸਾਰੀ ਰਾਤ ਜਾਗਦੇ ਰਹਿਣ ਦਾ ਸ਼ਿਕਵਾ ਕਰ ਰਿਹਾ ਏਂ। ਸ਼ਾਹ ਸਾਹਿਬ (ਸੂਫੀ) ਦੀ ਜ਼ੁਬਾਨ ਤੋਂ ਨੇਕੀ ਭਰੇ ਬੋਲ ਸੁਣ ਕੇ ਮੇਰੇ ਦਿਲ ਨੂੰ ਤਸੱਲੀ ਹੰਦੀ ਹੈ ਕਿ ਸ਼ੁਕਰ ਰੱਬ ਦਾ ਕਿਤੇ ਤਾਂ ਇਨਸਾਫ ਕਰਨ ਵਾਲੇ ਲੋਕ ਹੈਗੇ ਨੇ। ਮੈਂ ਦਿਲ ਹੀ ਦਿਲ ਵਿੱਚ ਸ਼ਰਮਾਇਆ ਕਿ ਕਦੇ ਕਦੇ ਅਜਿਹਾ ਹੋ ਜਾਂਦਾ ਹੈ ਜਦੋਂ ਸ਼ਾਹ ਸਾਹਿਬ ਆਪਣੇ ਮੁਸੱਲੇ 'ਤੇ ਬੈਠ ਕੇ ਨਮਾਜ਼ ਪੜ੍ਹ ਰਹੇ ਹੁਦੇ ਹਨ, ਉਦੋਂ ਮੈਂ ਉਨ੍ਹਾਂ ਦੇ ਪੈਰਾਂ ਦਾ ਖੂਨ ਪੀ ਰਿਹਾ ਹੁੰਦਾ ਹਾਂ। ਉਹ ਮੇਰੇ ਬਾਰੇ ਏਨੇ ਵਧੀਆ ਵਿਚਾਰ ਦੇਣ ਤੇ ਮੈਂ ਉਨ੍ਹਾਂ ਨੂੰ ਤਕਲੀਫ ਦੇਵਾਂ। ਮੇਰੇ ਦਿਲ ਨੇ ਇਹੀ ਸਮਝਾਇਆ ਕਿ ਤੂੰ ਵੱਢਦਾ ਥੋੜ੍ਹਾ ਏਂ, ਤੂੰ ਸ਼ਾਹ ਸਾਹਿਬ ਦੇ ਕਦਮਾਂ ਨੂੰ ਚੁੰਮਦਾ ਏ, ਉਨ੍ਹਾਂ ਬਜ਼ੁਰਗਾਂ ਦੇ ਪੈਰ ਚੁੰਮੇ ਜਾਂਦੇ ਹਨ, ਜੋ ਕਾਬਿਲ ਹੋਣ। ਅਸਲ ਵਿੱਚ ਇਸ ਨਾਲ ਵੀ ਮੇਰੀ ਸ਼ਰਮਿੰਦਗੀ ਦੂਰ ਨਹੀਂ ਹੁੰਦੀ ਤੇ ਮੇਰੇ ਦਿਲ ਵਿੱਚ ਇਸ ਦਾ ਅਫਸੋਸ ਬਾਕੀ ਹੈ।

ਸੋ ਜੇ ਇਨਸਾਨ ਅਜਿਹਾ ਤਰੀਕਾ ਅਪਣਾ ਲਵੇ, ਜਿਵੇਂ ਦਾ ਸੂਫੀ ਸਾਹਿਬ ਨੇ ਅਪਣਾਇਆ ਤਾਂ ਯਕੀਨ ਮੰਨੋ ਸਾਡੀ ਕੌਮ ਆਪਣੇ ਆਪ, ਇਨਸਾਨਾਂ ਨੂੰ ਸਤਾਉਣ ਤੋਂ ਬਾਜ਼ ਆ ਜਾਵੇਗੀ। ਨਹੀਂ ਤਾਂ ਯਾਦ ਰੱਖਣਾ ਮੇਰਾ ਨਾਂਅ ਮੱਛਰ ਹੈ। ਮਜ਼ੇ ਨਾਲ ਜਿਊਣ ਨਹੀਂ ਦੇਵਾਂਗਾ ਤੇ ਦੱਸ ਦੇਵਾਂਗਾ ਕਿ ਕਮੀਨੀ ਤੇ ਨੀਚ ਜਾਤ, ਅੱਵਲ ਦਰਜੇ ਦੀ ਜਾਤ ਵਾਲਿਆਂ ਨੂੰ ਕਿਵੇਂ ਪ੍ਰੇਸ਼ਾਨ ਤੇ ਬੇਚੈਨ ਕਰ ਸਕਦੀ ਹੈ।

# ਪਰਵਾਸ ਜਰਨਾ ਤੇ ਜਿਊਣਾ ਸਹਿਜ ਨਹੀਂ

-ਪ੍ਰੋਫੈਸਰ ਕੁਲਵੰਤ ਸਿੰਘ ਔਜਲਾ-

ਪਰਵਾਸ ਦੁਨਿਆਵੀ ਲੋੜਾਂ, ਲਾਲਚਾਂ, ਲਾਲਸਾਵਾਂ ਤੇ ਲੱਭਤਾਂ ਦੀ ਭਾਲ ਤੇ ਭਟਕਣ ਦਾ ਪ੍ਰਤੀਫਲ ਹੈ। ਇਹ ਖਬਤੀ, ਖੁਆਬਸ਼ੀਲ ਤੇ ਖਤਰਨਾਕ ਹੁੰਦਾ ਹੈ। ਇਹ ਮਿੱਟੀਆਂ ਦੇ ਮੋਹਹੀਣ, ਸੰਘਰਸ਼ ਦੇ ਸਾਹਹੀਣ ਤੇ ਸੰਵੇਦਨਾ ਦੇ ਸੁਰਹੀਣ ਹੋਣ ਦੀਆਂ ਮਜਬੂਰੀਆਂ ਤੇ ਮਹਾਂਮਾਰੀਆਂ ਤੋਂ ਪੈਦਾ ਹੁੰਦਾ ਹੈ। ਪਰਵਾਸ ਜੜ੍ਹਾਂ, ਜ਼ਿੰਦਗੀਆਂ ਤੇ ਜਵਾਨੀਆਂ ਦੇ ਖੋਖਲੇ ਹੋ ਜਾਣ ਦਾ ਵਿਵੇਕ ਤੇ ਵੈਰਾਗ ਹੈ। ਇਹ ਵਸੀਲਿਆਂ, ਵਿਚਾਰਾਂ ਤੇ ਵਿਚਾਰਧਾਰਾਵਾਂ ਦੇ ਸੰਕਟ, ਸੰਤਾਪ ਤੇ ਸੀਮਿਤ ਹੋ ਜਾਣ ਦੀ ਵੇਦਨਾ ਤੇ ਵਿਥਿਆ ਹੈ। ਪਰਵਾਸ ਬਿਹਤਰੀ ਦਾ ਬਦਲ ਹੈ। ਪਰਵਾਸ ਜਰਨਾ ਤੇ ਜਿਊਣਾ ਸਰਲ ਤੇ ਸਹਿਜ ਨਹੀਂ। ਇਹ ਨਿਜ਼ਾਮ ਦੀ ਮਾੜੀ ਨੀਤ ਤੇ ਮਾਰੂ ਨੀਤੀਆਂ ਦੀ ਦਰਦਨਾਕ ਦਾਰਸ਼ਨਿਕਤਾ ਹੈ। ਕਮਾਉਣ ਲਈ ਸਹੇੜੇ ਪਰਵਾਸ ਨਾਲ ਬਹੁਤ ਕੁਝ ਗੁਆਉਣਾ ਪੈਂਦਾ ਹੈ। ਪੰਜਾਬੀਆਂ ਨੂੰ ਪਰਵਾਸ ਨਾਲ ਖੂਬ ਪਿਆਰ ਹੈ। ਇਹ ਕਮਾਉਣ ਦੀ ਗੱਲ ਪਹਿਲਾਂ ਸੋਚਦੇ ਨੇ ਅਤੇ ਜਦੋਂ ਬਹੁਤ ਕੁਝ ਗੁਆਚ ਜਾਂਦਾ ਹੈ, ਫਿਰ ਝੂਰਦੇ ਹਨ। ਫੋਕੀਆਂ ਤੇ ਫਿੱਕੀਆਂ ਵਡਿਆਈਆਂ ਪੰਜਾਬੀਆਂ ਦੀ ਖੁਰਾਕ ਹੈ। ਪੰਜਾਬ ਇਸ ਵੇਲੇ ਬੌਧਿਕ, ਰਾਜਨੀਤਕ, ਸਮਾਜਕ ਤੇ ਸਭਿਆਚਾਰਕ ਕੰਗਾਲੀ ਭੋਗ ਰਿਹਾ ਹੈ। ਪੰਜਾਬੀ ਮਨ ਇਸ ਮਾਹੌਲ ਤੋਂ ਤੰਗ ਆ ਗਿਆ ਹੈ। ਇਸ ਲਈ ਹਰ ਪੰਜਾਬੀ ਵਿਦੇਸ਼ ਜਾਣ ਲਈ ਉਤਾਵਲਾ ਤੇ ਉਤੇਜਿਤ ਹੈ। ਪੰਜਾਬੀ ਲੋਕ ਹਰ ਹੀਲੇ ਪਰਵਾਸ ਮੁੱਲ ਲੈਣ ਨੂੰ ਕਾਹਲੇ ਹਨ। ਪੰਜਾਬ ਅੱਜ ਪੰਜਾਬੀਆਂ ਨੂੰ ਚੰਗਾ ਲੱਗਣੋਂ ਹਟ ਗਿਆ ਹੈ। ਹਰ ਦੂਜਾ ਬੰਦਾ ਪਰਵਾਸ ਦੀਆਂ ਸਹੂਲਤਾਂ, ਪ੍ਰਬੰਧ ਤੇ ਸੁਤੰਤਰਤਾ ਦੇ ਗੁਣ ਗਾਉਂਦਾ ਨਜ਼ਰ ਆਉਂਦਾ ਹੈ। ਮੇਰਾ ਇੱਕ ਮਰਹੂਮ ਮਿੱਤਰ ਕਹਿੰਦਾ ਹੁੰਦਾ ਸੀ ਕਿ ਪੰਜਾਬੀਆਂ ਨੇ ਆਉਣ ਵਾਲੇ ਸਮੇਂ ਵਿਚ ਆਪਣੇ ਮੱਖਣਾਂ ਨਾਲ ਪਾਲੇ ਪੁੱਤਰ ਧੀਆਂ ਵਿਦੇਸ਼ ਭੇਜ ਦੇਣੇ ਹਨ। ਕੀ ਪੰਜਾਬ ਏਨਾ ਨਿਰਲੱਜ ਤੇ ਨਿਹੁੰ-ਹੀਣ ਹੋ ਗਿਆ? ਕੀ ਪੰਜਾਬ ਕੋਲ ਕੋਈ ਹਰਿਆ ਬੂਟ ਬਚਿਆ ਹੀ ਨਹੀਂ?

ਪਿੱਛੇ ਜਿਹੇ ਯੂਨੀਵਰਸਿਟੀ ਪੜ੍ਹਦੇ ਮੇਰੇ ਦੋ ਭਤੀਜੇ ਵੈਨਕੂਵਰ ਤੋਂ ਪਰਦੇਸੀ ਪੰਜਾਬ ਨੂੰ ਮਿਲਣ ਆਏ। ਵੱਡੇ ਵੱਡੇ ਦੋ ਘਰ, ਪਰ ਘਰਾਂ ਵਿੱਚ ਜੀਅ ਇੱਕ ਵੀ ਨਹੀਂ। ਜ਼ਮੀਨ, ਇਮਾਰਤਾਂ ਤੇ ਰੇਤ ਹੋ ਰਹੇ ਰਿਸ਼ਤਿਆਂ ਨੂੰ ਮਿਲ-ਮਿਲਾ ਕੇ ਚਲੇ ਗਏ। ਮੈਂ ਸਵਾਲ ਕੀਤਾ, ਜੇ ਕੈਨੇਡਾ ਵਿੱਚ ਸਭ ਕੁਝ ਹੈ ਤਾਂ ਤੁਸੀਂ ਲੋਕ ਪੰਜਾਬ ਕੀ ਲੱਭਣ ਆਉਂਦੇ ਹੋ? ਉਨ੍ਹਾਂ ਕੋਲ ਇਸ ਸਵਾਲ ਦਾ ਕੋਈ ਜਵਾਬ ਨਹੀਂ ਸੀ, ਪਰ ਉਨ੍ਹਾਂ ਏਨਾ ਜ਼ਰੂਰ ਦੱਸਿਆ ਕਿ ਕੈਨੇਡਾ ਵਿੱਚ ਨਸ਼ੇ ਤੇ ਗੈਂਗਵਾਦ ਪੰਜਾਬ ਤੋਂ ਵੱਧ ਹੈ। ਉਥੇ ਦੀ ਜਵਾਨੀ ਨੂੰ ਪੱਛਮੀ ਤਰਜ ਦੀਆਂ ਤਰਜੀਹਾਂ ਅਤੇ ਤਰਬਾਂ ਨੇ ਬੁਰੀ ਤਰ੍ਹਾਂ ਗ੍ਰਸ ਲਿਆ ਹੈ। ਰਿਸ਼ਤੇ ਜਿਸਮਾਨੀ ਖੇਡ ਤੇ ਖੁੱਲ੍ਹ ਦੇ ਗੁਲਾਮ ਹੋ ਗਏ ਹਨ। ਵਿਰਲੇ ਘਰਾਂ ਵਿੱਚ ਘਰੇਲੂ ਤੇ ਘਰ ਵਾਲਾ ਮਾਹੌਲ ਹੈ। ਰੁਟੀਨ ਦੇ ਬੰਧਨ ਤੇ ਡਾਲਰਾਂ ਦੀ ਬੰਦਗੀ ਨੇ ਸੁਫਨਿਆਂ ਵਰਗਾ ਕੁਝ ਰਹਿਣ ਨਹੀਂ ਦਿੱਤਾ। ਮਾਵਾਂ ਰੋਟੀ ਬਣਾਉਣ ਤੋਂ ਅਤੇ ਬੱਚੇ ਵਿਆਹ ਕਰਵਾਉਣ ਤੋਂ ਮੁਨਕਰ ਹੋ ਰਹੇ ਹਨ। ਪਰਵਾਸ ਦੀ ਕੈਦ ਤੇ ਕੰਗਾਲੀ ਏਨੀ ਜ਼ਬਰਦਸਤ ਤੇ ਜ਼ਾਲਮ ਹੈ ਕਿ ਉਹ ਪੰਜਾਬ ਆਉਣ ਲਈ ਬੰਦੇ ਨੂੰ ਫੁਰਸਤ ਹੀ ਨਹੀਂ ਦਿੰਦੀ। ਮੇਰਾ ਇੱਕ ਰਿਸ਼ਤੇਦਾਰ ਪੰਦਰਾਂ ਸਾਲ ਤੋਂ ਪਿੰਡ ਨਹੀਂ ਆਇਆ। ਮੋਬਾਈਲ, ਫੇਸਬੁਕ ਤੇ ਵਟਸਐਪ ਦੇ ਸਹਾਰੇ ਦਿਲ ਦੀਆਂ ਬਾਤਾਂ ਪਾਈਆਂ ਜਾਂਦੀਆਂ ਹਨ। ਕੀ ਇਕੱਲ ਭੋਗਦੇ ਬਾਪੂ ਜਾਂ ਹਸਪਤਾਲ ਵਿੱਚ ਮੌਤ ਦੀ ਲੜਾਈ ਲੜਦੀ ਮਾਂ ਦਾ ਦਰਦ ਇਨ੍ਹਾਂ ਸੰਦਾਂ ਨਾਲ ਮਹਿਸੂਸ ਕੀਤਾ ਜਾ ਸਕਦਾ ਹੈ? ਪਰਵਾਸ ਪੰਜਾਬੀਆਂ ਲਈ ਸੁਰੱਖਿਅਤ ਜ਼ੋਨ ਹੈ। ਗੁਰਬਾਣੀ ਦੀ ਮੱਤ ਤੋਂ ਨਾਨਕ ਨਾਮ-ਲੇਵਾ ਬੜੇ ਉਚੇ ਹੋ ਗਏ ਹਨ। ਧਾਰਮਿਕ ਰਹਿਬਰਾਂ, ਨੇਤਾਵਾਂ, ਬੁੱਧੀਜੀਵੀਆਂ, ਕਾਮਰੇਡਾਂ ਤੇ ਕਵੀਆਂ ਨੇ ਆਪੋ ਆਪਣੇ ਬੱਚੇ ਵਿਦੇਸ਼ ਦੇ ਸੁਰੱਖਿਅਤ ਜ਼ੋਨ ਵਿੱਚ ਭੇਜ ਕੇ ਇਥੋਂ ਦੇ ਬੇਅਸਰ, ਬਦ-ਇਖਲਾਕ, ਬੇਈਮਾਨ ਤੇ ਬੇਅਦਬ ਨਿਜ਼ਾਮ ਦੀ ਨਿੰਦਿਆ ਤੇ ਨਿਸ਼ਾਨਦੇਹੀ ਕਰਨ ਦਾ ਧੰਦਾ ਤੇ ਧਰਮ ਅਪਣਾਇਆ ਹੋਇਆ ਹੈ। ਵਿਦੇਸ਼ ਵਿੱਚ ਥੋੜ੍ਹੇ-ਮੋਟੇ ਜੋ ਰੱਜੇ ਪੁੱਜੇ ਹਨ, ਉਨ੍ਹਾਂ ਨੇ ਢਾਈ-ਆਬੇ ਪੰਜਾਬ ਦੀ ਥਾਂ ਇੱਕ ਕਲਪਿਤ ਪੰਜਾਬ ਦਾ ਨਕਸ਼ਾ ਤੇ ਨਾਅਰਾ ਬੁਲੰਦ ਕੀਤਾ ਪਿਆ ਹੈ। ਅਜਿਹੇ ਅਸੰਤੁਸ਼ਟ ਤੇ ਅਤਿ-ਉਤਸ਼ਾਹੀ ਲੋਕਾਂ ਦਾ ਇੱਕ ਨੁਮਾਇੰਦਾ ਪੰਜਾਬ ਦੇ ਇੱਕ ਸੈਮੀਨਾਰ ਵਿੱਚ ਕਹਿਣ ਲੱਗਾ, "ਅਸੀਂ ਸਾਰੇ ਪੰਜਾਬ ਨੂੰ ਕੈਨੇਡਾ ਲੈ ਜਾਣਾ ਹੈ।" ਮੈਂ ਪੁੱਛਿਆ, ਇਹ ਕਿਵੇਂ ਹੋਵੇਗਾ। ਉਸ ਆਖਿਆ, ਜਦ ਪੰਜਾਬ ਬੰਜਰ ਹੋ ਜਾਏਗਾ ਤਾਂ ਇਥੇ ਰਹਿਣ ਲਈ ਬਚੇਗਾ ਹੀ ਕੀ? ਇਥੋਂ ਦੇ ਸਿਆਸਤਦਾਨਾਂ, ਸ਼ੋਹਦਿਆਂ, ਸੱਤਾਧਾਰੀਆਂ ਤੇ ਸਰਮਾਏਦਾਰਾਂ ਨੇ ਪੰਜਾਬ ਨੂੰ ਰਹਿਣਯੋਗ ਰਹਿਣ ਨਹੀਂ ਦੇਣਾ।

ਅਜਿਹੇ ਸਵਾਲਾਂ ਨਾਲ ਸੰਵਾਦ ਕਰਿਦਆਂ ਮੈਂ ਇੱਕ ਵੇਰ ਲਿਖਿਆ ਸੀ :

ਕੋਈ ਗੁਰੂ ਵੰਨਾ, ਕੋਈ ਹੀਰ ਵੰਨਾ
ਪੰਜਾਬ ਭਾਲਦਾ
ਕਿਸ ਨੂੰ ਸੁਣਾਈਏ ਦਰਦ ਮੁਰੀਦਾਂ ਦੇ
ਹਾਲ ਦਾ
ਸੀਸ ਤਲੀ 'ਤੇ ਧਰਨ ਵਾਲੇ ਸੱਤਾਧਾਰੀ
ਹੋ ਗਏ
ਰੰਗ ਫਿੱਕਾ ਪੈ ਗਿਆ ਗਦਰੀ ਮਸ਼ਾਲ
ਦਾ।

ਪਰਵਾਸੀ ਪੰਜਾਬੀਆਂ ਨੇ ਬਹੁਤ ਤਰੱਕੀਆਂ ਕੀਤੀਆਂ ਹਨ। ਰੱਜ ਕੇ ਪੈਸਾ ਕਮਾਇਆ ਅਤੇ ਇਸ ਪੈਸੇ ਦੇ ਬਲਬੂਤੇ ਇਧਰਲੇ ਪੰਜਾਬ ਨੂੰ ਵਿਗਾੜਨ ਵਿੱਚ ਵੱਡਾ ਰੋਲ ਅਦਾ ਕੀਤਾ। ਪਰਵਾਸੀਆਂ ਦੀ ਟੌਹਰ ਅਤੇ ਟੁਣਕਾਰ ਨੇ ਪੰਜਾਬ ਨੂੰ ਭਰਮਾਇਆ ਤੇ ਵਰਗਲਾਇਆ। ਵੱਡੀਆਂ ਕਾਰਾਂ, ਸੁੰਦਰ ਕੱਪੜੇ, ਗਹਿਣੇ, ਸ਼ੋਪਿੰਗ ਤੇ ਸ਼ੋਹਰਤ। ਪਰਵਾਸੀ ਲੋਕਾਂ ਨੇ ਮੈਰਿਜ ਪੈਲੇਸਾਂ, ਮਾਲਜ਼ ਤੇ ਪਾਰਲਰਾਂ ਦਾ ਰਿਵਾਜ ਪ੍ਰਚੱਲਿਤ ਕੀਤਾ। ਪੰਜਾਬ ਇਨ੍ਹਾਂ ਰਿਵਾਜਾਂ ਤੇ ਰੀਸਾਂ ਨਾਲ ਕਰਜ਼ਾਈ ਹੋ ਗਿਆ। ਨਸ਼ਿਆਂ ਦਾ ਛੇਵਾਂ ਦਰਿਆ ਤੇ ਖੁਦਕੁਸ਼ੀਆਂ ਪੰਜਾਬ ਦਾ ਹਸ਼ਰ ਤੇ ਹਾਸਲ ਬਣੀਆਂ। ਵਿਗੜੇ, ਵਿਚਲਿਤ ਤੇ ਵਿਚਾਰੇ ਪੰਜਾਬ ਕੋਲ ਆਖਰੀ ਬਦਲ ਤੇ ਬਾਦਸ਼ਾਹਤ ਸ਼ਾਇਦ ਪਰਵਾਸ ਹੀ ਬਚੀ ਹੈ :

ਮੇਰੇ ਪਿੰਡ 'ਚ ਪਾੜ੍ਹਿਆਂ ਦਾ ਘਰ ਰਹਿ
ਗਿਆ ਵਿਰਲਾ ਟਾਵਾਂ,
ਨਵ ਜੰਮਿਆਂ ਨੂੰ ਗੁੜ-ਅੱਖਰਾਂ ਦੀ ਹੁਣ
ਨਾ ਗੁੜ੍ਹਤੀ ਦਿੰਦੀਆਂ ਮਾਵਾਂ
ਹੱਥ ਜੋੜ ਕੇ ਅਰਜ਼ ਕਰਾਂ ਤੇ ਇਹੋ ਹੀ
ਬੱਸ, ਚਾਹਵਾਂ
ਐ ਰੱਬਾ ਪਰਦੇਸ ਪਹੁੰਚ ਕੇ ਯੂਰੋ
ਡਾਲਰ ਪੌਂਡ ਕਮਾਵਾਂ।

ਪਰਵਾਸ ਲਈ ਪੰਜਾਬੀਆਂ ਨੇ ਹਰ ਖਤਰਨਾਕ ਖੇਡ ਖੇਡੀ ਹੈ। ਪਰਵਾਸ ਨੇ ਇਥੋਂ ਦੀਆਂ ਸਥਾਪਤ ਧਿਰਾਂ ਖਿਲਾਫ ਆਵਾਜ਼ ਬੁਲੰਦ ਕਰਨ ਵਾਲੇ ਸੁਆਰਥੀ ਸਿਆਸਤਦਾਨਾਂ ਤੇ ਅਖੌਤੀ ਬਾਬਿਆਂ ਨੂੰ ਖੂਬ ਰਜਾ ਦਿੱਤਾ ਹੈ। ਬਾਬਿਆਂ ਨੇ ਅੱਧੇ ਡੇਰੇ ਪਰਵਾਸ ਵਿੱਚ ਸਥਾਪਤ ਕਰ ਲਏ ਹਨ। ਕਮਾਲ ਇਹ ਹੈ ਕਿ ਆਪਣੇ ਬੱਚੇ, ਘਰ, ਬੋਲੀ ਤੇ ਸਭਿਆਚਾਰ ਨੂੰ ਸੰਭਾਲਣ ਦੀ ਥਾਂ ਪਰਵਾਸੀ ਲੋਕ ਇਧਰਲੇ ਪੰਜਾਬ ਨੂੰ ਬਚਾਉਣ ਅਤੇ ਸੰਭਾਲਣ ਦਾ ਹੋਕਾ ਦਿੰਦੇ ਹਨ। ਪਰਵਾਸ ਦੇ ਗੁਰੂਧਾਮਾਂ ਵਿੱਚ ਇਧਰਲੇ ਪੰਜਾਬ ਵਾਲੀਆਂ ਸਾਰੀਆਂ ਬਦੀਆਂ, ਬੇਈਮਾਨੀਆਂ ਤੇ ਬਦਇੰਤਜ਼ਾਮੀਆਂ ਮੌਜੂਦ ਹਨ। ਬੱਚੇ ਮਾਂ ਬੋਲੀ ਪੰਜਾਬੀ ਤੋਂ ਮੁਨਕਰ ਹੋ ਗਏ ਹਨ। ਧਰਮ ਦੇ ਸਹਾਰੇ ਮਾਂ ਬੋਲੀ ਤੇ ਸਭਿਆਚਾਰ ਬਚਾਉਣ ਵਾਲਾ ਸੰਦ ਤੇ ਸਹਾਰਾ ਵੀ ਬਹੁਤ ਰਾਸ ਆਉਂਦਾ ਨਜ਼ਰ ਨਹੀਂ ਆਉਂਦਾ। ਡਾਲਰਾਂ ਦੀ ਭੁੱਖ ਰੂਹ, ਰਮਜ਼, ਰਹਿਤਲ ਤੇ ਰਿਜ਼ਕ ਨੂੰ ਰਾਹਤ ਤੇ ਰਹਾਓ ਨਹੀਂ ਦੇ ਸਕਦੀ। ਰਾਹਤ ਤੇ ਰਹਾਓ ਲਈ ਕਿਤਾਬ ਜ਼ਰੂਰੀ ਹੈ, ਜੋ ਕਿਤੇ ਵੀ ਨਹੀਂ। ਡਾਲਰਾਂ ਨਾਲ ਸਹੂਲਤਾਂ ਤੇ ਸੰਦ ਖਰੀਦੇ ਜਾ ਸਕਦੇ ਹਨ, ਕਾਵਿਕਤਾ, ਕਰਮ, ਕਿਰਦਾਰ ਤੇ ਕਿਰਤ ਨਹੀਂ ਖਰੀਦੀ ਜਾ ਸਕਦੀ। ਪੰਜਾਬੀ ਇਧਰੋਂ ਪੈਸੇ ਭੇਜ ਕੇ ਬੱਚਿਆਂ ਨੂੰ ਉਧਰ ਸੈਟਲ ਕਰ ਰਹੇ ਹਨ। ਪੰਦਰਾਂ ਸਾਲ ਪਹਿਲਾਂ ਮੈਂ ਕਵਿਤਾ ਲਿਖੀ 'ਡਾਲਰ ਨਾਲ ਵਿਆਹ ਦਿੱਤੇ ਮੇਰੇ ਕਵਿਤਾ ਜੇਹੇ ਖਿਆਲ ਵੇ ਧਰਮੀ ਬਾਬਲਾ।' ਇਹ ਪੜ੍ਹ ਕੇ ਮੇਰਾ ਇੱਕ ਦੋਸਤ ਬਹੁਤ ਤਿਲਮਿਲਾਇਆ, ਪਰ ਜਦੋਂ ਉਸ ਦੀ ਧੀ ਅਮਰੀਕਾ ਵਿੱਚ ਪਹਿਲਾ ਵਿਆਹ ਟੁੱਟਣ ਉਪਰੰਤ ਭਟਕ ਰਹੀ ਹੈ ਤਾਂ ਇੱਕ ਦਿਨ ਕਹਿਣ ਲੱਗਾ, "ਕੋਈ ਰਿਸ਼ਤਾ ਲੱਭ ਯਾਰ ਭਾਵੇਂ ਕਿਸੇ ਵੀ ਜਾਤ ਦਾ ਹੋਵੇ।" ਪੱਕੇ ਹੋਣ ਲਈ ਪੰਜਾਬੀਆਂ ਨੇ ਵੰਸ਼, ਕੌਮ, ਨਸਲ, ਧਰਮ ਅਤੇ ਜਾਤ ਦੀ ਦੀਵਾਰ ਤੋੜ ਕੇ ਅੰਤਰਜਾਤੀ ਵਿਆਹ ਦੇ ਅਸਫਲ ਪ੍ਰਯੋਗ ਨੂੰ ਅੰਤਰਦੇਸੀ ਪ੍ਰਯੋਗ ਵਜੋਂ ਸਫਲ ਬਣਾ ਦਿੱਤਾ ਹੈ। ਪਰਵਾਸ ਨੇ ਹਾਲੇ ਪੰਜਾਬੀ ਮਨ ਮਸਤਕ ਹੋਰ ਤੋੜਨਾ ਹੈ। ਇਸ ਦੀ ਮਹਾਂਕਾਵਿਕ ਬਾਤ ਇਥੇ ਮੁੱਕਦੀ ਨਹੀਂ। ਪੰਜਾਬੀਆਂ ਨੇ ਹਰ ਹਸ਼ਰ ਤੇ ਹਾਸਲ ਨੂੰ ਪ੍ਰਵਾਨ ਕਰਨਾ ਸਿੱਖ ਲਿਆ ਹੈ। ਪਰਵਾਸੀ ਧੜੱਲੇਦਾਰੀ ਨਾਲ ਜੋ ਪਰਦੇਸਾਂ ਵਿੱਚ ਦੇਸ ਵਸਾ ਲੈਂਦੇ ਹਨ।

# ਕਹਾਣੀ ਫਰਕ

ਕਿਰਪਾਲ ਸਿੰਘ ਦਤਾਰੀਏਵਾਲਾ

ਭਾਰਤੀ ਇਤਿਹਾਸ ਦਾ ਮੱਧਕਾਲ ਦਾ ਸਮਾਂ। ਦਿੱਲੀ ਉਤੇ ਸੁਲਤਾਨਾਂ ਦਾ ਪੂਰੇ ਦਬਦਬੇ ਵਾਲਾ ਜੰਮਿਆ ਰਾਜ ਸੀ। ਸੁਲਤਾਨਾਂ ਦਾ ਪਿਛੋਕੜ ਹਿੰਦੂਕੁਸ਼ ਪਾਰ ਕੰਧਾਰ, ਗਜਨੀ, ਹੈਰਾਤ ਆਦਿ ਦਾ ਸੀ। ਸੁਲਤਾਨ ਪਠਾਣ ਕਬੀਲਿਆਂ ਦੇ ਸਨ। ਪਠਾਣ ਉਚੇ ਲੰਮੇ, ਤਾਕਤਵਰ ਲੜਾਕੇ ਸਨ। ਸੁਲਤਾਨਾਂ ਦੀਆਂ ਫੌਜਾਂ ਦਾ ਆਧਾਰ ਵੀ ਪਠਾਣ ਹੁੰਦੇ ਸਨ। ਪਠਾਣ ਉਧਰੋਂ ਆ ਕੇ ਫੌਜਾਂ ਵਿੱਚ ਭਰਤੀ ਹੁੰਦੇ, ਸੁਲਤਾਨਾਂ ਦੀਆਂ ਫੌਜਾਂ ਨੂੰ ਨਵਾਂ ਖੂਨ ਮਿਲਦਾ ਰਹਿੰਦਾ। ਪ੍ਰਬੰਧ ਜਗੀਰਦਾਰੀ ਸੀ ਅਤੇ ਚੰਗੇ ਉਪਜਾਊ ਖੇਤਰ ਪਠਾਣ ਸਰਦਾਰਾਂ ਦੀਆਂ ਜਗੀਰਾਂ ਹੁੰਦੀਆਂ ਸਨ। ਉਹ ਸੁਲਤਾਨ ਨੂੰ ਨਿਸ਼ਚਿਤ ਧਨ ਅਤੇ ਸੈਨਿਕ ਦਿੰਦੇ ਸਨ। ਆਪਣੇ ਖੇਤਰ ਵਿੱਚ ਮੁਕੰਮਲ ਮਾਲਕ ਹੁੰਦੇ ਸਨ।

ਭਾਰਤ ਦੇ ਗੰਗਾ ਜਮਨਾ ਦਰਿਆਵਾਂ ਦੇ ਪਹਾੜੀ, ਨੀਮ ਪਹਾੜੀ ਤੇ ਪਹਾੜ ਦੇ ਪੈਰਾਂ ਵਾਲਾ ਮੈਦਾਨੀ ਖੇਤਰ, ਵਿਰਲੀ ਵਸੋਂ, ਸੰਘਣੇ ਜੰਗਲਾਂ, ਘਾਹ ਦੀਆਂ ਵਿਸ਼ਾਲ ਚਰਾਂਦਾ ਦਾ ਖੇਤਰ ਸੀ। ਦੁੱਧ, ਅੰਨ, ਮਾਸ ਦੀ ਬਹੁਲਤਾ ਸੀ। ਸਾਰਾ ਸਾਲ ਪਾਣੀ ਰਹਿੰਦਾ। ਸੰਘਣੇ ਜੰਗਲਾਂ ਵਿੱਚ ਸ਼ਿਕਾਰ ਦੀਆਂ ਖੇਡਾਂ, ਫੌਜੀ ਅਭਿਆਸਾਂ, ਘੋੜ ਸਵਾਰੀ ਲਈ ਸੁਖਾਵਾਂ ਇਲਾਕਾ ਸੀ। ਇਹ ਇਲਾਕਾ ਸੁਲਤਾਨਾਂ ਦੇ ਖਾਸ ਵਿਸ਼ਵਾਸ ਪਾਤਰਾਂ, ਉਸ ਦੇ ਖਾਸ ਨਿੱਜੀ ਕਬੀਲੇ ਦੇ ਮੁਖੀਆਂ ਨੂੰ ਮਿਲਿਆ ਹੋਇਆ ਸੀ। ਨੀਮ ਪਹਾੜੀ ਖੇਤਰ ਵਿੱਚ ਦੋ ਜਾਗੀਰਦਾਰੀ ਖੇਤਰ ਪੱਥਰਗੜ੍ਹ ਅਤੇ ਬਾਲਾਕੋਟ ਸਨ। ਜਗੀਰਾਂ ਛੋਟੀਆਂ ਸਨ, ਤੀਹਾਂ-ਤੀਹਾਂ ਪਿੰਡਾਂ ਦੀਆਂ। ਦੋਵੇਂ ਟਿਕਾਣੇ ਇਕ ਦੂਜੇ ਨੇੜੇ ਸਨ। ਮਾਲਕੀ ਰਲਗੱਡ ਜਿਹੀ ਸੀ। ਖਾਨਦਾਨ ਇਕੋ ਸੀ। ਖੂਨ ਦੀ ਸਾਂਝ ਸੀ, ਪਰ ਆਪਸੀ ਝਗੜੇ ਪੈ ਗਏ ਤੇ ਇਨ੍ਹਾਂ ਝਗੜਿਆਂ ਨੇ ਖੂਨੀ ਰੂਪ ਧਾਰ ਲਿਆ। ਤਲਵਾਰਾਂ ਖੰਜਰਾਂ 'ਤੇ ਹੱਥ ਆਮ ਅਤੇ ਕਤਲ ਤੀਕ ਗੱਲ ਪਹੁੰਚ ਜਾਂਦੀ। ਖਾਨਦਾਨੀ ਮੁੱਢ ਇਕੋ, ਪਰ ਵੈਰ ਵੀ ਜਾਨਮਾਰੂ ਤੇ ਜਾਨਵਾਰੂ। ਉਤੋਂ ਇਨ੍ਹਾਂ ਉਤੇ ਮਾਣ ਅਤੇ ਖਾਨਦਾਨ ਦੀ ਵਡਿਆਈ ਹਿੱਕ ਥਾਪੜਾ ਬਣ ਗਈ।

ਪੱਥਰਗੜ੍ਹ ਅਤੇ ਬਾਲਾਕੋਟ ਦੇ ਮਾਲਕਾਂ ਦੀ ਗੈਰਤ, ਆਣ ਅਣਖ ਦੀਆਂ ਕਹਾਣੀਆਂ ਵਿੱਚ ਇਕ ਹੋਰ ਸਿਤਾਰੇ ਦਾ ਵਾਧਾ ਹੋ ਗਿਆ। ਖੇਤਰਾਂ ਦੀ ਬਣਤਰ ਅਤੇ ਮਾਲਕੀ ਅਨੁਸਾਰ ਇਕ ਦੂਜੇ ਦੇ ਖੇਤਰਾਂ ਵਿਚਦੀ ਲੰਘਣਾ ਪੈਂਦਾ ਸੀ। ਤਿੱਖੀਆਂ, ਢਾਲੂ, ਪਹਾੜੀਆਂ ਵਿੱਚ ਇਕ ਪਹਾੜੀ ਨਦੀ ਵਗਦੀ ਜੋ ਬਹੁਤ ਡੂੰਘੀ ਤੇ ਤੇਜ਼ ਵਹਾਅ ਵਾਲੀ ਸੀ। ਨਦੀ ਦੇ ਭੀੜੇ ਪਾਟ ਉਤੇ ਇਕ ਪੁਲ ਸੀ। ਇਹ ਪੁਲ ਦੋਵੇਂ ਛੋਟੀਆਂ ਰਿਆਸਤਾਂ ਦੇ ਕਿਤੇ ਪਹਿਲੇ ਮਾਲਕਾਂ ਨੇ ਬਣਾਇਆ ਸੀ। ਪੁਲ ਇਕ ਸਮੇਂ ਕੇਵਲ ਇਕ ਬੰਦੇ ਦੇ ਲੰਘਣ ਜੋਗਾ ਡੇਢ ਕੁ ਹੱਥ ਚੌੜਾ, ਦੋ ਹੱਥ ਬੰਨੀਂ ਵਾਲਾ ਸਦੀਆਂ ਤੀਕ ਚੱਲਣ ਵਾਲੀ ਕਿਸੇ ਬੇਹੱਦ ਚੀੜ੍ਹੀ ਪਹਾੜੀ ਲੱਕੜ ਦਾ ਕਮਾਲ ਦੀ ਕਾਰੀਗਰੀ ਦਾ ਨਮੂਨਾ ਸੀ।

ਦੋਵਾਂ ਖਾਨਦਾਨਾਂ ਵਿੱਚ ਦੁਸ਼ਮਣੀ, ਬਦਲੇਖੋਰੀ ਨਿਰੰਤਰ ਚੱਲ ਰਹੀ ਸੀ। ਅਚਾਨਕ ਉਸ ਪੁਲ ਉਤੇ ਦੋਵਾਂ ਖਾਨਦਾਨਾਂ ਦੇ ਸਾਮੰਤੀ ਗੈਰਤ ਨਾਲ ਉਬਲਦੇ ਹਮ-ਉਮਰ ਨੌਜੁਆਨ ਮੁਖੀ ਪੱਥਰਗੜ੍ਹ ਦਾ ਪਾਟੇ ਖਾਂ ਅਤੇ ਬਾਲਾਕੋਟ ਦਾ ਨਾਢੂ ਖਾਂ- ਵਿਰੋਧੀ ਦਿਸ਼ਾਵਾਂ ਵੱਲੋਂ ਪੁਲ ਪਾਰ ਕਰਨ ਲਈ ਇਕੱਠੇ ਹੋਣ ਲੱਗੇ। ਸੰਯੋਗਵੱਸ ਪਹਿਲਾਂ ਦੋ ਪਹਾੜੀ ਬੱਕਰੀਆਂ ਪੁਲ ਪਾਰ ਕਰਨ ਲਈ ਇਕੱਠੀਆਂ ਹੋ ਗਈਆਂ। ਪਾਟੇ ਖਾਂ ਅਤੇ ਨਾਢੂ ਖਾਂ ਨੇ ਦੇਖਿਆ, ਇਕ ਇਕ ਬੱਕਰੀ ਲੇਟ ਗਈ, ਦੂਜੀ ਉਪਰੋਂ ਦੀ ਲੰਘ ਗਈ, ਦੋਵੇਂ ਸਹੀ ਸਲਾਮਤ ਪੁਲ ਪਾਰ ਕਰ ਗਈਆਂ। ਫਿਰ ਉਨ੍ਹਾਂ ਦੋਵਾਂ ਨੇ ਪੁਲ ਪਾਰ ਕਰਨਾ ਸੀ। ਦੋਵਾਂ ਨੇ ਇਕੱਠਿਆਂ ਪੁਲ 'ਤੇ ਪੈਰ ਧਰੇ, ਇਕੱਠੇ ਪੁਲ ਵਿਚਕਾਰ ਆਹਮੋ ਸਾਹਮਣੇ ਆ ਗਏ। 'ਪਿੱਛੇ ਮੁੜੋ, ਵਾਪਸ ਜਾਓ, ਖੂਨ ਪੀ ਜਾਵਾਂਗਾ। ਤੇਰੀ ਇਹ ਔਕਾਤ!' ਬੋਲਾਂ ਦੇ ਨਾਲ-ਨਾਲ ਖੰਜਰ ਚਮਕੇ, ਲਹਿਰਾਏ ਅਤੇ ਦੋਵਾਂ ਦੇ ਪੇਟ ਵਿਚ ਧਸ ਗਏ। ਦੋਵੇਂ ਤੜਫਦੇ ਇਕ ਪੁਲ ਦੇ ਇਕ ਪਾਸੇ ਦੀ ਬੰਨੀ ਉਤੋਂ ਦੀ, ਦੂਜਾ ਦੂਜੇ ਪਾਸੇ ਦੀ ਬੰਨੀ ਉਤੋਂ ਦੀ ਇਕੱਠੇ ਹੀ ਨਦੀ ਵਿੱਚ ਡਿੱਗ ਪਏ। ਪਾਣੀ ਵਿੱਚ ਸਾਂਝਾ ਖੂਨ ਰਲਾਉਂਦੇ ਇਕੱਠੇ ਮੌਤ ਦੇ ਗਲ ਲੱਗ ਗਏ। ਦੇਖਣ ਵਾਲਿਆਂ ਨੇ ਇਸ ਘਟਨਾ ਨੂੰ ਲੋਕਾਂ ਵਿੱਚ ਦੱਸਿਆ ਅਤੇ ਇਹ ਘਟਨਾ ਦੋਵਾਂ ਪਰਵਾਰਾਂ ਦੀ ਗੈਰਤ, ਆਨ ਸ਼ਾਨ ਦੇ ਖਜ਼ਾਨੇ ਵਿੱਚ ਇਕ ਚਮਕਦੇ ਹੀਰੇ ਵਜੋਂ ਸ਼ਾਮਲ ਹੋ ਗਈ। ਦੋਵਾਂ ਪਰਵਾਰਾਂ ਦੀਆਂ ਪੁਸ਼ਤਾਂ ਮਾਣ ਕਰਦੀਆਂ ਕਿ ਉਨ੍ਹਾਂ ਦੇ ਅਣਖੀਲੇ ਵਡੇਰਿਆਂ ਨੇ ਜਾਨ ਦੇ ਦਿੱਤੀ, ਪਰ ਗੈਰਤ ਬਰਕਰਾਰ ਰੱਖੀ।

ਸਮਾਂ ਬਦਲਦਾ ਰਹਿੰਦਾ ਹੈ, ਬਦਲਦਾ ਰਿਹਾ। ਦਿੱਲੀ ਨੇ ਬੜੇ ਬਦਲਦੇ ਰੰਗ ਦੇਖੇ। ਪਠਾਣ, ਸੁਲਤਾਨ ਗਏ, ਮੁਗਲ ਆਏ, ਜੰਮ ਕੇ ਨਿੱਠ ਕੇ ਰਾਜ ਕੀਤਾ। ਨਾਦਰ ਆਇਆ, ਦਿੱਲੀ ਕੰਬੀ, ਤਖਤੇ ਤਾਊਸ, ਕੋਹਿਨੂਰ ਹੀਰਾ ਦਿੱਲੀਓਂ ਗਿਆ। ਅਬਦਾਲੀ ਆਇਆ ਦਿੱਲੀ ਲੁੱਟ ਕੇ ਲੈ ਗਿਆ। ਗੁਲਾਮ ਕਾਦਰ ਨੇ ਸ਼ਾਹ ਆਲਮ ਨੂੰ ਢਾਹ ਕੇ ਅੰਨ੍ਹਾ ਕੀਤਾ। ਸਮੁੰਦਰੋਂ ਪਾਰ ਦੇ ਗੋਰੇ ਅੰਗਰੇਜ਼ ਆ ਕੇ ਭਾਰਤ ਦੇ ਹੁਕਮਰਾਨ ਬਣੇ। ਫਿਰ ਉਹ ਵੀ ਗਏ ਤੇ ਭਾਰਤ ਆਜ਼ਾਦ ਜਮਹੂਰੀ ਦੇਸ਼ ਬਣ ਗਿਆ। ਚੁਣੇ ਹੋਏ ਵਿਧਾਇਕ ਸਦਨ, ਸਰਕਾਰਾਂ ਦੀ ਕਾਰਵਾਈ ਚਲਾਉਂਦੇ।

ਸਮੇਂ ਬਦਲੇ, ਸਮਿਆਂ ਨੇ ਰੰਗ ਬਦਲੇ, ਪਰ ਪੱਥਰਗੜ੍ਹ ਅਤੇ ਬਾਲਾਕੋਟ ਦੇ ਗੈਰਤਮੰਦ ਪਠਾਣੀ ਖੂਨ ਨੇ ਹਾਲੇ ਵੀ ਪਠਾਣੀ ਖੂਨ ਦੀ ਗੈਰਤ ਨੂੰ ਬਰਕਰਾਰ ਰੱਖਿਆ ਹੋਇਆ ਸੀ। ਪਾਟੇ ਖਾਂ ਅਤੇ ਨਾਢੂ ਖਾਂ ਦੋਵਾਂ ਪਰਵਾਰਾਂ ਦੇ ਆਪੋ ਆਪਣੇ ਵੰਸ਼ਜ਼ਾਂ ਵਾਸਤੇ ਗੈਰਤ ਦੇ ਮੁਜੱਸਮੇ ਸਨ ਅਤੇ ਪੁਲ ਵਾਲੀ ਕਹਾਣੀ ਦੋਵਾਂ ਪਰਵਾਰਾਂ ਦੀ ਅਣਖ, ਮਾਣ, ਮੁੱਛ ਪਿੱਛੇ ਮਰ ਮਿਟਣ ਦੀ ਗੈਰਤ ਨੂੰ ਜੋਸ਼ੀਲਾ ਮਾਨਸਿਕ ਹੁਲਾਰਾ ਦਿੰਦੀ ਸੀ। ਆਪਸੀ ਖੂਨ ਵਹਾਉਣਾ ਬੰਦ ਹੋ ਚੁੱਕਾ ਸੀ। ਬੋਲਚਾਲ ਉਕਾ ਬੰਦ ਸੀ। ਲਾਗ ਡਾਟ ਦੁਸ਼ਮਣੀ ਬਾਦਸਤੂਰ ਜਾਰੀ ਸੀ। ਹਾਂ, ਰਾਜਸੀ ਪ੍ਰਣਾਲੀ ਦੇ ਬਦਲਣ ਕਾਰਨ ਉਨ੍ਹਾਂ ਦੀ ਸਾਮੰਤੀ ਦੁਸ਼ਮਣੀ ਨੇ ਰਾਜਸੀ ਰੰਗ ਧਾਰ ਲਿਆ ਸੀ। ਵਿਧਾਨਕ ਸਦਨਾਂ ਲਈ ਚੋਣਾਂ ਹੁੰਦੀਆਂ। ਦੋ ਪ੍ਰਮੁੱਖ ਰਾਜਸੀ ਧਿਰਾਂ। ਪਾਰਟੀਆਂ ਵਿੱਚੋਂ ਇਕ ਦਾ ਨੁਮਾਇੰਦਾ ਪਾਟੇ ਖਾਂ ਦੇ ਪਰਵਾਰ ਦਾ ਮੁਖੀ ਹੁੰਦਾ। ਦੂਜੀ ਪਾਰਟੀ ਵੱਲੋਂ ਨਾਢੂ ਖਾਂ ਦੇ ਪਰਵਾਰ ਦਾ ਮੁਖੀ ਨੁਮਾਇੰਦਾ ਹੁੰਦਾ। ਦੋਵਾਂ ਪਰਵਾਰਾਂ ਦਾ ਇਲਾਕੇ ਵਿੱਚ ਬਰਾਬਰ ਨਾਂ ਸੀ। ਕਦੇ ਇਕ ਜਿੱਤ ਕੇ ਵਿਧਾਨਕ ਸਦਨ ਦਾ ਮੈਂਬਰ ਬਣਦਾ ਤੇ ਕਦੇ ਦੂਜਾ ਬਣ ਜਾਂਦਾ। ਧੂੰਆਂਧਾਰ ਪ੍ਰਚਾਰ ਹੁੰਦਾ। ਹੱਥਕੰਢੇ ਵਰਤੇ ਜਾਂਦੇ, ਪਰ ਦੋਵਾਂ ਪਰਵਾਰਾਂ ਦੀ ਆਪਸੀ ਬੋਲਚਾਲ ਬੰਦ ਹੀ ਰਹੀ। ਪੱਥਰਗੜ੍ਹ ਦੇ ਪਾਟੇ ਖਾਂ ਦੇ ਵੰਸ਼ ਵਿੱਚੋਂ ਵਰਤਮਾਨ ਮੁਖੀ ਸ਼ੇਰ ਖਾਂ ਵਿਧਾਇਕ ਸੀ ਅਤੇ ਬਾਲਾਕੋਟ ਦੇ ਨਾਢੂ ਖਾਂ ਦੇ ਵੰਸ਼ ਵਿੱਚੋਂ ਸ਼ਮਸ਼ੇਰ ਖਾਂ ਸਾਬਕਾ ਵਿਧਾਇਕ ਸੀ ਜੋ ਦੋ ਵਾਰ ਲਗਾਤਾਰ ਵਿਧਾਇਕ ਰਿਹਾ ਅਤੇ ਹੁਣ ਦੂਜੀ ਧਿਰ ਵਿੱਚ ਤਾਕਤਵਰ ਨੇਤਾ ਸੀ।

ਮੌਕਾ ਮੇਲ, ਸੁੱਤੇ ਸਿੱਧ, ਸੁਭਾਵਿਕ ਜਾਂ ਦੇਵਨੇਤ ਕੁਝ ਵੀ ਕਹਿ ਲਓ। ਉਸ ਪੁਰਾਣੇ ਪੁਲ ਉਤੇ ਪੁਲ ਪਾਰ ਕਰਨ ਲਈ ਦੋਵੇਂ ਵਿਰੋਧੀ ਦਿਸ਼ਾਵਾਂ ਵੱਲੋਂ ਆਹਮੋ ਸਾਹਮਣੇ ਇਕੱਠੇ ਹੋ ਗਏ। ਦੋਵੇਂ ਇਕੱਲੇ ਸਨ। ਵੇਲਾ ਵੀ ਆਥਣ ਦਾ, ਸੂਰਜ ਛਿਪਣ ਦੇ ਨੇੜੇ। ਪੁਲ ਦੇ ਵਿਚਕਾਰ ਆਹਮੋ ਸਾਹਮਣੇ ਚਾਰ ਹਲਕੇ ਕਦਮਾਂ ਦੀ ਦੂਰੀ। ਇਕਦਮ ਸ਼ੇਰ ਖਾਂ ਨੇ ਹੱਥ ਜੋੜੇ, 'ਭਾਈ ਜਾਨ ਮੁੱਦਤਾਂ ਤੋਂ ਪੁੱਠੇ ਪਾਸੇ ਤੁਰੇ, ਖੂਨ ਡੋਲਦੇ ਰਹੇ। ਆਓ ਇਸ ਖੂਨੀ ਖੇਡ ਨੂੰ ਖਤਮ ਕਰੀਏ। ਮੈਂ ਲੇਟਦਾ ਹਾਂ। ਮੇਰੀ ਗਰਦਨ ਉਤੇ ਮੁਬਾਰਕ ਕਦਮ ਰੱਖ ਕੇ ਮੇਰੇ ਉਤੋਂ ਦੀ ਲੰਘ ਜਾਓ, ਮੈਂ ਫਿਰ ਉਠ ਕੇ ਲੰਘ ਜਾਵਾਂਗਾ। ਕਾਸ਼! ਸਾਡੇ ਵਡੇਰਿਆਂ ਨੇ ਬੱਕਰੀਆਂ ਤੋਂ ਸਬਕ ਸਿੱਖਿਆ ਹੁੰਦਾ। ਉਨ੍ਹਾਂ ਦੀ ਨਕਲ ਕਰ ਲੈਂਦੇ, ਆਓ ਦੇਰ ਨਾ ਕਰੋ।' ਇਹ ਕਹਿੰਦਿਆਂ ਸ਼ੇਰ ਖਾ ਉਧਰ ਨੂੰ ਸਿਰ ਕਰਕੇ ਮੂਧਾ ਪੈ ਗਿਆ, ਜਿਧਰ ਸ਼ਮਸ਼ੇਰ ਖਾ ਨੇ ਜਾਣਾ ਸੀ। 'ਨਹੀਂ ਮੈਂ ਲੇਟਦਾ ਹਾਂ ਆਪ ਮੇਰੇ ਉਪਰੋਂ ਲੰਘੋ।' ਸ਼ਮਸ਼ੇਰ ਖਾਂ ਨੇ ਕਿਹਾ। 'ਨਹੀਂ ਮੈਂ ਪਹਿਲਾਂ ਅਰਜ਼ ਕੀਤੀ ਤੇ ਲੇਟ ਗਿਆ ਹਾਂ। ਮੈਨੂੰ ਨਿਰਾਸ਼ ਨਾ ਕਰੋ। ਅੱਜ ਤੋਂ ਕਸਮ ਵੀ ਹੈ ਕਿ ਮੈਂ ਤੁਹਾਡੇ ਵਿਰੁੱਧ ਕਦੇ ਵੀ ਚੋਣ ਲਈ ਕਾਗਜ਼ ਦਾਖਲ ਵੀ ਨਹੀਂ ਕਰਾਂਗਾ, ਲੰਘੋ ਮੇਰੇ ਉਪਰ ਦੀ' ਸ਼ੇਰ ਖਾਂ ਨੇ ਕਿਹਾ।

ਸ਼ੇਰ ਖਾਂ ਮੂਧਾ ਪਿਆ ਸੀ। ਉਸ ਦਾ ਸਿਰ ਉਧਰ ਸੀ, ਜਿਧਰ ਸ਼ਮਸ਼ੇਰ ਖਾਂ ਨੇ ਜਾਣਾ ਸੀ। ਸ਼ਮਸ਼ੇਰ ਖਾਂ ਦੀਆਂ ਅੱਖਾਂ ਨਮ ਹੋ ਗਈਆਂ, ਉਸ ਨੂੰ ਸ਼ੇਰ ਖਾਂ ਨਿਮਰਤਾ, ਨੇਕੀ ਤੇ ਮੁਹੱਬਤ ਦਾ ਫਰਿਸ਼ਤਾ ਜਾਪਿਆ। ਉਸ ਨੇ ਹੌਲੀ ਦੇਣੇ ਪੈਰ ਉਸ ਦੇ ਮੌਰਾਂ 'ਤੇ ਰੱਖਿਆ ਅਤੇ ਬਹੁਤ ਹੀ ਬੋਚਵੇਂ ਢੰਗ ਨਾਲ ਸਿਰ ਦੇ ਨਾਲ ਪੈਰ ਰੱਖ ਕੇ ਅੱਗੇ ਲੰਘਿਆ।

ਸ਼ੇਰ ਖਾਂ ਨੇ ਇਕਦਮ ਆਪਣੇ ਹੱਥ ਆਪਣੇ ਮੋਢਿਆਂ ਕੋਲ ਲਿਆਂਦੇ ਇਕ ਝਟਕੇ ਨਾਲ ਲੱਤਾਂ ਇਕੱਠੀਆਂ ਕੀਤੀਆਂ ਤੇ ਬਿਜਲੀ ਦੀ ਤੇਜ਼ੀ ਨਾਲ ਉਠਿਆ। ਸ਼ਮਸ਼ੇਰ ਖਾਂ ਦਾ ਮੂੰਹ ਦੂਜੇ ਪਾਸੇ ਤੇ ਪਿੱਠ ਹਾਲੇ ਸ਼ੇਰ ਖਾਂ ਵੱਲ ਸੀ। ਸ਼ੇਰ ਖਾਂ ਨੇ ਉਸ ਨੂੰ ਬਾਹਾਂ ਸਮੇਤ ਲੱਕ ਤੋਂ ਫੜ ਕੇ ਉਪਰ ਚੁੱਕਿਆ ਤੇ ਹੌਲੀ ਦੇਣੇ ਬੰਨੀ ਉਤੋਂ ਦੀ ਨਦੀ ਵਿੱਚ ਸੁੱਟ ਦਿੱਤਾ।

'ਹਾ ਹਾ ਹਾ.., ਭਾਈਜਾਨ ਨੂੰ ਸਵਰਗਵਾਸ ਤੋਂ ਪਹਿਲਾਂ ਬੱਕਰੀ ਅਤੇ ਸਿਆਸਦਾਨ ਵਿੱਚ ਫਰਕ ਦੀ ਸਮਝ ਤਾਂ ਆ ਗਈ ਹੋਵੇਗੀ।' ਉਸ ਦੇ ਹਾਸੇ ਅਤੇ ਬੋਲਾਂ ਵਿੱਚ ਭਿਆਨਕ ਕਰੂਰਤਾ ਸੀ।

# ਹਲਕਾ ਫੁਲਕਾ

ਛੋਟੂ, "ਯਾਰ, ਪਤਨੀ ਦੇ ਮੇਕਅਪ ਦਾ ਖਰਚਾ ਬਰਦਾਸ਼ਤ ਨਹੀਂ ਹੁੰਦਾ।"
ਦੋਸਤ, "...ਤਾਂ ਬੰਦ ਕਰ ਦੇ।"
ਛੋਟੂ, "...ਪਰ ਫਿਰ ਮੇਕਅਪ ਤੋਂ ਬਿਨਾਂ ਪਤਨੀ ਬਰਦਾਸ਼ਤ ਨਹੀਂ ਹੁੰਦੀ।"

*********

ਮੈਰਿਜ ਬਿਊਰੋ ਵਾਲਾ (ਕੁੜੀ ਨੂੰ), "ਮੈਡਮ, ਇਹ ਮੁੰਡਾ ਬਹੁਤ ਚੰਗਾ ਕਮਾਉਂਦਾ ਹੈ, ਪਰ ਥੋੜ੍ਹਾ ਕਾਲਾ ਹੈ।"
ਕੁੜੀ, "ਭਾਈ ਸਾਹਿਬ, ਇਸੇ ਕੁਆਲਿਟੀ ਵਿੱਚ ਥੋੜ੍ਹਾ ਦੂਜੇ ਕਲਰ ਵਿੱਚ ਦਿਖਾਓ ਨਾ।"

*********

ਟਰੈਫਿਕ ਪੁਲਸ ਵਾਲਾ (ਬੁੱਢੀ ਨੂੰ), "ਮੈਂ ਕਿੰਨੀ ਦੇਰ ਤੋਂ ਤੁਹਾਨੂੰ ਸੀਟੀਆਂ ਮਾਰ ਕੇ ਰੋਕਣ ਦੀ ਕੋਸ਼ਿਸ਼ ਕਰ ਰਿਹਾ ਹਾਂ, ਤੁਸੀਂ ਰੁਕਦੇ ਕਿਉਂ ਨਹੀਂ?"
ਬੁੱਢੀ ਨੇ ਸ਼ਰਮਾਉਂਦੇ ਹੋਏ ਜਵਾਬ ਦਿੱਤਾ, "ਬੇਟਾ, ਸੀਟੀ ਸੁਣ ਕੇ ਰੁਕਣ ਦੀ ਮੇਰੀ ਉਮਰ ਹੀ ਨਹੀਂ ਹੈ।"

********

ਮਾਂ, "ਬੇਟਾ, ਦਾਦੀ ਨੂੰ ਜਨਮ ਦਿਨ 'ਤੇ ਕੀ ਤੋਹਫਾ ਦੇਵੇਂਗਾ?"
ਬੇਟਾ, "ਮੈਂ ਦਾਦੀ ਨੂੰ ਫੁੱਟਬਾਲ ਦੇਵਾਂਗਾ।"
ਮਾਂ, "ਓ ਬੇਟਾ, ਦਾਦੀ ਇਸ ਉਮਰ ਵਿੱਚ ਫੁੱਟਬਾਲ ਦਾ ਕੀ ਕਰੇਗੀ?"
ਬੇਟਾ, "ਉਨ੍ਹਾਂ ਨੇ ਵੀ ਮੇਰੇ ਜਨਮ ਦਿਨ 'ਤੇ ਮੈਨੂੰ ਭਗਵਦ ਕੀਤਾ ਦਿੱਤੀ ਸੀ।"


GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment

(416) 970-5005

Century 21 President Realty Inc Brokerage
Independently Owned and Operated

www.vipcondonetwork.com
27 Armthorpe Rd Brampton #3,
ON L6T 5M4 | Fax : 905-488-2101

Office: 905-488-2100
Ext. 348

# ਭਾਰਤ ਵਿੱਚ ਕੁਝ ਬਦਲ ਗਿਆ, ਕੁਝ ਬਦਲਦਾ ਤਾਂ ਕੁਝ ਬਦਲਣ ਵਾਲਾ ਜਾਪਦੈ



ਜਤਿੰਦਰ ਪੰਨੂ

ਅਸੀਂ ਉਹ ਦਿਨ ਯਾਦ ਕਰ ਸਕਦੇ ਹਾਂ, ਜਦੋਂ ਪਹਿਲੀ ਵਾਰ ਭਾਜਪਾ ਆਗੂ ਅਟਲ ਬਿਹਾਰੀ ਵਾਜਪਾਈ ਨੂੰ ਅੱਗੇ ਲਾ ਕੇ ਕਈ ਧਿਰਾਂ ਨੇ ਕੇਂਦਰ ਵਿੱਚ ਤੇਰਾਂ ਦਿਨਾਂ ਵਾਲੀ ਸਾਂਝੀ ਸਰਕਾਰ ਬਣਾਈ ਤੇ ਬਹੁ-ਸੰਮਤੀ ਹਾਸਲ ਨਾ ਕਰ ਸਕਣ ਪਿੱਛੋਂ ਅਸਤੀਫਾ ਦੇ ਕੇ ਤੁਰ ਗਈ ਸੀ। ਇਸ ਨੂੰ ਰੋਕਣ ਲਈ ਕਈ ਪਾਰਟੀਆਂ, ਜਿਨ੍ਹਾਂ ਨਾਲ ਖੱਬੇ-ਪੱਖੀ ਵੀ ਸਨ, ਨੇ ਬਦਲਵੀਂ ਸਰਕਾਰ ਬਣਾਈ ਸੀ, ਜਿਸ ਨੂੰ ਬਾਹਰ ਤੋਂ ਕਾਂਗਰਸ ਪਾਰਟੀ ਨੇ ਇਹ ਸੋਚ ਕੇ ਆਸਰਾ ਦਿੱਤਾ ਕਿ ਜਦੋਂ ਵੀ ਸਾਡੇ ਅਗਲੇ ਹਾਲਾਤ ਸੁਖਾਵੇਂ ਹੋਣਗੇ, ਇਸ ਸਰਕਾਰ ਹੇਠੋਂ ਕੁਰਸੀ ਖਿੱਚ ਲਵਾਂਗੇ। ਫਿਰ ਹਰਦਨਹੱਲੀ ਡੋਡਾਗੌੜਾ ਦੇਵੇਗੌੜਾ ਤੇ ਇੰਦਰ ਕੁਮਾਰ ਗੁਜਰਾਲ ਵਾਲੀਆਂ ਦੋ ਸਰਕਾਰਾਂ ਕਾਂਗਰਸ ਨੇ ਏਸੇ ਤਰ੍ਹਾਂ ਡੇਗੀਆਂ ਸਨ, ਪਰ ਅਗਲੀਆਂ ਚੋਣਾਂ ਵਿੱਚ ਇਸ ਦੇਸ਼ ਦੇ ਲੋਕਾਂ ਨੇ ਕਾਂਗਰਸ ਨੂੰ ਮੂੰਹ ਨਹੀਂ ਸੀ ਲਾਇਆ, ਭਾਜਪਾ ਆਗੂ ਵਾਜਪਾਈ ਦੀ ਅਗਵਾਈ ਹੇਠ ਸਰਕਾਰ ਬਣਨ ਦਾ ਸਬੱਬ ਬਣ ਗਿਆ ਸੀ। ਦੋ ਵਾਰੀਆਂ ਵਿੱਚ ਕੁੱਲ ਛੇ ਸਾਲ ਰਾਜ ਕਰਦੇ ਰਹੇ ਭਾਜਪਾ ਆਗੂ ਵਾਜਪਾਈ ਅਤੇ ਅਡਵਾਨੀ ਦੀ ਜੋੜੀ ਨੂੰ ਇਸ ਸਵਾਲ ਦਾ ਸਾਹਮਣਾ ਕਰਨਾ ਪੈਂਦਾ ਰਿਹਾ ਕਿ ਉਹ ਰਾਮ ਮੰਦਰ ਦੀ ਉਸਾਰੀ, ਜੰਮੂ-ਕਸ਼ਮੀਰ ਲਈ ਵਿਸ਼ੇਸ਼ ਦਰਜੇ ਵਾਲੀ ਤਿੰਨ ਸੌ ਸੱਤਰ ਦੀ ਧਾਰਾ ਅਤੇ ਇੱਕੋ ਜਿਹਾ ਸਿਵਲ ਕੋਡ ਬਣਾਉਣ ਦੇ ਆਪਣੇ ਐਲਾਨਾਂ ਤੋਂ ਗੱਦੀ ਦੇ ਭੁੱਸ ਕਾਰਨ ਪਾਸਾ ਵੱਟ ਗਏ ਹਨ। ਭਾਜਪਾ ਆਗੂ ਕਹਿੰਦੇ ਸਨ ਕਿ ਅਜੇ ਸਾਡੀ ਆਪਣੀ ਬਹੁ-ਗਿਣਤੀ ਨਹੀਂ, ਦੂਸਰੇ ਦਲਾਂ ਦੇ ਆਸਰੇ ਸਰਕਾਰ ਚੱਲਦੀ ਹੋਣ ਕਾਰਨ ਇਹ ਕੰਮ ਨਹੀਂ ਕਰ ਸਕਦੇ, ਪਰ ਜਿਸ ਦਿਨ ਸਾਡੀ ਬਹੁ-ਗਿਣਤੀ ਹੋ ਗਈ ਤਾਂ ਉਸ ਦਿਨ ਇਹ ਕੁਝ ਵੀ ਕਰ ਦਿਆਂਗੇ। ਸਹਿਯੋਗੀ ਦਲਾਂ ਦੇ ਆਗੂ ਆਖਦੇ ਸਨ ਕਿ ਇਹ ਸਿਰਫ ਕਹਿਣ ਦੀਆਂ ਵਾਲੀਆਂ ਹੀ ਗੱਲਾਂ ਹਨ, ਭਾਜਪਾ ਇਸ ਦੇਸ਼ ਵਿੱਚ ਉਹ ਕਦਮ ਕਦੇ ਨਹੀਂ ਚੁੱਕੇਗੀ, ਅਤੇ ਚੁੱਕ ਵੀ ਨਹੀਂ ਸਕਦੀ, ਜਿਨ੍ਹਾਂ ਦਾ ਦਾਅਵਾ ਕਰਦੀ ਹੈ। ਫਿਰ ਨਰਿੰਦਰ ਮੋਦੀ ਸਰਕਾਰ ਬਣ ਗਈ। ਲੋਕ ਸਭਾ ਵਿੱਚ ਬਹੁ-ਗਿਣਤੀ ਵਾਸਤੇ ਦੋ ਸੌ ਬਹੱਤਰ ਸੀਟਾਂ ਦੀ ਲੋੜ ਸੀ, ਉਸ ਦੀਆਂ ਦੋ ਸੌ ਬਿਆਸੀ ਆ ਗਈਆਂ, ਪਰ ਇਹ ਕੰਮ ਪੰਜ ਸਾਲ ਕੀਤੇ ਨਹੀਂ ਗਏ। ਮਾੜੀ-ਮੋਟੀ ਚਾਬੀ ਛੇੜ ਕੇ ਚੁੱਪ ਕਰ ਜਾਂਦੇ ਰਹੇ ਸਨ ਤੇ ਆਮ ਪ੍ਰਭਾਵ ਇਹ ਦਿੱਤਾ ਜਾ ਰਿਹਾ ਸੀ ਕਿ ਭਾਜਪਾ ਅਗਲੇ ਸਖਤ ਕਦਮ ਚੁੱਕਣ ਤੋਂ ਝਿਜਕਦੀ ਹੈ ਅਤੇ ਕਦੇ ਵੀ ਇਸ ਤੋਂ ਅੱਗੇ ਜਾਣ ਦੀ ਹਿੰਮਤ ਨਹੀਂ ਕਰ ਸਕਦੀ, ਕਿਉਂਕਿ ਬਹੁ-ਸੰਮਤੀ ਹੋ ਜਾਣ ਦੇ ਬਾਅਦ ਨਰਿੰਦਰ ਮੋਦੀ ਵਰਗਾ ਲੀਡਰ ਇਹ ਕੁਝ ਕਰਨ ਤੋਂ ਆਖਰੀ ਵੇਲੇ ਝਿਜਕਦਾ ਦਿਸਦਾ ਹੈ। ਅਸਲ ਸਥਿਤੀ ਸਮਝਣ ਤੋਂ ਜਿਹੜੇ ਲੋਕ ਓਦੋਂ ਅਸਮਰਥ ਸਨ, ਉਹ ਇਸ ਵੇਲੇ ਤਾਜ਼ਾ ਸਥਿਤੀ ਵੱਲ ਵੇਖ ਕੇ ਸਮਝਣਾ ਹੋਵੇ ਤਾਂ ਸਮਝ ਸਕਦੇ ਹਨ।

ਗੱਲ ਅਸਲ ਇਹ ਨਹੀਂ ਸੀ ਕਿ ਭਾਜਪਾ ਲੀਡਰਸ਼ਿਪ ਜਾਂ ਨਰਿੰਦਰ ਮੋਦੀ ਵਰਗਾ ਲੀਡਰ ਕੁਝ ਕਰਨੋਂ ਝਿਜਕ ਰਿਹਾ ਸੀ, ਸਗੋਂ ਇਹ ਸੀ ਕਿ ਉਸ ਨੂੰ ਲੋਕ ਸਭਾ ਅੰਦਰ ਬਹੁ-ਮੱਤ ਦੇ ਨਾਲ ਰਾਜ ਸਭਾ ਵਿੱਚ ਆਪਣੀ ਬਹੁ-ਗਿਣਤੀ ਨਾ ਹੋਣ ਦਾ ਅਹਿਸਾਸ ਅਗਲੇ ਕਦਮ ਨਹੀਂ ਸੀ ਪੁੱਟਣ ਦੇਂਦਾ। ਜਦੋਂ ਇਸ ਸਾਲ ਚੋਣਾਂ ਵਿੱਚ ਉਹ ਲੋਕ ਸਭਾ ਵਿੱਚ ਅੱਗੇ ਨਾਲੋਂ ਬਹੁਤ ਵੱਧ ਮੈਂਬਰਾਂ ਦਾ ਆਗੂ ਬਣਨ ਨਾਲ ਰਾਜ ਸਭਾ ਵਿੱਚੋਂ ਕੁਝ ਲੋਕਾਂ ਦੀ ਦਲ-ਬਦਲੀ ਅਤੇ ਕੁਝ ਹੋਰਨਾਂ ਦੇ ਅਸਤੀਫੇ ਦਿਵਾ ਕੇ ਵਿਰੋਧੀ ਧਿਰ ਨੂੰ ਅਧਰੰਗ ਦੀ ਮਾਰੀ ਸਾਬਤ ਕਰਨ ਅਤੇ ਕਈ ਵਿਰੋਧੀ ਆਗੂਆਂ ਨੂੰ ਫੈਸਲੇ ਦੀ ਘੜੀ ਹਾਜ਼ਰ ਨਾ ਹੋਣ ਲਈ ਮਨਾਉਣ ਵਿੱਚ ਸਫਲ ਹੋ ਗਏ, ਉਨ੍ਹਾਂ ਨੇ ਅਗਲੇ ਕੰਮ ਛੋਹ ਦਿੱਤੇ ਸਨ। ਪਹਿਲਾਂ ਸੂਚਨਾ ਅਧਿਕਾਰ ਅਤੇ ਤਿੰਨ ਤਲਾਕ ਵਰਗੇ ਕੁਝ ਅਟਕੇ ਹੋਏ ਬਿੱਲ ਰਾਜ ਸਭਾ ਤੋਂ ਦਾਅ-ਪੇਚਕ ਹੁਨਰ ਨਾਲ ਪਾਸ ਕਰਵਾਏ ਤੇ ਫਿਰ ਰਾਜ ਸਭਾ ਵਿੱਚੋਂ ਜੰਮੂ-ਕਸ਼ਮੀਰ ਦੀ ਧਾਰਾ ਤਿੰਨ ਸੌ ਸੱਤਰ ਉੱਤੇ ਕਾਟਾ ਮਰਵਾ ਦਿੱਤਾ। ਇਸ ਦੇ ਨਾਲ ਗੱਡੀ ਇੱਕ ਵਾਰ ਰਿੜ੍ਹਨ ਦੇ ਰਾਹ ਪੈ ਗਈ ਹੈ ਤੇ ਆਏ ਦਿਨ ਕੋਈ ਨਵਾਂ ਕਦਮ ਚੁੱਕਿਆ ਜਾ ਰਿਹਾ ਹੈ, ਕੁਝ ਕਦਮ ਉਠਾਏ ਜਾਣ ਦੇ ਐਲਾਨ ਕੀਤੇ ਜਾਣ ਲੱਗ ਪਏ ਹਨ ਤੇ ਕੁਝ ਕਦਮਾਂ ਬਾਰੇ ਕਨਸੋਆਂ ਇੰਜ ਸੁਣਨ ਲੱਗ ਪਈਆਂ ਹਨ ਕਿ ਸਭ ਕੁਝ ਬਦਲਦਾ ਜਾਪਦਾ ਹੈ।

ਨਰਿੰਦਰ ਮੋਦੀ ਸਰਕਾਰ ਦੇ ਪਹਿਲੇ ਰਾਜ ਵਿੱਚ ਇੱਕ ਵਾਰੀ ਕੁਝ ਬੈਂਕ ਵਲ੍ਹੇਟ ਕੇ ਸਟੇਟ ਬੈਂਕ ਆਫ ਇੰਡੀਆ ਦੇ ਢਿੱਡ ਵਿੱਚ ਪਾਏ ਗਏ ਸਨ ਤੇ ਕੁਝ ਹੋਰਨਾਂ ਨੂੰ ਬੈਂਕ ਆਫ ਬੜੌਦਾ ਵਿੱਚ ਸ਼ਾਮਲ ਕੀਤਾ ਗਿਆ ਸੀ। ਜਿਹੜੇ ਕਿਸੇ ਬੈਂਕ ਦੇ ਨਾਂਅ ਨਾਲ 'ਸਟੇਟ ਬੈਂਕ' ਲੱਗਦਾ ਸੀ, ਇਹੋ ਜਿਹੇ ਪੰਜ ਬੈਂਕ ਪਿਛਲੇਰੇ ਸਾਲ ਸਟੇਟ ਬੈਂਕ ਵਿੱਚ ਸ਼ਾਮਲ ਕਰਨ ਦੇ ਨਾਲ ਭਾਰਤੀ ਮਹਿਲਾ ਬੈਂਕ ਵੀ ਇਸ ਵਿੱਚ ਮਿਲਾ ਦਿੱਤਾ ਸੀ ਤੇ ਪੰਜਾਬ ਨਾਲ ਸੰਬੰਧਤ ਸਟੇਟ ਬੈਂਕ ਆਫ ਪਟਿਆਲਾ ਵੀ ਓਦੋਂ ਸਮੇਟ ਦਿੱਤਾ ਗਿਆ ਸੀ। ਅਗਲੇ ਸਾਲ ਮੋਦੀ ਸਰਕਾਰ ਨੇ ਦੇਨਾ ਬੈਂਕ ਅਤੇ ਵਿਜਯਾ ਬੈਂਕ ਨੂੰ ਵੀ ਬੈਂਕ ਆਫ ਬੜੌਦਾ ਵਿੱਚ ਸ਼ਾਮਲ ਕਰ ਦਿੱਤਾ ਤਾਂ ਇਸ ਤੋਂ ਬਾਅਦ ਪੰਜਾਬ ਨੈਸ਼ਨਲ ਬੈਂਕ ਦੀ ਵਾਰੀ ਮੰਨੀ ਜਾਣ ਲੱਗੀ ਸੀ। ਦਿੱਲੀ ਦੇ ਦਿਆਲ ਸਿੰਘ ਕਾਲਜ ਤੋਂ ਦਿਆਲ ਸਿੰਘ ਮਜੀਠੀਏ ਦਾ ਨਾਂਅ ਕੱਟੇ ਜਾਣ ਵੇਲੇ ਇਹ ਰੌਲਾ ਪਿਆ ਸੀ ਕਿ ਦਿਆਲ ਸਿੰਘ ਵੱਲੋਂ ਕਾਇਮ ਕੀਤਾ ਗਿਆ ਪੰਜਾਬ ਨੈਸ਼ਨਲ ਬੈਂਕ ਵੀ ਸ਼ਾਇਦ ਨਹੀਂ ਰਹਿਣ ਦਿੱਤਾ ਜਾਵੇਗਾ, ਪਰ ਲੋਕ ਸਭਾ ਚੋਣਾਂ ਸਿਰ ਉੱਤੇ ਵੇਖ ਕੇ ਓਦੋਂ ਸਰਕਾਰ ਨੇ ਇਹ ਇਰਾਦਾ ਛੱਡ ਦਿੱਤਾ ਸੀ। ਬੀਤੇ ਸ਼ੁੱਕਰਵਾਰ ਖ਼ਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੇ ਭਾਜਪਾ ਦੀ ਮੌਜੂਦਾ ਸਰਕਾਰ ਵੱਲੋਂ ਇਹ ਐਲਾਨ ਕਰ ਦਿੱਤਾ ਹੈ ਕਿ ਦਸ ਹੋਰ ਬੈਂਕ ਏਸੇ ਤਰ੍ਹਾਂ ਚਾਰ ਵੱਡੇ ਬੈਂਕਾਂ ਵਿੱਚ ਮਿਲਾ ਲੈਣੇ ਤੇ ਦੇਸ਼ ਵਿੱਚ ਸਿਰਫ ਦਸ ਸਰਕਾਰੀ ਬੈਂਕ ਰਹਿਣ ਦੇਣੇ ਹਨ, ਜਿਨ੍ਹਾਂ ਵਿੱਚ ਪੰਜਾਬ ਨੈਸ਼ਨਲ ਬੈਂਕ ਵੀ ਹੋਵੇਗਾ ਤੇ ਦੋ ਬੈਂਕਾਂ ਨੂੰ ਆਪਣੇ ਢਿੱਡ ਵਿੱਚ ਪਾਉਣ ਪਿੱਛੋਂ ਇਹ ਭਾਰਤ ਦਾ ਦੂਸਰਾ ਵੱਡਾ ਬੈਂਕ ਅਖਵਾਏਗਾ। ਚਲੋ ਕੋਈ ਗੱਲ ਨਹੀਂ।

ਤੀਸਰਾ ਮਾਮਲਾ ਲੋਕ ਸਭਾ ਚੋਣਾਂ ਹੋਣ ਤੋਂ ਪਹਿਲਾਂ ਮੋਦੀ ਸਰਕਾਰ ਦੀ ਉਸ ਇੱਛਾ ਦੀ ਪੂਰਤੀ ਦਾ ਸੀ, ਜਿਸ ਵਿੱਚ ਇਹ ਗੱਲ ਚਲਾਈ ਗਈ ਕਿ ਰਿਜ਼ਰਵ ਬੈਂਕ ਕੋਲ ਪਿਆ ਪੈਸਾ ਕਿਸੇ ਕੰਮ ਨਹੀਂ ਆ ਰਿਹਾ ਤੇ ਇਹ ਕੇਂਦਰੀ ਸਰਕਾਰ ਨੂੰ ਵਿਕਾਸ ਕੰਮ ਲਈ ਦੇ ਦੇਣਾ ਚਾਹੀਦਾ ਹੈ। ਓਦੋਂ ਦੇ ਰਿਜ਼ਰਵ ਬੈਂਕ ਦੇ ਬੋਰਡ ਵਿਚਲੇ ਕੁਝ ਮੈਂਬਰਾਂ ਨੇ ਵਿਰੋਧ ਕੀਤਾ ਅਤੇ ਰਾਜਸੀ ਖੇਤਰ ਵਿੱਚੋਂ ਵੀ ਵੱਡਾ ਵਿਰੋਧ ਹੋਣ ਕਾਰਨ ਚੋਣਾਂ ਮੌਕੇ ਕਿਸੇ ਨਵੇਂ ਵਿਵਾਦ ਤੋਂ ਬਚਣ ਲਈ ਸਰਕਾਰ ਨੇ ਇਰਾਦਾ ਬਦਲ ਲਿਆ ਸੀ, ਪਰ ਚੋਣਾਂ ਜਿੱਤਣ ਦੇ ਤਿੰਨ ਮਹੀਨੇ ਨਹੀਂ ਸੀ ਲੰਘਣ ਦਿੱਤੇ ਕਿ ਉਸ ਨੇ ਰਿਜ਼ਰਵ ਬੈਂਕ ਤੋਂ ਪੌਣੇ ਦੋ ਲੱਖ ਕਰੋੜ ਰੁਪਏ ਆਪਣੇ ਖਾਤੇ ਵਿੱਚ ਪਵਾ ਲਏ ਹਨ। ਇਹ ਪੈਸਾ ਭਵਿੱਖ ਦੀ ਕਿਸੇ ਐਮਰਜੈਂਸੀ ਲਈ ਰੱਖਣ ਦੀ ਰਿਵਾਇਤ ਹੈ ਤੇ ਇੱਕ ਵਾਰੀ ਪਹਿਲਾਂ ਜਦੋਂ ਏਦਾਂ ਦੀ ਸੋਚ ਵਾਜਪਾਈ ਸਰਕਾਰ ਵੇਲੇ ਉੱਭਰੀ ਸੀ ਤਾਂ ਸਭ ਤੋਂ ਪਹਿਲਾਂ ਆਰ ਐੱਸ ਐੱਸ ਨੇ ਇਸ ਦਾ ਵਿਰੋਧ ਕੀਤਾ ਸੀ। ਇਸ ਵਾਰੀ ਆਰ ਐੱਸ ਐੱਸ ਕੇਂਦਰ ਸਰਕਾਰ ਦੇ ਨਾਲ ਖੜਾ ਹੈ।

ਏਜੰਡਾ ਅਜੇ ਸ਼ੁਰੂ ਹੋਇਆ ਹੈ, ਕਿਸੇ ਸਿਰੇ ਨਹੀਂ ਲੱਗਾ ਅਤੇ ਛੇਤੀ ਲੱਗਣ ਵਾਲਾ ਵੀ ਨਹੀਂ। ਰਾਮ ਮੰਦਰ ਦਾ ਮੁੱਦਾ ਬੜੇ ਲੰਮੇ ਸਮੇਂ ਤੋਂ ਲਟਕਿਆ ਪਿਆ ਸੀ। ਸੁਪਰੀਮ ਕੋਰਟ ਨੇ ਪਿਛਲੇ ਸਾਲ ਛੇਤੀ ਸੁਣਵਾਈ ਦੀ ਗੱਲ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ, ਪਰ ਇਸ ਵਾਰ ਉਹ ਰੋਜ਼ਾਨਾ ਸੁਣਵਾਈ ਲਈ ਸਹਿਮਤ ਹੋ ਗਈ ਹੈ ਤੇ ਓਥੇ ਉਹ ਲੋਕ ਇਸ ਕੇਸ ਵਿੱਚ ਸਰਕਾਰ ਦੇ ਪੱਖ ਵਿੱਚ ਬੋਲਣ ਲੱਗੇ ਹਨ, ਜਿਹੜੇ ਕਈ ਸਾਲਾਂ ਤੋਂ ਵਿਰੋਧ ਕਰਦੇ ਆਏ ਸਨ। ਮੁਸਲਿਮ ਧਿਰਾਂ ਵਿੱਚੋਂ ਇੱਕ ਇਹ ਕਹਿਣ ਲੱਗ ਪਈ ਹੈ ਕਿ ਝਗੜੇ ਵਾਲੀ ਜਗ੍ਹਾ ਨਮਾਜ਼ ਨਹੀਂ ਪੜ੍ਹੀ ਜਾ ਸਕਦੀ, ਇਸ ਲਈ ਇਹ ਜਗ੍ਹਾ ਕਿਸੇ ਨੂੰ ਵੀ ਦਿੱਤੀ ਜਾਵੇ, ਸਾਨੂੰ ਇਸ ਦਾ ਵਿਰੋਧ ਨਹੀਂ ਕਰਨਾ ਚਾਹੀਦਾ। ਕਾਨੂੰਨੀ ਜੰਗ ਇਸ ਵੇਲੇ ਹਿੰਦੂ ਅਤੇ ਮੁਸਲਿਮ ਧਿਰਾਂ ਵਿੱਚ ਓਨੀ ਨਹੀਂ, ਜਿੰਨੀ ਹਿੰਦੂ ਧਿਰਾਂ ਵਿੱਚੋਂ ਨਿਰਮੋਹੀ ਅਖਾੜੇ ਦੇ ਸਾਧੂਆਂ ਤੇ 'ਰਾਮ ਲੱਲਾ ਬਿਰਾਜਮਾਨ' ਵਾਲੀਆਂ ਦੋ ਧਿਰਾਂ ਵਿਚਾਲੇ ਹੁੰਦੀ ਪਈ ਹੈ। ਇਸ ਵਿੱਚ ਕਿਸੇ ਦਿਨ ਅਖਾੜੇ ਦੇ ਸਾਧੂ ਪਿੱਛੇ ਹਟਣ ਦਾ ਐਲਾਨ ਕਰ ਦੇਣ, ਜਿਸ ਲਈ ਯਤਨ ਵੀ ਕੀਤੇ ਜਾ ਰਹੇ ਹਨ ਤਾਂ ਉਹ ਥਾਂ ਸਾਫ ਹੋ ਸਕਦੀ ਹੈ, ਜਿਸ ਬਾਰੇ ਵਾਜਪਾਈ ਨੇ ਇੱਕ ਵਾਰ ਇਹ ਕਿਹਾ ਸੀ ਕਿ 'ਓਥੇ ਕੁਝ ਨੋਕੀਲੇ ਪੱਥਰ ਹਨ ਤਾਂ ਉਹ ਲੋਕਾਂ ਦੇ ਬੈਠਣ ਲਈ ਸਾਫ ਕਰਨੇ ਪੈਣਗੇ।' ਨੋਕੀਲੇ ਪੱਥਰ ਓਦੋਂ ਵਾਜਪਾਈ ਨੇ ਬਾਬਰੀ ਮਸਜਿਦ ਦੇ ਗੁੰਬਦਾਂ ਨੂੰ ਕਿਹਾ ਸੀ ਤੇ ਲਖਨਊ ਵਿੱਚ ਦਿੱਤੇ ਵਾਜਪਾਈ ਦੇ ਭਾਸ਼ਣ ਤੋਂ ਅਗਲੇ ਦਿਨ ਭਾਜਪਾ ਦੀ ਭੜਕਾਈ ਹੋਈ ਭੀੜ ਨੇ ਢਾਹ ਕੇ ਉਹ 'ਨੋਕੀਲੇ ਪੱਥਰ' ਸਾਫ ਕਰ ਦਿੱਤੇ ਸਨ। ਬਾਕੀ ਕੰਮ ਅਗਲੇ ਦਿਨੀਂ ਹੋ ਸਕਦਾ ਹੈ। ਹਿੰਦੂ ਸੰਤਾਂ ਦੀ ਇੱਕ ਧਿਰ ਬੜੇ ਚਿਰ ਤੋਂ ਇਸ ਕੰਮ ਵਾਸਤੇ ਪਾਰਲੀਮੈਂਟ ਤੋਂ ਮਤਾ ਪਾਸ ਕਰਵਾਉਣ ਨੂੰ ਕਾਹਲੀ ਪੈ ਰਹੀ ਸੀ, ਉਸ ਨੂੰ ਵੀ ਇਸ ਪੜਾਅ ਉੱਤੇ ਇਹ ਜਾਪਣ ਲੱਗ ਪਿਆ ਹੈ ਕਿ ਫੈਸਲਾ ਸਾਡੇ ਪੱਖ ਵਿੱਚ ਹੋਣ ਦੇ ਹਾਲਾਤ ਹੋ ਸਕਦੇ ਹਨ।

ਇੱਕ ਏਜੰਡਾ ਹੋਰ ਹੈ ਅਤੇ ਉਹ ਆਰ ਐੱਸ ਐੱਸ ਦੇ ਜਨਮ ਵੇਲੇ ਤੋਂ ਚੱਲਦਾ ਆ ਰਿਹਾ ਹੈ। ਬਹੁਤੇ ਲੋਕਾਂ ਨੂੰ ਯਾਦ ਨਹੀਂ ਕਿ ਜਿਸ ਸਾਲ ਸਤੰਬਰ ਵਿੱਚ ਆਰ ਐੱਸ ਐੱਸ ਦੀ ਸ਼ੁਰੂਆਤ ਕੀਤੀ ਗਈ ਸੀ, ਓਸੇ ਸਾਲ ਦੋ ਮਹੀਨੇ ਪਿੱਛੋਂ ਇਸ ਦੇਸ਼ ਵਿੱਚ ਕਮਿਊਨਿਸਟ ਪਾਰਟੀ ਬਾਕਾਇਦਾ ਤੌਰ ਉੱਤੇ ਬਣਾਈ ਗਈ ਸੀ। ਦੇਸ਼ ਦੀ ਆਜ਼ਾਦੀ ਲਹਿਰ ਵੇਲੇ ਇੱਕ ਧਿਰ ਖੱਬੇ ਨੂੰ ਲਿਜਾਣ ਵਾਲੀ ਤੇ ਦੂਸਰੀ ਅਸਲੋਂ ਸੱਜੇ ਦਾ ਮੋੜਾ ਕੱਟਣ ਵਾਲੀ ਹੋਣ ਕਾਰਨ ਇਨ੍ਹਾਂ ਦੋਵਾਂ ਦਾ ਆਢਾ ਓਦੋਂ ਹੀ ਲੱਗ ਗਿਆ ਸੀ ਤੇ ਉਹ ਆਢਾ ਅੱਜ ਤੱਕ ਜਾਰੀ ਹੈ। ਵੀਰ ਸਾਵਰਕਰ ਕਿੱਦਾਂ ਦਾ ਸੀ, ਕਾਂਗਰਸ ਦੇ ਆਗੂ ਓਦੋਂ ਤੱਕ ਉਸ ਬਾਰੇ ਕੁਝ ਨਹੀਂ ਕਹਿੰਦੇ, ਜਦੋਂ ਤੱਕ ਆਪਣੇ ਖਿਲਾਫ ਕੋਈ ਹਮਲਾਵਰੀ ਹੁੰਦੀ ਨਹੀਂ ਵੇਖਦੇ ਤੇ ਖੱਬੇ ਪੱਖੀਏ ਉਸ ਦੇ ਖਿਲਾਫ ਬੋਲਣ ਦਾ ਕੋਈ ਮੌਕਾ ਛੱਡਦੇ ਨਹੀਂ। ਆਰ ਐੱਸ ਐੱਸ ਨਾਲ ਜੁੜੇ ਹਾਸੋਹੀਣੇ ਸਿਧਾਂਤਕਾਰ ਜਦੋਂ ਮਹਾਭਾਰਤ ਦੇ ਵਕਤ ਵੀ ਭਾਰਤ ਵਿੱਚ ਵਾਟਸ ਐਪ ਹੋਣ ਜਾਂ ਰਾਜ ਜਨਕ ਦੀ ਬੇਟੀ ਸੀਤਾ ਨੂੰ ਭਾਰਤ ਵਿਚਲਾ ਪਹਿਲਾ ਟੈਸਟ ਟਿਊਬ ਬੇਬੀ ਆਖਦੇ ਹਨ ਤਾਂ ਕਾਂਗਰਸੀ ਲੀਡਰ ਵਿਰੋਧ ਕਰਨ ਦੀ ਲੋੜ ਨਹੀਂ ਸਮਝਦੇ ਅਤੇ ਖੱਬੇ ਪੱਖੀ ਚੁੱਪ ਨਹੀਂ ਰਹਿੰਦੇ। ਦੋਵਾਂ ਦਾ ਵਿਰੋਧ ਭਾਰਤ ਦੀ ਰਾਜਨੀਤੀ ਦੇ ਅਗਲੇ ਏਜੰਡੇ ਦਾ ਹਿੱਸਾ ਬਣਨ ਵਾਲਾ ਹੈ। ਸਰਕਾਰ ਚਲਾ ਰਹੀ ਪਾਰਟੀ ਦੇ ਕਾਹਲੇ ਸਮੱਰਥਕ ਇਨ੍ਹੀਂ ਦਿਨੀਂ ਮੀਡੀਏ ਵਿੱਚ 'ਸ਼ਹਿਰੀ ਨਕਸਲ' ਮੁੱਦੇ ਉੱਤੇ ਓਸੇ ਤਰ੍ਹਾਂ ਭਖਵੀਂ ਬਹਿਸ ਦੇ ਪ੍ਰੋਗਰਾਮ ਐਵੇਂ ਨਹੀਂ ਰੱਖਣ ਲੱਗ ਪਏ, ਜਿਵੇਂ ਇੱਕ ਮਹੀਨਾ ਪਹਿਲਾਂ ਤੱਕ ਉਹ ਕਸ਼ਮੀਰ ਦੀ ਧਾਰਾ ਤਿੰਨ ਸੌ ਸੱਤਰ ਦੇ ਮੁੱਦੇ ਉੱਤੇ ਵੀ ਕਰਿਆ ਕਰਦੇ ਸਨ। ਏਦਾਂ ਦਾ ਕੰਮ ਉਹ ਆਪ ਨਹੀਂ ਕਰਦੇ ਹੁੰਦੇ, ਕਿਸੇ ਦੇ ਇਸ਼ਾਰੇ ਉੱਤੇ ਕਰਦੇ ਹਨ। ਅਗਸਤ ਦੇ ਅਖੀਰ ਤੱਕ ਭਾਰਤ ਵਿੱਚ 'ਸਾਰੇ ਲੋਕਾਂ ਲਈ ਇੱਕੋ ਜਿਹਾ' ਸੰਵਿਧਾਨ ਲਾਗੂ ਕਰਨ ਦਾ ਏਜੰਡਾ ਬੇਰੁੱਖਾ ਹੁੰਦਾ ਜਾਪਣ ਲੱਗ ਪਿਆ ਹੈ। ਇਹ ਨਵਾਂ ਏਜੰਡਾ ਹੌਲੀ-ਹੌਲੀ ਉਸ ਫਿੱਕੇ ਪੈ ਚੁੱਕੇ ਏਜੰਡੇ ਦੀ ਥਾਂ ਮੱਲ ਰਿਹਾ ਹੈ। ਭੀੜ ਕਿਸੇ ਨੂੰ ਮਾਰਦੀ ਹੈ ਤਾਂ ਮਾਰਨ ਦਿਓ, ਅਜੇ ਕੁਝ ਦਿਨ ਰੁਕ ਕੇ ਉਸ ਬਾਰੇ ਸੋਚਿਆ ਜਾ ਸਕਦਾ ਹੈ, 'ਸ਼ਹਿਰੀ ਨਕਸਲ' ਵਾਲਾ ਮੁੱਦਾ ਅਤੇ ਇਸ ਦੇ ਨਾਲ ਹੀ ਕਿਸੇ ਜੱਜ ਵੱਲੋਂ ਕੇਸ ਦੀ ਸੁਣਵਾਈ ਦੌਰਾਨ ਲੂਈ ਟਾਲਸਟਾਏ ਦੀ ਕਿਤਾਬ 'ਜੰਗ ਅਤੇ ਅਮਨ' ਬਾਰੇ ਅਸਲੋਂ ਬੇਲੋੜੀ ਟਿਪਣੀ ਕਰਨ ਦਾ ਜੋ ਮਤਲਬ ਹੈ, ਉਹ 'ਮਤਲਬ' ਅਗੇਤਾ ਏਜੰਡਾ ਬਣ ਰਿਹਾ ਹੈ। ਅਗਲਾ ਸਾਲ ਕਿਤੇ ਰਿਹਾ, ਅਗਲਾ ਮਹੀਨਾ ਹੀ ਇਸ ਦੇਸ਼ ਦੀ ਰਾਜਨੀਤੀ ਵਿੱਚ ਜਿਹੜਾ ਮੋੜ ਲਿਆਉਣ ਵਾਲਾ ਹੈ, ਇਸ ਵਰਤਾਰੇ ਤੋਂ ਸਮਝ ਪੈ ਸਕਦਾ ਹੈ।

ਇਸ ਵਕਤ ਦੀ ਸਰਕਾਰ ਕਿਸੇ ਹੋਰ ਦੇ ਸਮੱਰਥਨ ਦੀ ਮੁਥਾਜ ਨਹੀਂ। ਉਸ ਕੋਲ ਲੋਕ ਸਭਾ ਅੰਦਰ ਬਹੁ-ਗਿਣਤੀ ਅਤੇ ਰਾਜ ਸਭਾ ਵਿੱਚ ਬਹੁ-ਗਿਣਤੀ ਕਰਨ ਦਾ ਜੁਗਾੜ ਮੌਜੂਦ ਹੈ। ਜਿਹੜੇ ਕੰਮ ਕਰਨ ਤੋਂ ਵਾਜਪਾਈ ਸਰਕਾਰ ਨੂੰ ਝਿਜਕ ਸੀ, ਉਹ ਇਸ ਵੇਲੇ ਕੀਤੇ ਜਾਣ ਲੱਗੇ ਹਨ। ਸਥਿਤੀ ਪੂਰੀ ਤਰ੍ਹਾਂ ਬਦਲ ਚੁੱਕੀ ਹੈ। ਇਸ ਸਥਿਤੀ ਨੂੰ ਸਮਝਣ ਵਿੱਚ ਕਿਸੇ ਨੂੰ ਕੋਈ ਔਖ ਨਹੀਂ ਹੋਣੀ ਚਾਹੀਦੀ। ਫਿਰ ਵੀ ਕਈ ਲੋਕ ਹਾਲੇ ਤੱਕ ਅਗਲੇ ਰੂਟ ਤੋਂ ਸਿਰ ਫੇਰ ਰਹੇ ਹਨ। ਜਿਨ੍ਹਾਂ ਘੇਸਲ ਮਾਰੀ ਰੱਖਣ ਦੀ ਆਦਤ ਨਹੀਂ ਪਾਈ, ਉਹ ਅੱਜ ਦੇ ਰੰਗ ਵਟਾਉਂਦੇ ਹਾਲਾਤ ਵੇਖ ਸਕਦੇ ਤੇ ਕਹਿ ਸਕਦੇ ਹਨ ਕਿ ਭਾਰਤ ਵਿੱਚ ਬਹੁਤ ਕੁਝ ਬਦਲ ਗਿਆ ਹੈ, ਕੁਝ ਬਦਲਦਾ ਪਿਆ ਤੇ ਕੁਝ ਛੇਤੀ ਬਦਲਣ ਵਾਲਾ ਜਾਪਦਾ ਹੈ।

# ਲੋਕ ਸਭਾ ਵਿੱਚ ਕਾਂਗਰਸ ਕੋਲ ਪ੍ਰਭਾਵਸ਼ਾਲੀ ਲੀਡਰਸ਼ਿਪ ਨਹੀਂ

-ਕਰਣ ਥਾਪਰ

ਸੰਭਵ ਤੌਰ 'ਤੇ ਕਿਉਂਕਿ ਸਾਰਾ ਧਿਆਨ ਰਾਹੁਲ ਗਾਂਧੀ ਦੇ ਅਸਤੀਫੇ ਅਤੇ ਕਾਂਗਰਸ ਪਾਰਟੀ ਦੇ ਇੱਕ ਮਹੀਨੇ ਤੱਕ ਇਹ ਸਵੀਕਾਰ ਕਰਨ ਤੋਂ ਇਨਕਾਰ ਕਰਨ 'ਤੇ ਕੇਂਦਰਿਤ ਸੀ ਕਿ ਉਨ੍ਹਾਂ ਨੇ ਸੱਚਮੁੱਚ ਆਪਣਾ ਮਨ ਬਣਾ ਲਿਆ ਹੈ, ਪਾਰਟੀ ਦੀ ਲੀਡਰਸ਼ਿਪ ਵਿੱਚ ਇੱਕ ਹੋਰ ਸਪੱਸ਼ਟ ਕਮਜ਼ੋਰੀ ਵੱਲ ਉਚਿਤ ਧਿਆਨ ਨਹੀਂ ਦਿੱਤਾ। ਮੇਰਾ ਇਸ਼ਾਰਾ ਨਿਸ਼ਚਿਤ ਤੌਰ 'ਤੇ ਲੋਕ ਸਭਾ ਵਿੱਚ ਇਸ ਦੀ ਲੀਡਰਸ਼ਿਪ ਵੱਲ ਹੈ। ਇਸ ਦੇ ਬਾਵਜੂਦ ਕਿ ਕਈ ਵਾਰ ਇਹ ਕਾਂਗਰਸ ਪਾਰਟੀ ਦੀ ਜੀਵੰਤਤਾ ਅਤੇ ਪ੍ਰਭਾਵਸ਼ੀਲਤਾ ਦਾ ਸੰਦੇਸ਼ ਦੇਣ ਲਈ ਮਹੱਤਵ ਪੂਰਨ ਹੁੰਦਾ ਹੈ।

ਅਫਸੋਸ ਨਾਕ ਸੱਚ ਇਹ ਹੈ ਕਿ 2014 ਤੋਂ ਕਾਂਗਰਸ ਕੋਲ ਕੋਈ ਪ੍ਰਭਾਵਸ਼ਾਲੀ ਨੇਤਾ ਨਹੀਂ। ਮਲਿਕਾਰ-ਜੁਨ ਖੜਗੇ ਸਿਰਫ ਆਪਣੇ ਕੱਦ ਦੇ ਲਿਹਾਜ਼ ਨਾਲ ਉਚੇ ਸਨ। ਉਨ੍ਹਾਂ ਦਾ ਇੱਕ ਹੋਰ ਵਰਣਨ ਯੋਗ ਪਹਿਲੂ ਉਨ੍ਹਾਂ ਦੀ ਆਵਾਜ਼ ਸੀ, ਪਰ ਬੱਸ ਇੰਨਾ ਹੀ। ਵਿਰੋਧੀ ਬੈਂਚਾਂ 'ਤੇ ਉਨ੍ਹਾਂ ਦੀ ਕਾਰਗੁਜ਼ਾਰੀ ਦੁਰਲੱਭ ਤੌਰ 'ਤੇ ਦਿਲਚਸਪ ਸੀ, ਜੋ ਉਨ੍ਹਾਂ ਨੇ ਕਹਿਣਾ ਸੀ, ਨਾ ਉਸ ਨੇ ਅਤੇ ਨਾ ਉਨ੍ਹਾਂ ਨੇ ਜੋ ਕਿਹਾ, ਉਸ ਨੇ ਦੇਸ਼ ਦੇ ਧਿਆਨ ਨੂੰ ਆਕਰਸ਼ਿਤ ਕੀਤਾ। ਇਸੇ ਕਾਰਨ ਉਨ੍ਹਾਂ ਉੱਤੇ ਧਿਆਨ ਨਹੀਂ ਦਿੱਤਾ ਗਿਆ। ਉਨ੍ਹਾਂ ਦੀ ਬੱਸ ਉਥੇ ਮੌਜੂਦ ਹੀ ਸੀ।

ਇਹ ਮਾਮਲਾ ਹੋਰ ਵੀ ਵਧ ਜਾਂਦਾ ਹੈ, ਜਦੋਂ ਤੁਸੀਂ ਕਾਂਗਰਸ ਦੇ ਲੋਕ ਸਭਾ ਵਿੱਚ ਅੱਜ ਵਾਲੇ ਨੇਤਾ ਅਧੀਰ ਰੰਜਨ ਚੌਧਰੀ ਵੱਲ ਰੁਖ਼ ਕਰਦੇ ਹੋ। ਉਨ੍ਹਾਂ ਵਿੱਚ ਖੜਗੇ ਦੀਆਂ ਸਾਰੀਆਂ ਖਾਮੀਆਂ ਹਨ, ਪਰ ਇਸ ਤੋਂ ਇਲਾਵਾ ਉਹ ਵਿਸ਼ੇਸ਼ ਤੌਰ ਉੱਤੇ ਲੰਮੇ ਨਹੀਂ ਹਨ, ਜਦ ਕਿ ਉਨ੍ਹਾਂ ਦੀ ਆਵਾਜ਼ ਮੱਧਮ ਅਤੇ ਰੁੱਖੀ ਜਿਹੀ ਹੈ। ਜਦੋਂ ਉਹ ਬੋਲਣ ਲਈ ਖੜੇ ਹੁੰਦੇ ਹਨ ਤਾਂ ਸਦਨ ਨੂੰ ਪ੍ਰਭਾਵਤ ਨਹੀਂ ਕਰਦੇ। ਤੁਸੀਂ ਉਨ੍ਹਾਂ ਦੀ ਆਪਣੀ ਪਾਰਟੀ ਨੂੰ ਵੀ ਉਨ੍ਹਾਂ ਨੂੰ ਸੁਣਨ ਦੀ ਬਜਾਏ ਸੈਲਫੋਨ 'ਚ ਰੁੱਝੀ ਹੋਈ ਵੇਖਦੇ ਹੋ। ਜੇ ਕੋਈ ਨੇਤਾ ਆਪਣੇ ਸਹਿਯੋਗੀਆਂ ਦੇ ਧਿਆਨ ਨੂੰ ਹੀ ਕੰਟਰੋਲ ਨਹੀਂ ਕਰ ਸਕਦਾ, ਉਸ ਦੇ ਸਾਹਮਣੇ ਦੇ ਹਾਕਮ ਧਿਰ ਬੈਂਚਾਂ ਉਤੇ ਕੋਈ ਪ੍ਰਭਾਵ ਛੱਡਣ ਦੀ ਬਹੁਤ ਘੱਟ ਸੰਭਾਵਨਾ ਹੈ। ਜੰਮੂ-ਕਸ਼ਮੀਰ ਬਾਰੇ ਸਰਕਾਰ ਦੇ ਕੀਤੇ ਗਏ ਸੰਵਿਧਾਨਕ ਬਦਲਾਵਾਂ ਉੱਤੇ ਚਰਚਾ ਦੌਰਾਨ ਚੌਧਰੀ ਵੱਲੋਂ ਕੀਤੀ ਗਈ ਬਹੁਤ ਵੱਡੀ ਗਲਤੀ ਸ਼ਰਮਿੰਦਾ ਕਰਨ ਨਾਲੋਂ ਕਿਤੇ ਵੱਧ ਸੀ, ਜਿਸ ਨੇ ਇੱਕ ਗੰਭੀਰ ਸਮੱਸਿਆ ਦਾ ਸੰਕੇਤ ਦਿੱਤਾ। ਗੁੰਝਲਦਾਰ ਮੁੱਦਿਆਂ ਉੱਤੇ ਉਨ੍ਹਾਂ ਦੀ ਪਕੜ ਨਹੀਂ। ਉਹ ਜ਼ੁਬਾਨ ਤਿਲਕਣ ਦਾ ਮਾਮਲਾ ਨਹੀਂ ਸੀ, ਇਹ ਅਗਿਆਨਤਾ ਜਾਂ ਗਲਤ ਸਮਝ ਦਾ ਸਬੂਤ ਸੀ। ਇਸ ਦੇ ਵਾਇਰਲ ਹੋਏ ਵਿਜ਼ੂਅਲਸ, ਜਿਨ੍ਹਾਂ ਵਿੱਚ ਸੋਨੀਆ ਗਾਂਧੀ ਨੂੰ ਰਾਹੁਲ ਗਾਂਧੀ ਵੱਲ ਦੇਖਦੇ ਤੇ ਬੇਭਰੋਸਗੀ ਨਾਲ ਆਪਣੇ ਭਰਵੱਟੇ ਚਾੜ੍ਹਦੇ ਦਿਖਾਇਆ ਗਿਆ ਹੈ, ਨੇ ਉਨ੍ਹਾਂ ਦੀ ਸਥਿਤੀ ਇੰਨੀ ਕਮਜ਼ੋਰ ਕਰ ਦਿੱਤੀ, ਜਿਸ ਵਿੱਚ ਸੁਧਾਰ ਨਹੀਂ ਕੀਤਾ ਜਾ ਸਕਦਾ। ਅਜਿਹੀ ਬੁਰਾਈ ਨੂੰ ਸੁਧਾਰ ਸਕਣਾ ਅਸੰਭਵ ਹੈ।

ਫਿਰ ਵੀ ਕਾਂਗਰਸ ਦਾ ਅਤਿਕਥਨੀ ਭਰਿਆ ਪਹਿਲੂ ਇਹ ਹੈ ਕਿ ਜਾਂ ਉਹ ਇਸ ਸੱਚ ਨੂੰ ਸਵੀਕਾਰ ਨਹੀਂ ਕਰਨਾ ਚਾਹੁੰਦੀ ਜਾਂ ਇਸ ਬਾਰੇ ਕੁਝ ਕਰਨਾ ਨਹੀਂ ਚਾਹੁੰਦੀ। ਇਹ ਆਪਣੇ ਦੂਜੇ ਦਰਜੇ ਦੇ ਨੇਤਾ ਨੂੰ ਲੋਕ ਸਭਾ ਵਿੱਚ ਆਪਣੇ ਚਿਹਰੇ ਦੇ ਤੌਰ ਉੱਤੇ ਦੇਖ ਕੇ ਖੁਸ਼ ਹਨ ਅਤੇ ਇਹ ਨੁਕਸਾਨਦਾਇਕ ਅਨੁਮਾਨਾਂ ਦਾ ਕਾਰਨ ਬਣਦਾ ਹੈ। ਈਮਾਨਦਾਰੀ ਨਾਲ ਕਹੀਏ ਤਾਂ ਕਿਉਂ ਗਾਂਧੀਆਂ ਨੇ ਪਹਿਲਾਂ ਖੜਗੇ ਅਤੇ ਇਸ ਵਾਰੀ ਚੌਧਰੀ ਨੂੰ ਨਿਯੁਕਤ ਕੀਤਾ? ਕੀ ਉਨ੍ਹਾਂ ਨੂੰ ਡਰ ਹੈ ਕਿ ਇੱਕ ਜ਼ਿਆਦਾ ਪ੍ਰਭਾਵਸ਼ਾਲੀ ਨੇਤਾ, ਜਿਹੜਾ ਦੇਸ਼ ਦੀ ਸ਼ਲਾਘਾ ਕਰਦਾ ਹੈ, ਉਨ੍ਹਾਂ ਦੀ ਸਥਿਤੀ ਲਈ ਖਤਰਾ ਬਣ ਸਕਦਾ ਹੈ। ਆਖਰਕਾਰ ਨਾ ਸੋਨੀਆ ਅਤੇ ਨਾ ਹੀ ਰਾਹੁਲ ਦੀ ਕਾਰਗੁਜ਼ਾਰੀ ਨੇ ਕਦੇ ਲੋਕ ਸਭਾ ਨੂੰ ਉਤੇਜਿਤ ਕੀਤਾ ਹੈ।

ਵਿਰੋਧਾਭਾਸ ਇਹ ਹੈ ਕਿ ਆਪਣੀ ਘੱਟ ਗਿਣਤੀ ਹੋਣ ਦੇ ਬਾਵਜੂਦ ਕਾਂਗਰਸ ਕੋਲ ਲੋਕ ਸਭਾ ਵਿੱਚ ਘੱਟੋ ਘੱਟ 2 ਪਾਰਲੀਮੈਂਟ ਮੈਂਬਰ ਅਜਿਹੇ ਹਨ, ਜੇ ਮੌਕਾ ਦਿੱਤਾ ਜਾਵੇ ਤਾਂ ਉਹ ਧਿਆਨ ਆਕਰਸ਼ਿਤ ਕਰ ਸਕਦੇ ਸਨ, ਸਨਮਾਨ ਹਾਸਲ ਕਰ ਸਕਦੇ ਸਨ ਅਤੇ ਸ਼ਾਇਦ ਪਾਰਟੀ ਲਈ ਇੱਕ ਸ਼ੁਰੂਆਤੀ ਬਿੰਦੂ ਤਿਆਰ ਕਰ ਸਕਦੇ ਸਨ। ਉਹ ਹਨ ਸ਼ਸ਼ੀ ਥਰੂਰ ਅਤੇ ਮਨੀਸ਼ ਤਿਵਾੜੀ। ਉਨ੍ਹਾਂ ਦੇ ਗੁਣਾਂ ਉੱਤੇ ਨਜ਼ਰ ਮਾਰਦੇ ਹਾਂ। ਉਨ੍ਹਾਂ ਦੀ ਹਾਜ਼ਰੀ ਰਹਿੰਦੀ ਹੈ, ਉਨ੍ਹਾਂ ਦੇ ਬੋਲਣ ਦਾ ਇੱਕ ਤਰੀਕਾ ਹੈ, ਜੋ ਧਿਆਨ ਖਿੱਚਦਾ ਹੈ, ਉਨ੍ਹਾਂ ਨੂੰ ਵੇਖਾ ਚੰਗਾ ਲੱਗਦਾ ਹੈ, ਉਨ੍ਹਾਂ ਨੂੰ ਚੁਸਤ ਪਹਿਰਾਵਾ ਪਹਿਨਿਆ ਚੰਗਾ ਹੁੰਦਾ ਹੈ ਤੇ ਸਭ ਤੋਂ ਮਹੱਤਵ ਪੂਰਨ ਇਹ ਕਿ ਉਨ੍ਹਾਂ ਵਿੱਚ ਕੁਝ ਅਜਿਹਾ ਹੈ, ਜੋ ਉਨ੍ਹਾਂ ਨੂੰ ਸਨਮਾਨ ਅਤੇ ਸ਼ਲਾਘਾ ਦਿਵਾਉਂਦਾ ਹੈ। ਉਹ ਸਮਝਦਾਰ ਹਨ ਅਤੇ ਜਾਣਦੇ ਹਨ ਕਿ ਕਿਵੇਂ ਆਪਣੀ ਆਵਾਜ਼ ਰੱਖਣੀ ਹੈ? ਜਦੋਂ ਉਹ ਖੜ੍ਹੇ ਹੁੰਦੇ ਹਨ ਤਾਂ ਸਭ ਦੇ ਦੇਖਣ ਲਈ ਸਪੱਸ਼ਟ ਹੁੰਦੇ ਹਨ।

ਸ਼ਾਇਦ ਇਹ ਕਹਿਣਾ ਮੇਰੇ ਲਈ ਅਣਉਚਿਤ ਹੈ, ਪਰ ਦੋਵਾਂ ਵਿੱਚੋਂ ਵੀ ਸ਼ਸ਼ੀ ਥਰੂਰ ਨੂੰ ਲੀਡ ਹਾਸਲ ਹੈ। ਪਹਿਲਾ, ਕਿਉਂਕਿ ਟਵਿੱਟਰ 'ਤੇ ਉਨ੍ਹਾਂ ਦੇ ਬਹੁਤ ਜ਼ਿਆਦਾ ਫਾਲੋਅਰਜ਼ ਹਨ, ਜਿਸ ਦਾ ਅਰਥ ਇਹ ਹੋਇਆ ਕਿ ਉਨ੍ਹਾਂ ਦੇ ਸੱਤਰ ਲੱਖ ਫੈਨਜ਼ ਉਨ੍ਹਾਂ ਦੇ ਪੱਖ ਵਿੱਚ ਹਨ ਤੇ ਜੋ ਕੁਝ ਵੀ ਉਹ ਕਹਿੰਦੇ ਹਨ, ਉਸ ਨੂੰ ਲਗਨ ਨਾਲ ਸੁਣਦੇ ਹਨ। ਇਹ ਕਾਂਗਰਸ ਵਰਗੀ ਪਾਰਟੀ ਲਈ ਖਰਾਬ ਸਥਿਤੀ ਵਿੱਚ ਬੁਰਾ ਨਹੀਂ ਹੋ ਸਕਦਾ। ਉਨ੍ਹਾਂ ਨੂੰ ਦੂਜਾ ਲਾਭ ਉਨ੍ਹਾਂ ਦੀ ਵੱਖਰੀ ਸ਼ਖਸੀਅਤ ਹੈ। ਉਨ੍ਹਾਂ ਵੱਲੋਂ ਵਰਤੇ ਜਾਣ ਵਾਲੇ ਗੈਰ-ਸਾਧਾਰਨ ਸ਼ਬਦ, ਉਨ੍ਹਾਂ ਦੀ ਸ਼ੈਲੀ, ਇਥੋਂ ਤੱਕ ਕਿ ਉਨ੍ਹਾਂ ਦੀ ਦਿੱਖ। ਨੌਜਵਾਨ ਭਾਰਤ ਵਿੱਚ ਬਹੁਤ ਸਾਰੇ ਲੋਕ ਉਨ੍ਹਾਂ ਵਰਗਾ ਬਣਨਾ ਚਾਹੁੰਦੇ ਹਨ। ਮੈਨੂੰ ਕੋਈ ਸ਼ੱਕ ਨਹੀਂ ਕਿ ਸ਼ਸ਼ੀ ਜਾਂ ਮਨੀਸ਼ ਦੋਵਾਂ 'ਚੋਂ ਕੋਈ ਇਸ ਅਹੁਦੇ ਦੇ ਯੋਗ ਹੈ, ਪਰ ਮੈਨੂੰ ਓਨਾ ਹੀ ਵਿਸ਼ਵਾਸ ਹੈ ਕਿ ਉਨ੍ਹਾਂ 'ਚੋਂ ਕੋਈ ਇਸ ਨੂੰ ਹਾਸਲ ਨਹੀਂ ਕਰੇਗਾ ਅਤੇ ਇਹ ਨਰਿੰਦਰ ਮੋਦੀ ਤੇ ਅਮਿਤ ਸ਼ਾਹ ਦੇ ਚਿਹਰਿਆਂ 'ਤੇ ਸੰਤੋਸ਼ ਦੀ ਵੱਡੀ ਮੁਸਕੁਰਾਹਟ ਲਿਆਏਗਾ, ਪਰ ਇਹ ਸਾਡੀ ਵਿਰੋਧੀ ਧਿਰ ਦੀ ਪ੍ਰਭਾਵਸ਼ੀਲਤਾ ਤੇ ਲੋਕਤੰਤਰ ਦੀ ਕਾਰਜ ਪ੍ਰਣਾਲੀ ਦੇ ਉਪਰ ਇੱਕ ਪ੍ਰਛਾਵਾਂ ਪਏਗਾ। ਪਹਿਲਾਂ ਹੀ ਕਾਂਗਰਸ ਚੋਣ ਪੱਖ ਤੋਂ ਕੋਈ ਅਰਥ ਨਹੀਂ ਰੱਖਦੀ। ਛੇਤੀ ਹੀ ਇਸ ਦੀ ਆਵਾਜ਼ ਲੋਕ ਸਭਾ ਵਿੱਚ ਵੀ ਆਪਣਾ ਮਹੱਤਵ ਗੁਆ ਦੇਵੇਗੀ।

# ਠੰਢੇ ਰੇਗਿਸਤਾਨ ਵਿੱਚ ਵਸਦੇ ਨਿੱਘੇ ਲੋਕ

-ਡਾਕਟਰ ਗੁਰਦੀਪ ਸਿੰਘ ਸੰਧੂ

ਜੂਨ 2018 ਦੀਆਂ ਛੁੱਟੀਆਂ ਦੌਰਾਨ ਹਿਮਾਚਲ ਪ੍ਰਦੇਸ਼ ਦੀ ਲਾਹੌਲ ਅਤੇ ਸਪਿਤੀ ਵੈਲੀ ਦੀ ਸੈਰ ਕਰਨ ਦਾ ਸਬੱਬ ਬਣਿਆ। ਲਾਹੌਰ ਅਤੇ ਸਪਿਤੀ, ਹਿਮ-ਾਚਲ ਪ੍ਰਦੇਸ਼ ਦਾ ਵਿਸ਼ਾਲ ਖੇਤਰ ਵਿੱਚ ਫੈਲਿਆ ਹੋਇਆ ਜ਼ਿਲ੍ਹਾ ਹੈ, ਜਿਸ ਦਾ ਮੁੱਖ ਕੇਂਦਰ ਕੇਅਲੌਂਗ ਸ਼ਹਿਰ ਹੈ। ਅਸਲ ਵਿੱਚ ਇਹ ਦੋ ਵੱਖ-ਵੱਖ ਪਹਾੜੀ ਘਾਟੀਆਂ ਹਨ, ਜੋ ਹਿਮਾਲਿਆ ਦੇ ਵਿਸ਼ਾਲ ਠੰਢੇ ਰੇਗਿਸਤਾਨ ਵਿੱਚ ਹਨ। ਇਥੇ ਸੜਕ ਰਸਤੇ ਸ਼ਿਮਲਾ-ਕਲਪਾ-ਕਾਜ਼ਾ-ਮਨਾਲੀ ਵੱਲੋਂ ਜਾਇਆ ਜਾ ਸਕਦਾ ਹੈ। ਇਸ ਸੜਕ ਉਤੇ ਖੂਹ ਤੋਂ ਕਾਜ਼ਾ ਦੇ ਰਸਤੇ ਵਿੱਚ ਆਉਂਦੇ ਪਿੰਡ ਖਾਬ, ਜਿੱਥੇ ਸਪਿਤੀ ਦਰਿਆ ਸਤਲੁਜ ਵਿੱਚ ਜਜ਼ਬ ਹੋ ਜਾਂਦਾ ਹੈ, ਨੂੰ ਸਪਿਤੀ ਵਾਦੀ ਦਾ ਆਰੰਭ ਬਿੰਦੂ ਮੰਨਿਆ ਜਾਂਦਾ ਹੈ। ਇਥੋਂ ਕੁੰਜ਼ੁਮ ਦੱਰੇ ਤੱਕ, ਜਿੱਥੋਂ ਸਪਿਤੀ ਦਰਿਆ ਦਾ ਆਰੰਭ ਹੁੰਦਾ ਹੈ ਦੇ ਸਮੁੱਚੇ ਖੇਤਰ ਨੂੰ ਸਪਿਤੀ ਘਾਟੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਕੁੰਜ਼ੁਮ ਦੱਰੇ ਤੋਂ ਕੇਅਲੌਂਗ ਤੱਕ ਫੈਲੇ ਖੇਤਰ ਨੂੰ ਲਾਹੌਲ ਘਾਟੀ ਕਿਹਾ ਜਾਂਦਾ ਹੈ। ਇਸ ਸਾਰੇ ਖੇਤਰ ਨੂੰ ਜੋੜਨ ਵਾਲਾ ਸੰਪਰਕ ਮਾਰਗ ਅਤਿ ਔਖਾ ਅਤੇ ਜੋਖਮ ਭਰਪੂਰ ਪਹਾੜੀ ਰਸਤਾ ਹੈ। ਇਸ ਉਤੇ ਇੱਕ ਪਾਸੇ ਉਪਰੋਂ ਝੁਕੇ ਹੋਏ ਪਹਾੜ ਹਨ, ਕਿਉਂਕਿ ਜ਼ਿਆਦਾਤਰ ਸੜਕ ਪਹਾੜ ਕੱਟ ਕੇ ਬਣਾਈ ਗਈ ਹੈ ਅਤੇ ਦੂਜੇ ਪਾਸੇ ਡੂੰਘੀ ਖਾਈ ਵਿੱਚ ਵਗਦਾ ਦਰਿਆ ਹੈ। ਉਪਰੋਂ ਹਮੇਸ਼ਾ ਪੱਥਰ ਡਿੱਗਣ ਦੀ ਸੰਭਾਵਨਾ ਰਹਿੰਦੀ ਹੈ। ਇਨ੍ਹਾਂ ਔਖੇ ਪੈਂਡਿਆਂ 'ਤੇ ਚਲਦਿਆਂ ਕੁਦਰਤ ਦੀ ਵੰਨ-ਸੁਵੰਨਤਾ ਤੇ ਖੂਬਸੂਰਤੀ ਦਾ ਆਨੰਦ ਮਾਣਦਿਆਂ ਮਨ ਨੂੰ ਇਹ ਸਭ ਤੋਂ ਸੁਖਦ ਅਨੁਭਵ ਹੋਇਆ, ਉਹ ਸੀ ਇਥੋਂ ਦੇ ਪਹਾੜੀ ਲੋਕਾਂ ਦੀ ਸਾਫਗੋਈ, ਮਿਲਣਸਾਰਤਾ, ਨਿਰਛਲਤਾ, ਸਾਦਗੀ, ਸਹਿਜ ਅਤੇ ਸੰਤੁਸ਼ਟ ਵਿਹਾਰ।

ਇਸ ਪੂਰੇ ਖੇਤਰ ਵਿੱਚ ਵਿਚਰਦਿਆਂ ਗੁਜ਼ਾਰੇ ਲਗਭਗ ਇੱਕ ਹਫਤੇ ਵਿੱਚ ਕਈ ਸਥਾਨਕ ਲੋਕਾਂ ਨਾਲ ਵਾਹ ਪਿਆ। ਜਿਵੇਂ ਪੰਜਾਬੀ ਕਹਾਵਤ ਹੈ ਕਿ 'ਵਾਹ ਪਿਆਂ ਜਾਣੀਏ ਜਾਂ ਰਾਹ ਪਿਆਂ ਜਾਣੀਏ।' ਰਾਹ ਬਾਰੇ ਪਹਿਲਾਂ ਹੀ ਗੱਲ ਹੋ ਚੁੱਕੀ ਹੈ, ਲੋਕਾਂ ਨਾਲ ਪਏ ਵਾਹ ਦੀ ਗੱਲ ਕਰਨੀ ਬਣਦੀ ਹੈ। ਅਸੀਂ ਕਲਪਾ ਤੋਂ ਨਾਕੋ ਪਿੰਡ ਲਈ ਆਪਣੀ ਯਾਤਰਾ ਸ਼ੁਰੂ ਕੀਤੀ। ਇਸ ਰਸਤੇ ਵਿੱਚ ਆਮ ਪਹਾੜੀ ਵਰਤਾਰੇ ਵਾਂਗ ਰਾਹ ਵਿੱਚ ਪੈਂਦੇ ਪਿੰਡ ਸੜਕ ਤੋਂ ਜ਼ਿਆਦਾਤਰ ਹਟਵੇਂ ਅਤੇ ਅਕਸਰ ਪਹਾੜ ਦੀ ਦਰਿਆ ਵੱਲ ਜਾਂਦੀ ਢਲਾਣ 'ਤੇ ਵਸੇ ਹੁੰਦੇ ਹਨ। ਇਸੇ ਕਾਰਨ ਬਹੁਤ ਘੱਟ ਪਿੰਡ ਮੁੱਖ ਰਸਤੇ 'ਤੇ ਆਉਂਦੇ ਹਨ। ਸਾਡੇ ਇਸ ਦਿਨ ਦੇ ਸਫਰ ਦੌਰਾਨ ਰਾਹ ਵਿੱਚ ਦੋ ਹੀ ਪਿੰਡ ਆਏ। ਦੋਵਾਂ ਪਿੰਡਾਂ ਵਿਚਦੀ ਦੀ ਲੰਘਦਿਆਂ ਇੱਕ ਅਸਲੋਂ ਅਜੀਬ ਵਰਤਾਰਾ ਵੇਖਣ ਨੂੰ ਮਿਲਿਆ। ਦੋਵਾਂ ਪਿੰਡਾਂ ਵਿਚ ਸੰਨਾਟਾ ਪੱਸਰਿਆ ਹੋਇਆ ਸੀ। ਸਭ ਘਰਾਂ ਨੂੰ ਜੰਦਰੇ ਲੱਗੇ ਸਨ। ਕਿਸੇ ਗਲੀ ਵਿੱਚ ਕੋਈ ਬੱਚਾ, ਬੁੱਢਾ, ਜਵਾਨ ਔਰਤ, ਮਰਦ ਨਹੀਂ ਸੀ ਦਿੱਸ ਰਿਹਾ। ਇਸ ਦਾ ਕਾਰਨ ਜਾਨਣ ਦੀ ਜਗਿਆਸਾ ਹੋਣੀ ਸੁਭਾਵਿਕ ਸੀ। ਇਸ ਦਾ ਭੇਤ ਜਾਣ ਕੇ, ਇਥੇ ਵਸਤੇ ਪਹਾੜੀ ਲੋਕਾਂ ਦੀ ਅਸਲੀ ਜ਼ਿੰਦਗੀ ਦੀ ਸਮਝ ਆਈ। ਪਤਾ ਲੱਗਾ ਕਿ ਦਿਨ ਵੇਲੇ ਬੱਚਿਆਂ ਅਤੇ ਬਜ਼ੁਰਗਾਂ ਸਮੇਤ ਸਾਰੇ ਲੋਕ ਆਪਣੀ ਰੋਜ਼ੀ ਦੇ ਵੱਖ-ਵੱਖ ਵਸੀਲਿਆਂ ਨਾਲ ਸੰਬੰਧਤ ਕੰਮਾਂ ਧੰਦਿਆਂ ਲਈ ਸਵੇਰੇ ਘਰੋਂ ਚਲੇ ਜਾਂਦੇ ਹਨ ਅਤੇ ਸ਼ਾਮ ਪੈਣ 'ਤੇ ਹੀ ਪਰਤਦੇ ਹਨ। ਕੋਈ ਬੱਕਰੀਆਂ, ਭੇਡਾਂ ਅਤੇ ਹੋਰ ਪਸ਼ੂਆਂ ਨੂੰ ਲੈ ਕੇ ਬਾਹਰ ਪਹਾੜ ਦੀਆਂ ਵਾਦੀਆਂ ਵਿੱਚ ਚਲਾ ਜਾਂਦਾ ਹੈ, ਕੋਈ ਆਪਣੇ ਸੀਮਤ ਖੇਤੀ ਵਸੀਲਿਆਂ ਨਾਲ ਜੁੜੇ ਕੰਮਾਂ ਧੰਦਿਆਂ ਵਿੱਚ ਰੁੱਝਾ ਹੁੰਦਾ ਹੈ। ਆਉਣ ਵਾਲੀ ਲੰਮੀ ਸਰਦੀ ਦੇ ਦਿਨਾਂ ਵਿੱਚ ਗੁਜ਼ਾਰੇ ਲਈ ਪਸ਼ੂਆਂ ਦਾ ਚਾਰਾ, ਆਪਣੇ ਗੁਜ਼ਾਰੇ ਲਈ ਸਾਧਨ ਤੇ ਸਮੱਗਰੀ ਪੈਦਾ ਕਰਨ ਲਈ ਇਨ੍ਹਾਂ ਨੂੰ ਅਪ੍ਰੈਲ ਤੋਂ ਅਕਤੂਬਰ ਤੱਕ ਸਮਾਂ ਮਿਲਦਾ ਹੈ। ਇਸੇ ਦੌਰਾਨ ਇਹ ਲੋਕ ਕੰਮ ਕਰ ਸਕਦੇ ਹਨ। ਬਾਕੀ ਸਮਾਂ ਇਥੋਂ ਦਾ ਮੌਸਮ ਜੀਵਨ ਨੂੰ ਸੁੰਨ ਅਵਸਥਾ ਵਿੱਚ ਲੈ ਜਾਂਦਾ ਹੈ। ਤਾਪਮਾਨ ਮਨਫੀ 25 ਤੋਂ 35 ਡਿਗਰੀ (ਸੈਲਸੀਅਸ) ਤੱਕ ਚਲਾ ਜਾਂਦਾ ਹੈ। ਇਹ ਲੋਕ ਇਸ ਦਾ ਭਰਪੂਰ ਲਾਹਾ ਲੈਂਦੇ ਹਨ। ਔਖਾ ਹਾਲਾਤ ਵਿੱਚ ਵੀ ਸਹਿਜ ਰਹਿ ਕੇ ਜਿਊਣਾ ਅਤੇ ਕੰਮ ਪ੍ਰਤੀ ਇਨ੍ਹਾਂ ਲੋਕਾਂ ਦੇ ਜਨੂੰਨੀ ਜਜ਼ਬੇ ਨੂੰ ਸਲਾਮ ਕਰਨੀ ਬਣਦੀ ਹੈ।

ਅਜਿਹਾ ਨਹੀਂ ਕਿ ਕੰਮ ਲਈ ਮਿਲੇ ਇਨ੍ਹਾਂ ਦਿਨਾਂ ਵਿੱਚ ਇਹ ਲੋਕ ਸਿਰਫ ਕੰਮ ਵਿੱਚ ਮਸਤ ਰਹਿੰਦੇ ਹਨ। ਇਸ ਯਾਤਰਾ ਦੌਰਾਨ ਇੱਕ ਦਿਨ ਇੱਕ ਹੋਰ ਪਿੰਡ ਤੋਂ ਲੰਘਦਿਆਂ ਦੇਖਿਆ ਕਿ ਇਹ ਲੋਕ ਭਰਪੂਰ ਮੌਜ ਮਸਤੀ ਅਤੇ ਮਨੋਰੰਜਨ ਕਰਦੇ ਹਨ। ਐਤਵਾਰ ਦਾ ਦਿਨ ਸੀ। ਪਿੰਡ ਦੇ ਬਾਹਰਵਾਰ ਸੜਕ ਕਿਨਾਰੇ ਖੁੱਲ੍ਹੇ ਪੱਧਰੇ ਥਾਂ ਸਥਾਨਕ ਲੋਕਾਂ ਦਾ ਬਹੁਤ ਵੱਡਾ ਇਕੱਠ ਸੀ। ਦੂਰੋਂ ਦੇਖਿਆਂ ਇਹ ਕਿਸੇ ਮੇਲੇ ਦਾ ਦ੍ਰਿਸ਼ ਲੱਗਦਾ ਸੀ, ਪਰ ਆਮ ਮੇਲਿਆਂ ਦਾ ਸ਼ੋਰ ਇਸ ਵਿੱਚੋਂ ਗਾਇਬ ਸੀ। ਨੇੜੇ ਹੋ ਕੇ ਤੱਕਿਆਂ ਪਤਾ ਲੱਗਾ ਕਿ ਕ੍ਰਿਕਟ ਮੈਚ ਹੋ ਰਿਹਾ ਸੀ। ਮੈਦਾਨ ਦੇ ਚਾਰੇ ਪਾਸੇ ਬੈਠੇ ਵੱਡੀ ਗਿਣਤੀ ਬੱਚੇ, ਔਰਤਾਂ, ਮਰਦ, ਬਜ਼ੁਰਗ ਸਭ ਆਪਣੇ ਬੈਠਣ ਤੇ ਧੁੱਪ ਤੋਂ ਬਚਣ ਲਈ ਪੂਰੇ ਪ੍ਰਬੰਧਾਂ ਨਾਲ ਆਏ ਸਨ। ਸਭ ਨੇ ਆਪਣੇ ਬੈਠਣ ਲਈ ਥੱਲੇ ਕੱਪੜਾ ਵਿਛਾਇਆ ਹੋਇਆ ਸੀ ਤੇ ਉਪਰ ਡੰਡਿਆਂ ਦੇ ਸਹਾਰੇ ਨਾਲ ਧੁੱਪ ਤੋਂ ਬਚਾਅ ਲਈ ਚਾਦਰਨੁਮਾ ਕੱਪੜੇ ਤਾਣੇ ਹੋਏ ਸਨ। ਇਥੇ ਦਿਨ ਵੇਲੇ ਧੁੱਪ ਬਹੁਤ ਤਿੱਖੀ ਪੈਂਦੀ ਹੈ ਤੇ ਤਾਪਮਾਨ ਘੱਟ ਹੋਣ ਦੇ ਬਾਵਜੂਦ ਚਮੜੀ ਦਾ ਨੁਕਸਾਨ ਕਰ ਸਕਦੀ ਹੈ। ਧੁੱਪ ਦੇ ਤੇਜ਼ ਹੋਣ ਦਾ ਅਸਲ ਕਾਰਨ ਇਥੋਂ ਦੇ ਵਾਤਾਵਰਣ ਦੀ ਸ਼ੁੱਧਤਾ ਹੈ। ਏਨੇ ਸਲੀਕੇ ਅਤੇ ਉਤਸ਼ਾਹ ਨਾਲ ਜੁੜੀ ਭੀੜ ਵੇਖ ਕੇ ਸਾਡੇ ਮਨ ਵਿੱਚ ਉਤਸੁਕਤਾ ਜਾਗੀ ਕਿ ਇਸ ਵਿਸ਼ੇਸ਼ ਮੈਚ ਅਤੇ ਸਥਾਨਕ ਲੋਕਾਂ ਦੇ ਜੋਸ਼ ਨੂੰ ਕੁਝ ਸਮਾਂ ਮਾਣਿਆ ਜਾਵੇ। ਮੈਚ ਦੇਖਦਿਆਂ ਮਿਲੀ ਜਾਣਕਾਰੀ ਮੁਤਾਬਕ ਇਹ ਕੋਈ ਵਿਸ਼ੇਸ਼ ਟੀਮਾਂ ਦਾ ਮੈਚ ਨਹੀਂ ਸੀ, ਸਗੋਂ ਪਿੰਡ ਦੇ ਮੁੰਡਿਆਂ ਵੱਲੋਂ ਬਣਾਈਆਂ ਦੋ ਟੀਮਾਂ ਦਾ ਮੈਚ ਸੀ। ਅਜਿਹੇ ਮੈਚ ਹਰ ਹਫਤੇ ਇਸੇ ਜੋਸ਼ ਤੇ ਜਜ਼ਬੇ ਨਾਲ ਖੇਡੇ ਤੇ ਮਾਣੇ ਜਾਂਦੇ ਹਨ। ਇਹ ਸਮੁੱਚਾ ਖੇਤਰ ਜ਼ਿੰਦਗੀ ਦੀਆਂ ਸਾਧਾਰਨ ਸੁਖ ਸਹੂਲਤਾਂ ਤੇ ਹੋਰ ਵਸੀਲਿਆਂ ਤੋਂ ਵਾਂਝਾ ਹੈ, ਪਰ ਇਥੇ ਜੁੜੇ ਲੋਕਾਂ ਦੇ ਚਿਹਰਿਆਂ ਦੀ ਖੁਸ਼ੀ, ਤਸੱਲੀ ਤੇ ਉਤਸ਼ਾਹ ਨੂੰ ਦੇਖਦਿਆਂ ਇਹ ਕਿਹਾ ਜਾ ਸਕਦਾ ਹੈ ਕਿ ਖੁਸ਼ੀ ਤੇ ਆਨੰਦ ਮਨੁੱਖ ਦੇ ਅੰਦਰ ਹੁੰਦਾ ਹੈ ਅਤੇ ਇਨ੍ਹਾਂ ਨੂੰ ਮਾਣਨ ਦਾ ਸਲੀਕਾ ਤੇ ਜਾਂਚ ਆਉਣੀ ਚਾਹੀਦੀ ਹੈ।

ਇਸ ਯਾਤਰਾ ਦੌਰਾਨ ਇਹ ਅਨੁਭਵ ਵੀ ਪ੍ਰਾਪਤ ਹੋਇਆ ਕਿ ਇਥੋਂ ਦੇ ਲੋਕ ਬਹੁਤ ਮਿਲਣਸਾਰ ਅਤੇ ਦੂਜਿਆਂ ਦੇ ਕੰਮ ਆਉਣ ਦੀ ਭਾਵਨਾ ਨਾਲ ਭਰਪੂਰ ਹਨ। ਇਸ ਯਾਤਰਾ ਦੇ ਇੱਕ ਪੜਾਅ ਵਜੋਂ ਨਾਕੋ ਤੋਂ ਕਾਜ਼ਾ ਜਾਂਦਿਆਂ ਅਸੀਂ ਸੰਕਟ ਵਿੱਚ ਫਸੇ। ਇਸ ਸਥਿਤੀ ਨੇ ਸਥਾਨਕ ਲੋਕਾਂ ਦੀ ਅਸਲੀਅਤ ਨੂੰ ਜਾਨਣ ਦਾ ਮੌਕਾ ਦਿੱਤਾ। ਕਾਜ਼ਾ ਤੋਂ 45-50 ਕਿਲੋਮੀਟਰ ਪਹਿਲਾਂ ਸਾਡੇ ਡਰਾਈਵਰ ਨੇ ਕਹਿ ਦਿੱਤਾ ਕਿ ਗੱਡੀ ਕਾਜ਼ਾ ਨਹੀਂ ਜਾ ਸਕਦੀ। ਡੀਜ਼ਲ ਦਾ ਪ੍ਰਬੰਧ ਕਰਨਾ ਪਵੇਗਾ। ਅਜਿਹੇ ਸੁੰਨਸਾਨ ਠੰਢੇ ਰੇਗਿਸਤਾਨ ਵਿੱਚ ਡੀਜ਼ਲ ਦਾ ਪ੍ਰਬੰਧ ਕਿੱਥੋਂ ਹੋਵੇਗਾ? ਇਹ ਇੱਕ ਵੱਡਾ ਤੌਖਲਾ ਸੀ ਕਿਉਂਕਿ ਸਾਨੂੰ ਤੁਰਨ ਵੇਲੇ ਇਹ ਜਾਣਕਾਰੀ ਸੀ ਕਿ ਇਥੋਂ ਕਾਜ਼ਾ ਤੱਕ ਲਗਭਗ 250 ਕਿਲੋਮੀਟਰ ਦੇ ਖੇਤਰ ਵਿੱਚ ਕੋਈ ਪੈਟਰੋਲ ਪੰਪ ਨਹੀਂ ਹੈ। ਡਰਾਈਵਰ ਨੇ ਸਾਨੂੰ ਵਿਸ਼ਵਾਸ ਦਿਵਾਇਆ ਕਿ ਗੱਡੀ ਵਿੱਚ ਲੋੜ ਮੁਤਾਬਕ ਡੀਜ਼ਲ ਮੌਜੂਦ ਹੈ, ਪਰ ਬਹੁਤ ਖਰਾਬ ਰਸਤੇ ਕਰ ਕੇ ਗੱਡੀ ਲੋੜੋਂ ਵੱਧ ਡੀਜ਼ਲ ਖਾ ਗਈ। ਅਸੀਂ ਉਸ ਨੂੰ ਗੱਡੀ ਅੱਗੇ ਕਿਸੇ ਨੇੜਲੇ ਪਿੰਡ ਤੱਕ ਲਿਜਾਣ ਲਈ ਤੋਰ ਲਿਆ। ਚਾਰ ਪੰਜ ਕਿਲੋਮੀਟਰ ਦੇ ਸਫਰ ਪਿੱਛੋਂ ਛੋਟਾ ਜਿਹਾ ਪਿੰਡ ਆਇਆ। ਸਾਨੂੰ ਆਸ ਬੱਝੀ ਕਿ ਇਥੋਂ ਸ਼ਾਇਦ ਸਾਨੂੰ ਕਿਸੇ ਘਰ ਤੋਂ ਡੀਜ਼ਲ ਮਿਲ ਜਾਵੇਗਾ। ਆਮ ਵਰਤਾਰੇ ਵਾਂਗ ਇਹ ਪਿੰਡ ਵੀ ਸੁੰਨਾ ਪਿਆ ਸੀ। ਬੜੀ ਮੁਸ਼ਕਲ ਨਾਲ ਇੱਕ ਪਹਾੜੀ ਬੰਦਾ ਰਾਹ ਜਾਂਦਾ ਮਿ-ਲਿਆ। ਉਸ ਨੇ ਸਾਡੀ ਸਮੱਸਿਆ ਸੁਣ ਕੇ ਹੱਲ ਕਰਨ ਦਾ ਵਿਸ਼ਵਾਸ ਦਿਵਾਉਂਦਿਆਂ ਕਿਹਾ ਕਿ 'ਮੇਰੇ ਪਿੰਡ ਵਿੱਚ ਇੱਕ ਬੰਦਾ ਸਰਕਾਰੀ ਟਰੈਕਟਰ ਚਲਾਉਂਦਾ ਹੈ, ਉਸ ਕੋਲੋਂ ਥੋੜ੍ਹਾ ਬਹੁਤ ਡੀਜ਼ਲ ਮਿਲ ਸਕਦਾ ਹੈ। ਤੁਸੀਂ ਇਥੇ ਰੁਕੋ, ਮੈਨੂੰ ਪਿੰਡ ਵਿੱਚ ਜਾ ਕੇ ਆਉਣ ਵਿੱਚ ਘੰਟਾ ਕੁ ਲੱਗ ਜਾਵੇਗਾ।' ਉਡੀਕਣ ਤੋਂ ਬਿਨਾਂ ਸਾਡੇ ਕੋਲ ਕੋਈ ਹੋਰ ਚਾਰਾ ਵੀ ਨਹੀਂ ਸੀ। ਸੜਕ 'ਤੇ ਆਵਾਜਾਈ ਬਹੁਤ ਸੀਮਿਤ ਸੀ, ਕਿਸੇ ਰਾਹ ਜਾਂਦੇ ਗੱਡੀ ਵਾਲੇ ਤੋਂ ਡੀਜ਼ਲ ਮਿਲਣ ਦੀ ਸੰਭਾਵਨਾ ਵੀ ਬਹੁਤ ਘੱਟ ਸੀ। ਲਗਭਗ ਦੋ ਘੰਟੇ ਉਡੀਕਣ ਤੋਂ ਬਾਅਦ ਵੀ ਜਦ ਉਹ ਭਲਾ ਬੰਦਾ ਨਾ ਬਹੁੜਿਆ ਤਾਂ ਅਸੀਂ ਸ਼ਾਮ ਪੈਂਦੀ ਵੇਖ ਕੇ ਅੱਗੇ ਜਿਥੋਂ ਤੱਕ ਜਾਇਆ ਜਾ ਸਕਦਾ ਸੀ, ਜਾਣ ਦਾ ਫੈਸਲਾ ਕਰ ਕੇ ਤੁਰ ਪਏ। ਕੁਝ ਸਫਰ ਤੈਅ ਕਰਨ ਪਿੱਛੋਂ ਸਾਨੂੰ ਸੜਕ 'ਤੇ ਇੱਕ ਬੈਰੀਅਰ ਨਜ਼ਰ ਆਇਆ। ਇਹ ਇੱਕ ਛੋਟੀ ਪੁਲਸ ਚੌਕੀ ਸੀ। ਪੁਲਸ ਬਾਰੇ ਮਨ ਵਿੱਚ ਬਹੁਤ ਵਧੀਆ ਧਾਰਨਾ ਨਾ ਹੋਣ ਦੇ ਬਾਵਜੂਦ ਅਸੀਂ ਉਨ੍ਹਾਂ ਤੋਂ ਮਦਦ ਲੈਣ ਬਾਰੇ ਸੋਚਿਆ। ਚੌਕੀ ਦੇ ਸਾਹਮਣੇ ਇੱਕ ਸਿਪਾਹੀ ਦੋ-ਤਿੰਨ ਬੱਚਿਆਂ ਨਾਲ ਕ੍ਰਿਕਟ ਖੇਡਣ ਦਾ ਆਨਦ ਲੈ ਰਿਹਾ ਸੀ। ਪਤਾ ਲੱਗਾ ਕਿ ਇਸ ਪੂਰੀ ਚੌਕੀ ਨੂੰ ਇਹ ਇਕੱਲਾ ਸਿਪਾਹੀ ਸੰਭਾਲ ਰਿਹਾ ਹੈ। ਸਿਪਾਹੀ ਤੇ ਚੌਕੀ ਇੰਚਾਰਜ ਤੱਕ ਦੀਆਂ ਸਭ ਜ਼ਿੰਮੇਵਾਰੀਆਂ ਉਹੀ ਨਿਭਾ ਰਿਹਾ ਸੀ। ਅਸੀਂ ਆਪਣੀ ਸਮੱਸਿਆ ਉਸ ਨੂੰ ਦੱਸੀ। ਉਸ ਨੇ ਪੈਂਦੀ ਸੱਟੇ ਕਿਹਾ, ''ਕਹਾਂ ਫਸ ਗਏ ਸਰਦਾਰ ਜੀ ਆਪ। ਯਹਾਂ ਪਰ ਕਾਜ਼ਾ ਸੇ ਪਹਿਲੇ ਕਹੀਂ ਸੇ ਭੀ ਡੀਜ਼ਲ ਮਿਲਨੇ ਕੀ ਸੰਭਾਵਨਾ ਨਹੀਂ।'' ਕੁਝ ਦੇਰ ਸੋਚਣ ਬਾਅਦ ਉਸ ਨੇ ਸੈਨੂੰ ਬੈਠਣ ਨੂੰ ਕਿਹਾ। ਇੰਨੇ ਵਿੱਚ ਪਿੰਡ ਵੱਲੋਂ ਮੋਟਰ ਸਾਈਕਲ 'ਤੇ ਦੋ ਲੜਕੇ ਆਏ, ਜੋ ਕਾਜ਼ਾ ਜਾ ਰਹੇ ਸਨ। ਉਨ੍ਹਾਂ ਨੇ ਸਾਨੂੰ ਦੱਸਿਆ ਕਿ ਪਿਛਲੇ ਪਿੰਡ ਇੱਕ ਆਦਮੀ ਡੀਜ਼ਲ ਦੀ ਭਰ ਕੈਨੀ ਲਈ ਸੜਕ 'ਤੇ ਖੜ੍ਹਾ ਤੁਹਾਨੂੰ ਲੱਭ ਰਿਹਾ ਸੀ। ਅਸੀਂ ਆਪਣੀ ਕਾਹਲੀ ਅਤੇ ਬੇਵਿਸ਼ਵਾਸੀ 'ਤੇ ਬਹੁਤ ਸ਼ਰਮਿੰਦਾ ਹੋਏ। ਅਸੀਂ ਉਸ ਬੰਦੇ ਦੀ ਸੰਜੀਦਗੀ ਨੂੰ ਐਵੇਂ ਹੀ ਲੈ ਲਿਆ ਤੇ ਇਹ ਸੋਚ ਅੱਗੇ ਆ ਗਏ ਸੀ ਕਿ ਉਸ ਨੇ ਕਿੱਥੇ ਆਉਣਾ ਹੈ। ਖੈਰ! ਪੁਲਸ ਮੁਲਾਜ਼ਮ ਨੇ ਸਾਨੂੰ ਹੌਸਲਾ ਦਿੱਤਾ ਕਿ ਕੋਈ ਗੱਲ ਨਹੀਂ, ਜੇ ਕੋਈ ਹੋਰ ਪ੍ਰਬੰਧ ਨਾ ਹੋਇਆ ਤਾਂ ਮੇਰਾ ਮੋਟਰ ਸਾਈਕਲ ਲੈ ਕੇ ਇੱਕ ਜਣਾ ਕਾਜ਼ਾ ਤੋਂ ਤੇਲ ਲੈ ਆਇਓ, ਪਰ ਸਾਨੂੰ ਇਸ ਦੀ ਲੋੜ ਨਾ ਪਈ ਕਿਉਂਕਿ ਉਸੇ ਸਮੇਂ ਇੱਕ ਟਰੈਕਟਰ ਵਾਲਾ ਆਦਮੀ ਉਸ ਰਾਹ 'ਤੇ ਸਾਡੇ ਲਈ ਫਰਿਸ਼ਤਾ ਬਣ ਕੇ ਪ੍ਰਗਟ ਹੋਇਆ। ਉਸ ਨੇ ਸਾਨੂੰ ਸਾਡੀ ਲੋੜ ਜੋਗਾ ਡੀਜ਼ਲ ਦਿੱਤਾ ਤੇ ਨਾਲ ਜੋ ਸਤਿਕਾਰ ਦਿੱਤਾ ਉਹ ਸਾਡੇ ਲਈ ਬੜਾ ਵੱਡਾ ਸਬਕ ਬਣਿਆ। ਉਹ ਡੀਜ਼ਲ ਦੇ ਪੈਸੇ ਲੈਣ ਤੋਂ ਇਨਕਾਰੀ ਸੀ। ਸਾਡੇ ਜ਼ੋਰ ਪਾਉਣ 'ਤੇ ਉਸ ਨੇ ਕਿਹਾ, ''ਸਰਦਾਰ ਜੀ ਆਪ ਯਹਾਂ ਪਰ ਹਮਾਰੇ ਮਹਿਮਾਨ ਹੋ, ਪੰਜਾਬ ਮੇਂ ਆਪ ਜੋ ਮਹਿਮਾਨ ਨਿਵਾਜ਼ੀ ਕਰਤੇ ਹੋ, ਲੋਗੋਂ ਕੋ ਰਾਸਤੇ ਪਰ ਰੋਕ ਰੋਕ ਕਰ ਖਾਨਾ ਖਿਲਾਤੇ ਹੋ, ਦੂਧ ਪਿਲਾਤੇ ਹੋ, ਹਰ ਸੰਕਟ ਮੇਂ ਸਭ ਕੀ ਮਦਦ ਕਰਤੇ ਹੋ, ਯਹਾਂ ਮੈਂ ਆਪ ਸੇ ਇਸ ਡੀਜ਼ਲ ਕੇ ਪੈਸੇ ਲੇ ਲੂੰ? ਆਪ ਮਹਿਮਾਨ ਹੋ, ਬੱਸ ਆਪ ਕੋ ਡੀਜ਼ਲ ਮਿਲ ਗਯਾ, ਆਪ ਜਾਈਏ।'' ਅਸੀਂ ਨਿਰਉੱਤਰ ਹੋਏ ਇੱਕ ਦੂਜੇ ਦੇ ਮੂੰਹ ਵੱਲ ਵੇਖ ਰਹੇ ਸੀ ਤੇ ਉਹ ਭਲਾ ਬੰਦਾ ਆਪਣਾ ਟਰੈਕਟਰ ਸਟਾਰਟ ਕਰ ਕੇ ਅੱਗੇ ਰਾਹ ਪੈ ਗਿਆ।

ਕਿਸੇ ਕੌਮ ਦੀਆਂ ਚੰਗੀਆਂ ਰਵਾਇਤਾਂ ਅਤੇ ਇਤਿਹਾਸ ਉਸ ਕੌਮ ਨਾਲ ਜੁੜੇ ਬੰਦੇ ਨੂੰ ਕਿੱਥੇ ਕੀ ਸਤਿਕਾਰ ਦਿਵਾ ਦਿੰਦਾ ਹੈ? ਇਹ ਇੱਕ ਵੱਡਾ ਸਬਕ ਸੀ ਸਾਡੇ ਸਾਰਿਆਂ ਲਈ। ਪੰਜਾਬੀ ਲੋਕ ਕਹਾਵਤ ਹੈ 'ਵੀਹੀਂ ਕੋਹੀਂ ਜਾ ਕੇ ਵੀ ਦੁੱਧ ਆਪਣੀ ਮੱਝ ਦਾ ਪੀਵੀਦੈ', ਇਸ ਦੇ ਸਹੀ ਅਰਥ ਉਸ ਭਲੇ ਪਹਾੜੀ ਬੰਦੇ ਨੇ ਇਸ ਸੁੰਨਸਾਨ ਥਾਂ ਵਿੱਚ ਸਾਡੀ ਨਿਸ਼ਕਾਮ ਮਦਦ ਕਰ ਕੇ ਸਮਝਾਏ।



# ਆਡੀਓ ਵਾਇਰਲ ਦੇ ਕੇਸ ਵਿੱਚ ਦੋਵੇਂ ਏ ਐਸ ਆਈ ਸਸਪੈਂਡ

## * ਸੱਤ ਕਿਲੋ ਸੋਨਾ ਬਰਾਮਦਗੀ ਦੇ ਕੇਸ ਵਿੱਚ ਕਾਰਵਾਈ

ਖੰਨਾ, 2 ਸਤੰਬਰ (ਪੋਸਟ ਬਿਊਰੋ)- ਪੁਲਸ ਜ਼ਿਲਾ ਖੰਨਾ ਦੇ ਐਸ ਪੀ (ਡੀ) ਜਸਵੀਰ ਸਿੰਘ ਅਤੇ ਇੱਕ ਏ ਐਸ ਆਈ ਜਗਜੀਵਨ ਰਾਮ ਵਿਚਾਲੇ ਕਰੀਬ ਸੱਤ ਕਰੋੜ ਰੁਪਏ ਮੁੱਲ ਦਾ ਸੋਨਾ ਬਰਾਮਦ ਹੋਣ ਵਾਲੇ ਵਿਵਾਦ ਦੀ ਆਡੀਓ ਵਾਇਰਲ ਹੋਣ ਦਾ ਸਾਰਾ ਗੁੱਸਾ ਏਥੋਂ ਦੇ ਦੋ ਏ ਐਸ ਆਈਜ਼ ਉੱਤੇ ਝੜਿਆ ਹੈ। ਐਸ ਐਸ ਪੀ ਖੰਨਾ ਗੁਰਸ਼ਰਨਦੀਪ ਸਿੰਘ ਗਰੇਵਾਲ ਨੇ ਏ ਐਸ ਆਈ ਜਗਜੀਵਨ ਰਾਮ ਅਤੇ ਏ ਐਸ ਆਈ ਲਖਵੀਰ ਸਿੰਘ ਨੂੰ ਸਸਪੈਂਡ ਕਰ ਦਿੱਤਾ ਤੇ ਵਿਭਾਗੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ, ਜਿਸ ਦੀ ਪੁਲਸ ਦਫਤਰ ਨੇ ਤਸਦੀਕ ਕੀਤੀ ਹੈ।

ਵਰਨਣ ਯੋਗ ਹੈ ਕਿ ਦੋ ਮਹੀਨੇ ਪਹਿਲਾਂ ਖੰਨਾ ਪੁਲਸ ਦੇ ਏ ਐਸ ਆਈ ਜਗਜੀਵਨ ਰਾਮ ਨੇ ਨਾਕੇ ਦੌਰਾਨ ਕਰੀਬ ਸਾਢੇ ਸੱਤ ਕਿਲੋ ਸੋਨਾ ਫੜਿਆ ਸੀ। ਇਸ ਨੂੰ ਲੈ ਕੇ ਜਾ ਰਹੇ ਦੋਸ਼ੀਆਂ ਨੂੰ ਐਸ ਪੀ (ਡੀ) ਜਸਵੀਰ ਸਿੰਘ ਨੇ ਆਪਣੇ ਜਾਣੂੰ ਹੋਣ ਕਾਰਨ ਛੱਡ ਦੇਣ ਲਈ ਕਿਹਾ ਸੀ। ਇਸ ਦੇ ਬਾਅਦ ਨਾਕੇ ਉਤੇ ਮੌਜੂਦ ਏ ਐਸ ਆਈ ਜਗਜੀਵਨ ਰਾਮ ਤੇ ਐਸ ਪੀ (ਡੀ) ਜਸਵੀਰ ਸਿੰਘ ਵਿਚਾਲੇ ਗਰਮਾ-ਗਰਮੀ ਹੋਈ ਸੀ ਤੇ ਇਸ ਦੀ ਆਡੀਓ ਦੋ ਮਹੀਨੇ ਮਗਰੋਂ ਵਾਇਰਲ ਹੋ ਗਈ ਸੀ। ਐਸ ਐਸ ਪੀ ਨੇ ਭਾਵੇਂ ਸਸਪੈਨਸ਼ਨ ਦੇ ਕਾਰਨ ਨਹੀਂ ਦੱਸੇ, ਪਰ ਦੋਵਾਂ ਏ ਐਸ ਆਈਜ਼ ਉਤੇ ਸੀਨੀਅਰ ਅਧਿਕਾਰੀਆਂ ਦੀ ਗੱਲਬਾਤ ਰਿਕਾਰਡ ਕਰਨ ਅਤੇ ਵਿਭਾਗ ਦੀ ਬਦਨਾਮੀ ਕਰਨ ਦੇ ਦੋਸ਼ਾਂ ਹੇਠ ਕਾਰਵਾਈ ਕੀਤੀ ਗਈ ਹੈ। ਪਤਾ ਲੱਗਾ ਹੈ ਕਿ ਐਸ ਐਸ ਪੀ ਨੇ ਐਸ ਪੀ (ਡੀ) ਜਸਵੀਰ ਸਿੰਘ ਖਿਲਾਫ ਵਿਭਾਗੀ ਕਾਰਵਾਈ ਲਈ ਵੀ ਹੈਡਕੁਆਰਟਰ ਨੂੰ ਲਿਖਿਆ ਹੈ, ਪਰ ਇਸ ਦੀ ਪੁਸ਼ਟੀ ਨਹੀਂ ਹੋ ਸਕੀ।

ਖੰਨਾ ਪੁਲਸ ਲਗਾਤਾਰ ਕਈ ਚਿਰਾਂ ਤੋਂ ਕੁਝ ਕੇਸਾਂ 'ਚ ਘਿਰੀ ਹੋਈ ਹੈ। ਕੁਝ ਸਮਾਂ ਪਹਿਲਾਂ ਜਲੰਧਰ ਦੇ ਪਾਦਰੀ ਦਾ ਕਰੋੜਾਂ ਰੁਪਏ ਦਾ ਗਬਨ ਕਰਨ ਦੇ ਦੋਸ਼ ਪੁਲਸ ਉੱਤੇ ਲੱਗੇ ਸਨ। ਇਹ ਕੇਸ ਹਾਲੇ ਠੰਢਾ ਪਿਆ ਸੀ ਕਿ ਕੁਝ ਦਿਨ ਪਹਿਲਾਂ ਥਾਣਾ ਸਦਰ ਦੇ ਮੁਨਸ਼ੀ ਤੋਂ ਹੈਰੋਇਨ ਬਰਾਮਦ ਹੋਈ ਤੇ ਫਿਰ ਇਹ ਦੋ ਮਹੀਨੇ ਪੁਰਾਣਾ ਕੇਸ ਬਾਹਰ ਆ ਗਿਆ ਹੈ, ਜਿਸ ਨਾਲ ਖੰਨਾ ਪੁਲਸ ਦੀਆਂ ਮਾੜੇ ਅਨਸਰਾਂ ਖਿਲਾਫ ਕਾਰਵਾਈਆਂ ਵੀ ਸ਼ੱਕ ਦੇ ਘੇਰੇ ਵਿੱਚ ਆ ਗਈਆਂ ਹਨ।

# ਸਾਬਕਾ ਕਾਂਗਰਸੀ ਮੰਤਰੀ ਹੰਸ ਰਾਜ ਜੋਸਨ ਦੇ ਭਰਾ ਨੂੰ ਸੋਲਾਂ ਸਾਲ ਕੈਦ, 78 ਲੱਖ ਜੁਰਮਾਨਾ



## * ਚੈੱਕ ਬਾਊਂਸ ਕੇਸ ਵਿੱਚ ਸਾਥੀਆਂ ਨੂੰ ਵੀ ਸਜ਼ਾਵਾਂ

ਫਾਜ਼ਿਲਕਾ, 2 ਸਤੰਬਰ (ਪੋਸਟ ਬਿਊਰੋ)-ਏਥੋਂ ਦੀ ਇੱਕ ਅਦਾਲਤ ਨੇ ਪੰਜਾਬ ਦੇ ਸਾਬਕਾ ਜੰਗਲਾਤ ਮੰਤਰੀ ਹੰਸ ਰਾਜ ਜੋਸਨ ਦੇ ਤਿੰਨ ਭਰਾਵਾਂ ਦੇ ਵਿਰੁੱਧ ਚੱਲਦੇ ਚੈੱਕ ਬਾਊਂਸ ਵਾਲੇ ਅੱਠ ਕੇਸਾਂ ਵਿੱਚ ਉਨ੍ਹਾਂ ਦੇ ਭਰਾ ਕਿਸ਼ੋਰ ਚੰਦ ਜੋਸਨ ਨੂੰ ਦੋਸ਼ੀ ਮੰਨ ਕੇ ਸਾਰੇ ਮਾਮਲਿਆਂ ਵਿੱਚ ਦੋ-ਦੋ ਸਾਲ, ਕੁੱਲ ਮਿਲਾ ਕੇ 16 ਸਾਲ ਦੀ ਸਜ਼ਾ ਦਿੱਤੀ ਹੈ। ਉਥੇ ਵੱਖ-ਵੱਖ ਕੇਸਾਂ ਵਿੱਚ ਪੰਜ ਲੱਖ ਰੁਪਏ ਤੋਂ ਲੈ ਕੇ 19 ਲੱਖ ਰੁਪਏ ਤੱਕ, ਕੁੱਲ 78 ਲੱਖ ਰੁਪਏ ਜੁਰਮਾਨਾ ਵੀ ਲੱਗ ਗਿਆ ਹੈ।

ਇਹ ਮੁਕੱਦਮਾ ਦਾਇਰ ਕਰਨ ਵਾਲੀਆਂ ਫਰਮਾਂ ਵਿੱਚੋਂ ਇੱਕ ਮੈਸਰਜ਼ ਕੇ ਕੇ ਇੰਟਰਪ੍ਰਾਈਜਿਜ਼ ਦੇ ਸੰਚਾਲਕ ਕਰਣ ਸਿੰਘ ਸਾਵਨਸੁਖਾ ਨੇ ਦੱਸਿਆ ਕਿ ਉਨ੍ਹਾਂ ਨੇ ਸਾਬਕਾ ਮੰਤਰੀ ਹੰਸ ਰਾਜ ਜੋਸਨ ਦੇ ਭਰਾ ਤੇ ਜੋਸਨ ਐਂਡ ਕੰਪਨੀ ਫਾਜ਼ਿਲਕਾ ਦੇ ਮਾਲਕ ਤੇ ਜੋਸਨ ਫੂਡਜ਼ ਪ੍ਰਾਈਵੇਟ ਲਿਮਟਿਡ ਜਲਾਲਾਬਾਦ ਦੇ ਡਾਇਰੈਕਟਰ ਕਿਸ਼ੋਰ ਚੰਦ ਜੋਸਨ, ਹਾਕਮ ਚੰਦ ਜੋਸਨ ਤੇ ਸ਼ੇਰ ਚੰਦ ਜੋਸਨ ਦੇ ਖਿਲਾਫ 21 ਨਵੰਬਰ 2016 ਨੂੰ ਅੱਠ ਕੇਸ ਦਾਇਰ ਕੀਤੇ ਸਨ। ਕੋਰਟ ਨੇ ਉਨ੍ਹਾਂ ਕੇਸਾਂ ਵਿੱਚ ਪੂਰੀ ਸੁਣਵਾਈ ਦੇ ਬਾਅਦ ਇਨ੍ਹਾਂ ਤਿੰਨਾਂ ਦੋਸ਼ੀਆਂ ਵਿੱਚੋਂ ਕਿਸ਼ੋਰ ਚੰਦ ਜੋਸਨ, ਜਿਸ ਦੇ ਦਸਖਤ ਉਨ੍ਹਾਂ ਚੈੱਕਾਂ 'ਤੇ ਕੀਤੇ ਗਏ ਸਨ, ਦੇ ਕਾਰਨ ਅਦਾਲਤ ਨੇ ਕਿਸ਼ੋਰ ਚੰਦ ਜੋਸਨ ਨੂੰ ਸਾਰੇ ਕੇਸਾਂ ਵਿੱਚ ਦੋਸ਼ੀ ਮੰਨਦੇ ਹੋਏ ਸਜ਼ਾ ਸੁਣਾਈ ਹੈ।

ਇਸੇ ਕੇਸ ਵਿੱਚ ਇੱਕ ਹੋਰ ਭਾਈਵਾਲ ਵਿਜੇ ਕੁਮਾਰ, ਬਜਾਜ ਟ੍ਰੇਡਜ਼ ਨੂੰ ਦੋ ਸਾਲ ਸਜ਼ਾ, 8.50 ਲੱਖ ਜੁਰਮਾਨਾ, ਸਵੀਟੀ ਰਾਣੀ, ਐੱਸ ਬੀ ਟ੍ਰੇਡਿੰਗ ਕੰਪਨੀ ਨੂੰ ਦੋ ਸਾਲ ਸਜ਼ਾ, 19 ਲੱਖ ਜੁਰਮਾਨਾ, ਪਰਮਾਨੰਦ ਨੂੰ ਦੋ ਸਾਲ ਸਜ਼ਾ, ਛੇ ਲੱਖ ਜੁਰਮਾਨਾ। ਕਰਣ ਸਿੰਘ, ਕੇ ਕੇ ਇੰਟਰਪ੍ਰਾਈਜ਼ਿਜ਼ ਨੂੰ ਦੋ ਸਾਲ ਦੀ ਸਜ਼ਾ, ਸਾਢੇ 13 ਲੱਖ ਜੁਰਮਾਨਾ, ਪਵਨ ਕੁਮਾਰ, ਪਵਨ ਐਂਡ ਕੰਪਨੀ ਨੂੰ ਦੋ ਸਾਲ ਸਜ਼ਾ, ਛੇ ਲੱਖ ਜੁਰਮਾਨਾ, ਜਗਦੀਸ਼ ਕੁਮਾਰ, ਮੈਸਰਜ਼ ਵਜ਼ੀਰ ਚੰਦ ਜਗਦੀਸ਼ ਕੁਮਾਰ ਨੂੰ ਦੋ ਸਾਲ ਦੀ ਸਜ਼ਾ, ਪੰਜ ਲੱਖ ਰੁਪਏ ਜੁਰਮਾਨਾ, ਸਤੀਸ਼ ਕੁਮਾਰ, ਪਾਰਟਨਰ ਸੰਜੀਵ ਕੁਮਾਰ ਨੂੰ ਸਜ਼ਾ ਦੋ ਸਾਲ ਅਤੇ 11 ਲੱਖ ਜੁਰਮਾਨਾ ਅਤੇ ਹੰਸਰਾਜ, ਪਾਰਟ-ਨਰ ਸੰਜੀਵ ਕੁਮਾਰ ਨੂੰ ਸਜ਼ਾ ਦੋ ਸਾਲ ਅਤੇ ਨੌਂ ਲੱਖ ਰੁਪਏ ਜੁਰਮਾਨਾ ਕੀਤਾ ਗਿਆ ਹੈ।

# ਗੁਰਦੁਆਰੇ ਦੇ ਲੰਗਰ ਹਾਲ ਵਿੱਚ ਅਸ਼ਲੀਲ ਗੀਤਾਂ ਉੱਤੇ ਡਾਂਸ ਦੀ ਵੀਡੀਓ ਬਣਾਉਂਦੇ ਗ੍ਰੰਥੀ 'ਤੇ ਹਮਲਾ

ਮੋਹਾਲੀ, 2 ਸਤੰਬਰ (ਪੋਸਟ ਬਿਊਰੋ)- ਲਾਂਡਰਾਂ-ਚੁੰਨੀ ਰੋਡ 'ਤੇ ਪਿੰਡ ਝੰਜੇੜੀ ਦੇ ਗੁਰਦੁਆਰਾ ਸਾਹਿਬ ਦੇ ਲੰਗਰ ਹਾਲ ਵਿੱਚ ਕੱਲ੍ਹ ਦੇਰ ਰਾਤ ਕਰੀਬ 35 ਲੋਕਾਂ ਨੇ ਇਕ ਗ੍ਰੰਥੀ 'ਤੇ ਹਮਲਾ ਕਰਕੇ ਉਸ ਨੂੰ ਜ਼ਖਮੀ ਕਰ ਦਿੱਤਾ। ਗ੍ਰੰਥੀ ਲੰਗਰ ਹਾਲ ਵਿੱਚ ਇਕ ਵਿਆਹ ਸਮਾਰੋਹ ਵਿੱਚ ਚੱਲਦੇ ਅਸ਼ਲੀਲ ਗੀਤਾਂ ਅਤੇ ਡਾਂਸ ਦੀ ਵੀਡੀਓ ਬਣਾ ਰਿਹਾ ਸੀ, ਜਦੋਂ ਦੋਸ਼ੀਆਂ ਨੇ ਗ੍ਰੰਥੀ ਅਤਰ ਸਿੰਘ ਪਿੰਡ ਅੱਤਵਾਲੀ ਜ਼ਿਲਾ ਫਤਹਿਗੜ੍ਹ ਸਾਹਿਬ ਉੱਤੇ ਹਮਲਾ ਕਰ ਦਿੱਤਾ।

ਇਹ ਵਿਅਕਤੀ ਫਤਹਿਗੜ੍ਹ ਸਾਹਿਬ ਦੇ ਇਤਿਹਾਸਕ ਗੁਰਦੁਆਰਾ ਜੋਤੀ ਸਰੂਪ ਸਾਹਿਬ ਵਿੱਚ ਗ੍ਰੰਥੀ ਵਜੋਂ ਤੈਨਾਤ ਹੈ। ਹਮਲੇ ਦੀ ਸੂਚਨਾ ਪੁਲਸ ਨੂੰ ਮਿਲੀ ਤਾਂ ਖਰੜ ਪੁਲਸ ਨੇ 35 ਲੋਕਾਂ ਉੱਤੇ ਕੇਸ ਦਰਜ ਕੀਤਾ ਹੈ। ਜ਼ਖਮੀ ਗ੍ਰੰਥੀ ਇਸ ਵੇਲੇ ਸਿਵਲ ਹਸਪਤਾਲ ਫੇਜ਼-6 ਮੋਹਾਲੀ ਵਿੱਚ ਇਲਾਜ ਕਰਵਾ ਰਿਹਾ ਹੈ। ਗ੍ਰੰਥੀ ਅਤਰ ਸਿੰਘ ਨੇ ਦੱਸਿਆ ਕਿ ਕੱਲ੍ਹ ਰਾਤ ਉਹ ਕਾਰ ਵਿੱਚ ਮੋਹਾਲੀ ਤੋਂ ਫਤਹਿਗੜ੍ਹ ਸਾਹਿਬ ਜਾ ਰਿਹਾ ਸੀ। ਜਦ ਉਹ ਲਾਂਡਰਾਂ-ਚੁੰਨੀ ਰੋਡ ਦੇ ਪਿੰਡ ਝੰਜੇੜੀ ਪੁੱਜਾ ਤਾਂ ਦੇਖਿਆ ਕਿ ਸੜਕ ਕਿਨਾਰੇ ਪਿੰਡ ਦੇ ਗੁਰਦੁਆਰਾ ਸਾਹਿਬ ਦੇ ਨਾਲ ਹਾਲ ਵਿੱਚ ਡੀ ਜੇ ਲੱਗਾ ਸੀ ਅਤੇ ਉਚੀ ਆਵਾਜ਼ ਵਿੱਚ ਅਸ਼ਲੀਲ ਗੀਤ ਚੱਲ ਰਹੇ ਸਨ ਅਤੇ ਸ਼ਰਾਬੀ ਹੋਏ ਲੋਕ ਇਨ੍ਹਾਂ ਗੀਤਾਂ 'ਤੇ ਡਾਂਸ ਕਰ ਰਹੇ ਸਨ। ਇਸ ਨੂੰ ਉਹ ਬਰਦਾਸ਼ਤ ਨਹੀਂ ਕਰ ਸਕਿਆ ਅਤੇ ਸਬੂਤ ਵਜੋਂ ਮੋਬਾਈਲ ਫੋਨ ਨਾਲ ਵੀਡੀਓ ਬਣਾਉਣ ਲੱਗ ਪਿਆ, ਤਾਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਧਰਮ ਪ੍ਰਚਾਰ ਕਮੇਟੀ ਨੂੰ ਦਿਖਾਈ ਜਾ ਸਕੇ। ਸ਼ਿਕਾਇਤ ਕਰਤਾ ਗ੍ਰੰਥੀ ਨੇ ਦੱਸਿਆ ਕਿ ਵਿਆਹ ਵਿੱਚ ਨੱਚਦੇ ਲੋਕਾਂ ਨੇ ਜਦ ਉਸ ਨੂੰ ਵੀਡੀਓ ਬਣਾਉਂਦੇ ਹੋਏ ਦੇਖਿਆ ਤਾਂ ਕਰੀਬ 30-35 ਲੋਕ ਉਸ ਕੋਲ ਆਏ ਅਤੇ ਉਸ ਨੂੰ ਫੜ ਲਿਆ। ਇਹ ਲੋਕ ਉਸ ਨੂੰ ਆਪਣੇ ਮੋਬਾਈਲ ਫੋਨ ਤੋਂ ਵੀਡੀਓ ਡਿਲੀਟ ਕਰਨ ਨੂੰ ਕਹਿਣ ਲੱਗੇ। ਇਸ ਤੋਂ ਇਨਕਾਰ ਕਰਨ 'ਤੇ ਉਨ੍ਹਾਂ ਲੋਕਾਂ ਨੇ ਡੰਡੇ ਤੇ ਤੇਜ਼ਧਾਰ ਹਥਿਆਰਾਂ ਨਾਲ ਉਸ ਦੀ ਕੁੱਟਮਾਰ ਸ਼ੁਰੂ ਕਰ ਦਿੱਤੀ ਅਤੇ ਉਸ ਦੀ ਪੱਗ ਵੀ ਉਤਾਰ ਦਿੱਤੀ ਅਤੇ ਵਾਲਾਂ ਤੋਂ ਫੜ ਕੇ ਘਸੀਟਿਆ। ਇਥੋਂ ਤੱਕ ਕਿ ਉਸ ਦੇ ਪਾਈ ਹੋਈ ਕ੍ਰਿਪਾਨ ਕੱਢ ਕੇ ਉਸ ਨੂੰ ਜ਼ਖਮੀ ਕਰ ਦਿੱਤਾ ਅਤੇ ਉਸ ਦੇ ਪਾਏ ਹੋਏ ਧਾਰਮਿਕ ਕਕਾਰਾਂ ਦੀ ਵੀ ਬੇਅਦਬੀ ਕੀਤੀ ਗਈ।

# ਸੋਨੀਆ ਤੇ ਜਾਖੜ ਨੂੰ ਲਾਇਬਰੇਰੀ ਮੁੱਦੇ ਤੋਂ ਬਠਿੰਡਾ ਦੀ ਅਦਾਲਤ ਵੱਲੋਂ ਸੰਮਨ

ਬਠਿੰਡਾ, 2 ਸਤੰਬਰ, (ਪੋਸਟ ਬਿਊਰੋ)- ਇਸ ਮਹਾਨਗਰ ਦੇ ਪ੍ਰਸਿੱਧ ਸਿਵਲ ਲਾਈਨ ਕਲੱਬ ਦੀ ਕਮੇਟੀ ਨੇ ਇਸ ਕਲੱਬ ਵਿਚ ਬਣੇ ਹੋਏ ਗੁਰੂ ਨਾਨਕ ਦੇਵ ਲਾਇਬਰੇਰੀ ਤੇ ਹਾਲ ਨੂੰ ਕਲੱਬ ਤੋਂ ਬਾਹਰ ਕੱਢ ਕੇ ਉਸ ਦੀ ਥਾਂ ਕਾਂਗਰਸ ਪਾਰਟੀ ਦਾ ਮਾਲਵਾ ਜ਼ੋਨ ਦਾ ਦਫ਼ਤਰ ਬਣਾਉਣ ਵਿਰੁੱਧ ਬਠਿੰਡਾ ਦੀ ਅਦਾਲਤ ਵਿੱਚ ਪਟੀਸ਼ਨ ਦਾਇਰ ਕੀਤੀ ਹੈ। ਇਸ ਪਟੀਸ਼ਨ ਹੇਠ ਐਡੀਸ਼ਨਲ ਸਿਵਲ ਜੱਜ ਨੇ ਕਾਂਗਰਸ ਦੀ ਪ੍ਰਧਾਨ ਸੋਨੀਆ ਗਾਂਧੀ ਤੇ ਪੰਜਾਬ ਦੇ ਪ੍ਰਧਾਨ ਸੁਨੀਲ ਜਾਖੜ ਸਣੇ ਬਾਰਾਂ ਜਣਿਆਂ ਨੂੰ ਸੰਮਨ ਜਾਰੀ ਕੀਤੇ ਹਨ। ਇਨ੍ਹਾਂ ਵਿਚ ਸਿਵਲ ਲਾਈਨ ਕਲੱਬ ਦੇ ਅਹੁਦੇਦਾਰ ਸ਼ਾਮਲ ਹਨ। ਅਦਾਲਤ ਵੱਲੋਂ ਇਸ ਕੇਸ ਦੀ ਪਹਿਲੀ ਸੁਣਵਾਈ 6 ਸਤੰਬਰ ਤੋਂ ਸ਼ੁਰੂ ਕੀਤੀ ਜਾਵੇਗੀ।

ਪਤਾ ਲੱਗਾ ਹੈ ਕਿ ਇਸ ਕੇਸ ਵਿੱਚ ਗੁਰੂ ਨਾਨਕ ਦੇਵ ਲਾਇਬਰੇਰੀ ਤੇ ਹਾਲ ਦੇ ਪ੍ਰਧਾਨ ਜਗਦੀਸ਼ ਸਿੰਘ ਧਾਲੀਵਾਲ ਅਤੇ ਸ਼ਿਵਦੇਵ ਸਿੰਘ ਨੇ ਦੋਸ਼ ਲਾਇਆ ਹੈ ਕਿ ਹਾਕਮ ਪਾਰਟੀ ਦੇ ਆਗੂਆਂ ਨੇ ਗ਼ਲਤ ਤਰੀਕੇ ਨਾਲ ਕਲੱਬ ਦੀ ਚੋਣ ਕਰਵਾ ਕੇ ਉਸ ਉੱਤੇ ਕਬਜ਼ਾ ਕਰ ਲਿਆ ਅਤੇ ਇਸ ਪਿੱਛੋਂ ਉਹ ਕਲੱਬ ਉੱਤੇ ਆਪਣਾ ਕਬਜ਼ਾ ਕਰਨ ਦੀ ਨੀਤ ਨਾਲ ਇਸ ਕਲੱਬ ਵਿੱਚ ਕਈ ਸਾਲਾਂ ਪੁਰਾਣੀ ਚੱਲ ਰਹੀ ਗੁਰੂ ਨਾਨਕ ਦੇਵ ਲਾਇਬਰੇਰੀ ਅਤੇ ਹਾਲ ਨੂੰ ਕਲੱਬ ਤੋਂ ਬਾਹਰ ਕੱਢਣ ਦੀ ਕੋਸ਼ਿਸ ਕਰ ਰਹੇ ਹਨ, ਤਾਂ ਕਿ ਲਾਇਬਰੇਰੀ ਨੂੰ ਕੱਢ ਕੇ ਕਲੱਬ ਵਿਚ ਫਿਰ ਸ਼ਰਾਬ ਆਦਿ ਦਾ ਕਾਰੋਬਾਰ ਸ਼ੁਰੂ ਕਰਾਇਆ ਜਾ ਸਕੇ, ਜਿਹੜਾ ਇਸ ਸਮੇਂ ਦੌਰਾਨ ਇਸ ਕਲੱਬ ਵਿਚ ਬੰਦ ਹੈ।

ਦੂਸਰੇ ਪਾਸੇ ਸਿਵਲ ਲਾਈਨ ਕਲੱਬ ਦੇ ਮੌਜੂਦਾ ਪ੍ਰਧਾਨ ਐਡਵੋਕੇਟ ਰਾਜਨ ਗਰਗ ਨੇ ਕਿਹਾ ਕਿ ਅੱਜ ਤਕ ਉਨ੍ਹਾਂ ਨੂੰ ਅਦਾਲਤ ਦਾ ਕੋਈ ਸੰਮਨ ਜਾਂ ਨੋਟਿਸ ਨਹੀਂ ਮਿਲਿਆ, ਜਦੋਂ ਮਿਲੇਗਾ ਤਾਂ ਉਸ ਦਾ ਜਵਾਬ ਅਦਾਲਤ ਵਿਚ ਦੇਣਗੇ।

# ਅਕਾਲੀ ਸਰਪੰਚ ਦੇ ਸਤਾਏ ਕਾਂਗਰਸੀ ਵਰਕਰ ਨੇ ਖ਼ੁਦਕੁਸ਼ੀ ਕੀਤੀ



ਦੌਰਾਂਗਲਾ, 2 ਸਤੰਬਰ (ਪੋਸਟ ਬਿਊਰੋ)- ਥਾਣਾ ਦੌਰਾਂਗਲਾ ਹੇਠਲੇ ਪਿੰਡ ਬੈਂਸ 'ਚ ਅਕਾਲੀ ਸਰਪੰਚ ਦੇ ਤੰਗ ਕਰਨ ਤੋਂ ਦੁਖੀ ਹੋਏ ਕਾਂਗਰਸੀ ਵਰਕਰ ਨੇ ਜ਼ਹਿਰੀਲਾ ਪਦਾਰਥ ਨਿਗਲ ਕੇ ਖੁਦਕੁਸ਼ੀ ਕਰ ਲਈ। ਪੁਲਸ ਨੇ ਮ੍ਰਿਤਕ ਦੇ ਭਤੀਜੇ ਦੇ ਬਿਆਨਾਂ ਉੱਤੇ ਅਕਾਲੀ ਸਰਪੰਚ ਸਮੇਤ ਚਾਰ ਜਣਿਆਂ ਖਿਲਾਫ ਕੇਸ ਦਰਜ ਕੀਤਾ ਹੈ।

ਮ੍ਰਿਤਕ ਗੁਰਦੇਵ ਸਿੰਘ ਦੇ ਭਤੀਜੇ ਜਰਮਨ ਸਿੰਘ ਨੇ ਥਾਣਾ ਦੌਰਾਂਗਲਾ ਦੀ ਪੁਲਸ ਨੂੰ ਬਿਆਨ ਦਿੱਤੇ ਹਨ ਕਿ ਉਸ ਦਾ ਚਾਚਾ ਗੁਰਦੇਵ ਸਿੰਘ ਪੁੱਤਰ ਚੰਨਣ ਸਿੰਘ ਆਪਣੇ ਖੇਤਾਂ ਵਿੱਚ ਕੰਮ ਕਰਕੇ ਘਰ ਵਾਪਸ ਆ ਰਿਹਾ ਸੀ ਕਿ ਰਸਤੇ 'ਚ ਸਰਪੰਚ ਹਰਪਾਲ ਸਿੰਘ, ਚਰਨ ਸਿੰਘ ਤੇ ਉਸ ਦਾ ਲੜਕਾ ਕੰਵਰਜੀਤ ਸਿੰਘ, ਗੁਰਭੇਜ ਸਿੰਘ ਪੁੱਤਰ ਕਸ਼ਮੀਰ, ਜੁਝਾਰ ਸਿੰਘ ਉਰਫ ਗੁਲਜਾਰ ਸਿੰਘ ਪੁੱਤਰ ਬੂੜ ਸਿੰਘ ਵਾਸੀ ਬੈਂਸ ਨੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਅਤੇ ਬੇਇੱਜ਼ਤੀ ਕੀਤੀ ਸੀ। ਜਰਮਨ ਸਿੰਘ ਨੇ ਦੱਸਿਆ ਕਿ ਅਕਾਲੀ ਸਰਪੰਚ ਹਰਪਾਲ ਸਿੰਘ ਉਨ੍ਹਾਂ ਨੂੰ ਕਹਿ ਰਿਹਾ ਸੀ ਕਿ ਤੁਸੀਂ ਕਾਂਗਰਸ ਸਰਕਾਰ ਹੋਣ ਦੇ ਬਾਵਜੂਦ ਸਾਡਾ ਕੁਝ ਨਹੀਂ ਵਿਗਾੜ ਸਕਦੇ। ਉਸ ਨੇ ਕਈ ਅਪ-ਸ਼ਬਦ ਵੀ ਬੋਲੇ, ਜਿਸ ਤੋਂ ਦੁਖੀ ਹੋ ਕੇ ਗੁਰਦੇਵ ਸਿੰਘ ਨੇ ਜ਼ਹਿਰੀਲੀ ਦਵਾਈ ਨਿਗਲ ਲਈ। ਉਸ ਨੂੰ ਇਲਾਜ ਲਈ ਗੁਰਦਾਸਪੁਰ ਪ੍ਰਾਈਵੇਟ ਹਸਪਤਾਲ ਦਾਖਲ ਕਰਵਾਇਆ ਗਿਆ, ਪ੍ਰੰਤੂ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਥਾਣਾ ਮੁਖੀ ਮੁਖਤਿਆਰ ਸਿੰਘ ਦੇ ਮੁਤਾਬਕ ਮ੍ਰਿਤਕ ਦੇ ਭਤੀਜੇ ਜਰਮਨ ਸਿੰਘ ਦੀ ਸ਼ਿਕਾਇਤ ਉੱਤੇ ਮੌਜੂਦਾ ਸਰਪੰਚ ਹਰਪਾਲ ਸਿੰਘ ਪੁੱਤਰ ਚਰਨ ਸਿੰਘ, ਕੰਵਲਜੀਤ ਸਿੰਘ ਪੁੱਤਰ ਹਰਪਾਲ ਸਿੰਘ, ਗਰੁਤੇਜ ਸਿੰਘ ਪੁੱਤਰ ਕਸ਼ਮੀਰ ਸਿੰਘ, ਜੁਝਾਰ ਸਿੰਘ ਪੁੱਤਰ ਬੂੜ ਸਿੰਘ ਖਿਲਾਫ ਕੇਸ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਵਿਦੇਸ਼ ਰਹਿੰਦੇ ਪਤੀ ਨਾਲ ਵੀਡੀਓ ਕਾਲ ਦੌਰਾਨ ਪਤਨੀ ਨੇ ਫਾਹਾ ਲੈ ਲਿਆ

ਮਲਸੀਆਂ, 2 ਸਤੰਬਰ (ਪੋਸਟ ਬਿਊਰੋ)- ਮਲਸੀਆਂ ਪੁਲਸ ਦੇ ਪਿੰਡ ਤਲਵੰਡੀ ਮਾਧੋ ਵਿਖੇ ਆਪਣੇ ਪੇਕੇ ਘਰ ਪਹੁੰਚ ਕੇ ਇੱਕ ਵਿਆਹੁਤਾ ਲੜਕੀ ਨੇ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ ਹੈ।

ਮਿਲੀ ਸੂਚਨਾ ਅਨੁਸਾਰ ਹਰਪ੍ਰੀਤ ਕੌਰ (29) ਪੁੱਤਰੀ ਸੰਤੋਖ ਸਿੰਘ ਪਿੰਡ ਤਲਵੰਡੀ ਮਾਧੋ (ਸ਼ਾਹਕੋਟ) ਦਾ ਵਿਆਹ ਓਂਕਾਰ ਸਿੰਘ ਵਾਸੀ ਬੰਗਾ (ਨਵਾਂ ਸ਼ਹਿਰ), ਜੋ ਇਟਲੀ ਵਿੱਚ ਰਹਿੰਦਾ ਹੈ, ਨਾਲ ਕਰੀਬ ਚਾਰ ਕੁ ਮਹੀਨੇ ਪਹਿਲਾਂ ਹੋਇਆ ਸੀ। ਪਤੀ ਦੇ ਵਿਦੇਸ਼ ਜਾਣ ਤੋਂ ਬਾਅਦ ਲੜਕੀ ਜ਼ਿਆਦਾਤਰ ਆਪਣੇ ਪੇਕੇ ਘਰ ਤਲਵੰਡੀ ਮਾਧੋ ਵਿਖੇ ਰਹਿੰਦੀ ਸੀ। ਕੱਲ੍ਹ ਦੇਰ ਰਾਤ ਉਹ ਆਪਣੇ ਪਤੀ ਨਾਲ ਵੀਡੀਓ ਕਾਲ ਕਰ ਰਹੀ ਸੀ। ਉਨ੍ਹਾਂ ਦੀ ਆਪੋ ਵਿੱਚ ਪਤਾ ਨਹੀਂ ਕੀ ਗੱਲਬਾਤ ਹੋਈ ਕਿ ਲੜਕੀ ਨੇ ਚਲਦੀ ਵੀਡੀਓ ਦੌਰਾਨ ਆਪਣੇ ਪਤੀ ਸਾਹ-ਮਣੇ ਫਾਹਾ ਲੈ ਲਿਆ। ਇਹ ਵੇਖ ਕੇ ਉਸ ਦਾ ਪਤੀ ਘਬਰਾ ਗਿਆ ਤੇ ਉਸ ਨੇ ਆਪਣੇ ਸਾਲੇ ਨੂੰ ਫੋਨ ਕਰ ਕੇ ਘਟਨਾ ਬਾਰੇ ਸੂਚਿਤ ਕੀਤਾ। ਜਦੋਂ ਲੜਕੀ ਦੇ ਭਰਾ ਨੇ ਘਰ ਜਾ ਕੇ ਦੇਖਿਆ ਤਾਂ ਦਰਵਾਜ਼ਾ ਅੰਦਰੋਂ ਬੰਦ ਸੀ। ਪਰਵਾਰਕ ਮੈਂਬਰਾਂ ਨੇ ਧੱਕੇ ਮਾਰ ਕੇ ਕੁੰਡੀ ਤੋੜ ਕੇ ਦਰਵਾਜ਼ਾ ਖੋਲ੍ਹਿਆ ਤਾਂ ਓਥੇ ਹਰਪ੍ਰੀਤ ਕੌਰ ਦੀ ਲਾਸ਼ ਲਟਕ ਰਹੀ ਸੀ। ਪਰਵਾਰ ਨੇ ਇਸ ਬਾਰੇ ਪੁਲਸ ਨੂੰ ਦੱਸਿਆ ਤਾਂ ਮਲਸੀਆਂ ਚੌਕੀ ਦੇ ਇੰਚਾਰਜ ਏ ਐੱਸ ਆਈ ਸੰਜੀਵਨ ਸਿੰਘ ਪੁਲਸ ਪਾਰਟੀ ਸਮੇਤ ਪਹੁੰਚੇ ਅਤੇ ਜਾਂਚ ਸ਼ੁਰੂ ਕੀਤੀ।

# ਸ਼ਰਾਬ ਪੀਣੋਂ ਰੋਕਣ ਉੱਤੇ ਟੈਕਸੀ ਚਾਲਕ ਵੱਲੋਂ ਪਤਨੀ ਦਾ ਕਤਲ



ਮੋਗਾ, 2 ਸਤੰਬਰ (ਪੋਸਟ ਬਿਊਰੋ)- ਇਥੋਂ ਨੇੜਲੇ ਪਿੰਡ ਚੜਿੱਕ ਵਿੱਚ ਪਤਨੀ ਵੱਲੋਂ ਸ਼ਰਾਬ ਪੀਣ ਤੋਂ ਰੋਕਣ ਉਤੇ ਟੈਕਸੀ ਚਾਲਕ ਨੇ ਆਪਣੇ ਸਾਥੀ ਨਾਲ ਮਿਲ ਕੇ ਤੇਜ਼ਧਾਰ ਹਥਿਆਰ ਨਾਲ ਆਪਣੀ ਪਤਨੀ ਦਾ ਕਤਲ ਕਰ ਦਿੱਤਾ। ਪੁਲਸ ਨੇ ਦੋਵਾਂ ਮੁਲਜ਼ਮਾਂ ਨੂੰ ਹਿਰਾਸਤ ਵਿੱਚ ਲੈ ਲਿਆ ਹੈ।

ਡੀ ਐੱਸ ਪੀ ਸਿਟੀ ਪਰਮਜੀਤ ਸਿੰਘ ਸੰਧੂ ਨੇ ਦੱਸਿਆ ਕਿ ਟੈਕਸੀ ਚਾਲਕ ਬਲਵੰਤ ਸਿੰਘ ਪਿੰਡ ਚੜਿੱਕ ਦਾ ਜੋਤੀ ਰਾਣੀ ਨਾਲ ਕਰੀਬ 20 ਸਾਲ ਪਹਿਲਾਂ ਵਿਆਹ ਹੋਇਆ ਸੀ। ਉਨ੍ਹਾਂ ਦੀਆਂ ਦੋ ਲੜਕੀਆਂ ਤੇ ਇੱਕ ਲੜਕਾ ਹੈ। ਕੱਲ੍ਹ ਰਾਤ ਬਲਵੰਤ ਸਿੰਘ ਨੇ ਆਪਣੇ ਸਾਥੀ ਜੱਸਾ ਸਿੰਘ ਪਿੰਡ ਘੋਲੀਆ ਨਾਲ ਮਿਲ ਕੇ ਜੋਤੀ ਰਾਣੀ ਦਾ ਕਹੀ ਮਾਰ ਕੇ ਕਤਲ ਕਰ ਦਿੱਤਾ। ਜੋਤੀ ਦੇ ਭਰਾ ਧਰਮਿੰਦਰ ਕੁਮਾਰ ਵਾਸੀ ਬਹੋਨਾ ਚੌਕ, ਮੋਗਾ ਨੇ ਦੱਸਿਆ ਕਿ ਜੋਤੀ, ਬਲਵੰਤ ਨੂੰ ਸ਼ਰਾਬ ਪੀਣ ਤੋਂ ਰੋਕਦੀ ਸੀ ਤੇ ਬਲਵੰਤ ਨੇ ਗੁੱਸੇ ਵਿੱਚ ਆ ਕੇ ਉਸ ਦਾ ਕਤਲ ਕਰ ਦਿੱਤਾ। ਔਰਤ ਦੇ ਭਰਾ ਦੇ ਬਿਆਨ 'ਤੇ ਥਾਣਾ ਸਿਟੀ ਸਾਊਥ ਵਿੱਚ ਦੋਵਾਂ ਦੋਸ਼ੀਆਂ ਦੇ ਖਿਲਾਫ ਕੇਸ ਦਰਜ ਹੋਇਆ ਹੈ। ਥਾਣਾ ਚੜਿੱਕ ਮੁਖੀ ਜੈਪਾਲ ਸਿੰਘ ਦੀ ਅਗਵਾਈ ਹੇਠ ਪਹੁੰਚੀ ਪੁਲਸ ਪਾਰਟੀ ਨੇ ਦੋਵਾਂ ਮੁਲਜ਼ਮਾਂ ਨੂੰ ਹਿਰਾਸਤ ਵਿੱਚ ਲੈ ਲਿਆ। ਦੂਜੇ ਪਾਸੇ ਬਲਵੰਤ ਸਿੰਘ ਦੇ ਭਰਾ ਚੰਚਲ ਸਿੰਘ ਨੇ ਦਾਅਵਾ ਕੀਤਾ ਕਿ ਨਾਜਾਇਜ਼ ਸੰਬੰਧਾਂ ਦੇ ਸ਼ੱਕ ਕਾਰਨ ਦੋਵਾਂ ਦਾ ਝਗੜਾ ਰਹਿੰਦਾ ਸੀ, ਪਰ ਥਾਣਾ ਚੜਿੱਕ ਮੁਖੀ ਜੈਪਾਲ ਸਿੰਘ ਨੇ ਕਿਹਾ ਕਿ ਮੁਢਲੀ ਜਾਂਚ ਵਿੱਚ ਅਜਿਹਾ ਕੋਈ ਤੱਥ ਸਾਹਮਣੇ ਨਹੀਂ ਆਇਆ ਹੈ।

# ਆਰ ਟੀ ਆਈ: ਸ਼੍ਰੋਮਣੀ ਕਮੇਟੀ ਨੂੰ ਵੈੱਬਸਾਈਟ ਉੱਤੇ ਵੇਰਵੇ ਪਾਉਣ ਵਾਸਤੇ ਇੱਕ ਸਾਲ ਮਿਲਿਆ




ਚੰਡੀਗੜ੍ਹ, 2 ਸਤੰਬਰ (ਪੋਸਟ ਬਿਊਰੋ)- ਪੰਜਾਬ ਰਾਜ ਸੂਚਨਾ ਕਮਿਸ਼ਨ ਨੇ ਇਹ ਫੈਸਲਾ ਦਿੱਤਾ ਹੈ ਕਿ ਸੂਚਨਾ ਅਧਿਕਾਰ ਕਾਨੂੰਨ ਹੇਠ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਸੂਚਨਾ ਅਤੇ ਵੇਰਵੇ ਦੇਣ ਲਈ ਪਾਬੰਦ ਹੈ।

ਸਾਲ 2011 ਵਿੱਚ ਦਾਇਰ ਕੀਤੀ ਗਈ ਇੱਕ ਪਟੀਸ਼ਨ ਉੱਤੇ ਪੰਜਾਬ ਰਾਜ ਸੂਚਨਾ ਕਮਿਸ਼ਨ ਦਾ ਇਹ ਹੁਕਮ 22 ਅਗਸਤ 2019 ਨੂੰ ਕੀਤਾ ਹੈ। ਵਰਨਣ ਯੋਗ ਹੈ ਕਿ ਜਦੋਂ ਦਾ ਸੂਚਨਾ ਅਧਿਕਾਰ ਕਾਨੂੰਨ ਲਾਗੂ ਕੀਤਾ ਗਿਆ ਹੈ, ਉਦੋਂ ਤੋਂ ਸ਼੍ਰੋਮਣੀ ਗੁਰਦੁ-ਆਰਾ ਪ੍ਰਬੰਧਕ ਕਮੇਟੀ ਕਿਸੇ ਨਾ ਕਿਸੇ ਬਹਾਨੇ ਸਵੈ ਇੱਛੁਕ ਤੌਰ ਉਤੇ ਸੂਚਨਾਵਾਂ ਦੇ ਵੇਰਵੇ ਦੇਣ ਤੋਂ ਨਾਂਹ ਕਰ ਰਹੀ ਸੀ। ਲੁਧਿਆਣਾ ਦੇ ਕੁਲਦੀਪ ਸਿੰਘ ਖਹਿਰਾ ਨੇ ਇਸ ਬਾਰੇ ਪਟੀਸ਼ਨ ਦਾਇਰ ਕੀਤੀ ਸੀ ਕਿ ਸ਼੍ਰੋਮਣੀ ਕਮੇਟੀ, ਜੋ ਇੱਕ ਜਨਤਕ ਅਦਾਰਾ ਹੈ ਅਤੇ ਸੂਚਨਾ ਅਧਿਕਾਰ ਕਾਨੂੰਨ ਹੇਠ ਆਉਂਦੀ ਹੈ, ਸਵੈਇੱਛੁਕ ਤੌਰ ਉਤੇ ਆਪਣੀ ਵੈੱਬਸਾਈਟ ਉੱਤੇ ਸੂਚਨਾ ਨਹੀਂ ਪਾ ਰਹੀ। ਬੀਤੀ 22 ਅਗਸਤ ਨੂੰ ਪੰਜਾਬ ਦੇ ਸੂਚਨਾ ਕਮਿਸ਼ਨਰ ਅਵਤਾਰ ਸਿੰਘ ਕਲੇਰ ਨੇ ਸ਼੍ਰੋਮਣੀ ਕਮੇਟੀ ਅਤੇ ਖਾਸ ਕਰ ਕੇ ਇਸ ਦੇ ਸੈਕਟਰੀ ਨੂੰ ਹੁਕਮ ਕੀਤਾ ਕਿ ਆਰ ਟੀ ਆਈ ਕਾਨੂੰਨ ਹੇਠ ਸਾਰੀ ਸੂਚਨਾ ਇਸ ਦੀ ਵੈੱਬਸਾਈਟ ਉੱਤੇ ਪਾਈ ਜਾਵੇ ਤੇ ਇਸ ਤੋਂ ਬਾਅਦ ਕਮਿਸ਼ਨ ਨੂੰ ਇਸ ਕੰਮ ਦਾ ਅਮਲ ਕਰ ਕੇ ਦੱਸਿਆ ਜਾਵੇ। ਇਹ ਕੇਸ ਸਾਲ 2011 ਵਿੱਚ ਉਦੋਂ ਦਾ ਹੈ, ਜਦੋਂ ਕੇਂਦਰੀ ਸੂਚਨਾ ਕਮਿਸ਼ਨ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਰ ਟੀ ਆਈ ਐਕਟ 2005 ਅਧੀਨ ਐਲਾਨਿਆ ਸੀ। ਤਾਜ਼ਾ ਹੁਕਮ ਵਿੱਚ ਸੂਚਨਾ ਕਮਿਸ਼ਨ ਨੇ ਹਦਾਇਤ ਕੀਤੀ ਹੈ ਕਿ ਕਮੇਟੀ ਜਨਤਕ ਅਥਾਰਟੀ ਹੋਣ ਕਾਰਨ ਆਪਣਾ ਸਾਰਾ ਰਿਕਾਰਡ ਇਸ ਕਾਨੂੰਨ ਤਹਿਤ ਸੂਚੀਬੱਧ ਕਰਨ ਦ ਪਾਬੰਦ ਹੈ। ਸੂਚਨਾ ਕਾਨੂੰਨ ਦੀ ਧਾਰਾ ਚਾਰ ਇਹ ਯਕੀਨੀ ਬਣਾਉਂਦੀ ਹੈ ਕਿ ਢੁਕਵੇਂ ਰਿਕਾਰਡ ਨੂੰ ਮਿਥੇ ਸਮੇਂ ਵਿੱਚ ਕੰਪਿਊਟ੍ਰੀਕ੍ਰਿਤ ਕੀਤਾ ਜਾਵੇ ਅਤੇ ਵੱਖ-ਵੱਖ ਢੰਗਾਂ ਰਾਹੀਂ ਦੇਸ਼ ਭਰ ਵਿੱਚ ਇੱਕ ਨੈੱਟਵਰਕ ਰਾਹੀਂ ਲੋਕਾਂ ਦੀ ਲੋੜ ਲਈ ਵੈੱਬਸਾਈਟ 'ਤੇ ਪਾਇਆ ਜਾਵੇ। ਸ਼੍ਰੋਮਣੀ ਕਮੇਟੀ ਵਿਸ਼ੇਸ਼ ਤੌਰ 'ਤੇ ਸੰਸਥਾ ਦੇ ਮੁਲਜ਼ਮਾਂ ਤੇ ਅਧਿਕਾਰੀਆਂ ਦੇ ਫਰਜ਼ ਅਤੇ ਸ਼ਕਤੀਆਂ ਸ਼੍ਰੋਮਣੀ ਕਮੇਟੀ ਦੀ ਫੈਸਲੇ ਲੈਣ ਦੀ ਪ੍ਰਕਿਰਿਆ, ਸੰਸਥਾ ਅਧੀਨ ਦਸਤਾਵੇਜ਼ ਬਾਰੇ ਬਿਆਨ, ਸੰਸਥਾ ਦੇ ਮੁਲਜ਼ਮਾਂ ਵੱਲੋਂ ਮਹੀਨਾਵਾਰ ਲਈ ਜਾਂਦੀ ਭੇਟਾ, ਕਮੇਟੀਆਂ ਦੀਆਂ ਸਾਰੀਆਂ ਯੋਜਨਾਵਾਂ ਦੀ ਪੂਰਤੀ ਲਈ ਨਿਰਧਾਰਤ ਬਜਟ, ਸਬਸਿਡੀ ਪ੍ਰੋਗਰਾਮ ਚਲਾਉਣ ਦਾ ਢੰਗ ਤਰੀਕਾ ਅਤੇ ਲਾਭ ਪਾਤਰੀਆਂ ਦੀ ਸੂਚੀ ਬਾਰੇ ਜਾਣਕਾਰੀ ਦੇਣ ਵਿੱਚ ਅਸਫਲ ਰਹੀ ਹੈ।

# ਦੋ ਘਰਾਂ ਵਿੱਚੋਂ 56 ਤੋਲੇ ਸੋਨੇ ਦੇ ਗਹਿਣੇ ਤੇ ਨਕਦੀ ਚੋਰੀ

ਦਸੂਹਾ, 2 ਸਤੰਬਰ (ਪੋਸਟ ਬਿਊਰੋ)- ਕੱਲ੍ਹ ਰਾਤ ਅਣਪਛਾਤੇ ਚੋਰਾਂ ਨੇ ਦੋ ਵੱਖ-ਵੱਖ ਵਾਰਦਾਤਾਂ ਵਿੱਚ 56 ਤੋਲੇ ਸੋਨੇ ਦੇ ਗਹਿਣੇ ਤੇ ਕਰੀਬ 65 ਹਜ਼ਾਰ ਰੁਪਏ ਦੀ ਨਗਦੀ ਚੋਰੀ ਕਰ ਲਈ।

ਮਿਲੀ ਜਾਣਕਾਰੀ ਮੁਤਾਬਕ ਨੇੜਲੇ ਪਿੰਡ ਹਲੇੜ ਵਿੱਚ ਤੜਕਸਾਰ ਚੋਰਾਂ ਨੇ ਇਕ ਘਰ ਨੂੰ ਨਿਸ਼ਾਨਾ ਬਣਾ ਕੇ 30 ਤੋਲੇ ਸੋਨਾ ਤੇ 35 ਹਜ਼ਾਰ ਰੁਪਏ ਚੋਰੀ ਕਰ ਲਏ। ਘਰ ਦੇ ਮਾਲਕ ਹਰਭਜਨ ਸਿੰਘ ਨੇ ਦੱਸਿਆ ਕਿ ਜ਼ਿਆਦਾ ਗਰਮੀ ਹੋਣ ਕਾਰਨ ਰਾਤ ਨੂੰ ਉਹ ਸਾਰੇ ਪਰਵਾਰਕ ਮੈਂਬਰ ਬਾਹਰ ਵਰਾਂਡੇ 'ਚ ਸੁੱਤੇ ਹੋਏ ਸੀ, ਜਦੋਂ ਸਵੇਰੇ ਉਠੇ ਤਾਂ ਗਲੀ ਨਾਲ ਲੱਗਦੇ ਕਮਰੇ ਦੀ ਖਿੜਕੀ ਟੁੱਟੀ ਹੋਈ ਸੀ, ਜਿਸ ਰਾਹੀਂ ਦਾਖਲ ਹੋ ਕੇ ਚੋਰ ਕਮਰੇ ਦੀ ਅਲਮਾਰੀ ਵਿੱਚੋਂ 30 ਤੋਲੇ ਸੋਨੇ ਦੇ ਗਹਿਣੇ ਤੇ 35 ਹਜ਼ਾਰ ਰੁਪਏ ਚੋਰੀ ਕਰਕੇ ਫਰਾਰ ਹੋ ਗਏ।

ਇਕ ਹੋਰ ਵਾਰਦਾਤ ਵਿੱਚ ਕੱਲ੍ਹ ਰਾਤ ਪਿੰਡ ਗੰਭੋਵਾਲ ਵਿਖੇ ਅਣਪਛਾਤੇ ਚੋਰਾਂ ਵੱਲੋਂ ਇਕ ਘਰ ਤੋਂ 26 ਤੋਲੇ ਸੋਨੇ ਦੇ ਗਹਿਣੇ ਤੇ 30 ਹਜ਼ਾਰ ਰੁਪਏ ਦੀ ਨਕਦੀ ਚੋਰੀ ਕਰ ਲਈ। ਘਰ ਦੇ ਮਾਲਕ ਬਖਸ਼ੀਸ਼ ਸਿੰਘ ਨੇ ਦੱਸਿਆ ਕਿ ਰਾਤ ਸਾਰੇ ਪਰਵਾਰਕ ਮੈਂਬਰ ਏ ਸੀ ਕਮਰੇ ਵਿੱਚ ਸੁੱਤੇ ਸਨ ਕਿ ਚੋਰਾਂ ਨੇ ਗਲੀ ਵਾਲੇ ਕਮਰੇ ਦੀ ਖਿੜਕੀ ਤੋੜ ਕੇ ਅਲਮਾਰੀ ਵਿੱਚੋਂ 26 ਤੋਲੇ ਸੋਨਾ ਤੇ 30 ਹਜ਼ਾਰ ਰੁਪਏ ਚੋਰੀ ਕਰ ਲਏ। ਕਾਂਗਰਸੀ ਆਗੂ ਮੰਗਜੀਤ ਸਿੰਘ ਗੰਭੋਵਾਲ ਨੇ ਦੱਸਿਆ ਕਿ ਸੀ ਸੀ ਟੀ ਵੀ ਕੈਮਰੇ ਵਿੱਚ ਚੋਰੀ ਦੀ ਵਾਰਦਾਤ ਕੈਦ ਹੋ ਗਈ ਹੈ, ਜਿਸ ਵਿੱਚ ਅਣਪਛਾਤੇ ਚੋਰਾਂ ਦੀ ਗਿਣਤੀ ਚਾਰ ਦੇ ਕਰੀਬ ਹੈ। ਦੋਵਾਂ ਘਟਨਾਵਾਂ ਦੀ ਸੂਚਨਾ ਮਿਲਣ ਮਗਰੋਂ ਥਾਣਾ ਮੁਖੀ ਯਾਦਵਿੰਦਰ ਸਿੰਘ ਬਰਾੜ ਦੀ ਅਗਵਾਈ ਹੇਠ ਪੁਲਸ ਪਾਰਟੀ ਨਾਲ ਘਟਨਾ ਸਥਾਨ ਦਾ ਜਾਇਜ਼ਾ ਲਿਆ।

# ਆਈਲੈਟਸ ਦੇ ਬੈਂਡ ਦਿਵਾਉਣ ਬਹਾਨੇ ਅੱਠ ਲੱਖ ਦੀ ਠੱਗੀ

ਬਠਿੰਡਾ, 2 ਸਤੰਬਰ (ਪੋਸਟ ਬਿਊਰੋ)- ਵਿਦੇਸ਼ ਵਿੱਚ ਜਾਣ ਦਾ ਸੁਫਨਾ ਲੈ ਰਹੇ ਨੌਜਵਾਨਾਂ ਨਾਲ ਠੱਗੀਆਂ ਵੱਜਣ ਦੇ ਕੇਸ ਲਗਾਤਾਰ ਵਧ ਰਹੇ ਹਨ। ਬੇਰੁਜ਼ਗਾਰੀ ਵਿੱਚ ਫਸੀ ਪੰਜਾਬ ਦੀ ਨੌਜਵਾਨ ਪੀੜ੍ਹੀ ਹਰ ਕੀਮਤ 'ਤੇ ਵਿਦੇਸ਼ ਜਾਣ ਨੂੰ ਤਿਆਰ ਹੈ। ਇਸ ਦਾ ਫਾਇਦਾ ਉਠਾਉਂਦਿਆਂ ਉਕਤ ਨੌਜਵਾਨਾਂ ਨੂੰ ਠੱਗ ਆਪਣੇ ਜਾਲ ਵਿੱਚ ਫਸਾ ਕੇ ਲੱਖਾਂ ਰੁਪਏ ਦੀਆਂ ਠੱਗੀਆਂ ਮਾਰਦੇ ਹਨ। ਇਸ ਸ਼ਹਿਰ ਵਿੱਚ ਵੀ ਇੱਕ ਆਦਮੀ ਨੇ ਆਪਣੀ ਗਰਲ ਫਰੈਂਡ ਨਾਲ ਮਿਲ ਕੇ ਦੋ ਕੁੜੀਆਂ ਨੂੰ ਆਈਲੈਟਸ ਵਿੱਚੋਂ ਵੱਧ ਬੈਂਡ ਦਿਵਾ ਕੇ ਕੈਨੇਡਾ ਭੇਜਣ ਦਾ ਝਾਂਸਾ ਦੇ ਕੇ ਅੱਠ ਲੱਖ ਰੁਪਏ ਦੀ ਠੱਗੀ ਮਾਰੀ ਹੈ।

ਥਾਣਾ ਸਿਵਲ ਲਾਈਨ ਦੀ ਪੁਲਸ ਨੇ ਠੱਗੀ ਮਾਰਨ ਵਾਲੇ ਵਿਅਕਤੀ ਅਤੇ ਉਸ ਦੀ ਗਰਲ ਫਰੈਂਡ 'ਤੇ ਇੱਕ ਲੜਕੀ ਦੀ ਸ਼ਿਕਾਇਤ ਉਤੇ ਫਰਾਡ ਦੇ ਦੋਸ਼ ਹੇਠਾਂ ਕੇਸ ਦਰਜ ਕੀਤਾ ਹੈ। ਇਸ ਬਾਰੇ ਐੱਸ ਆਈ ਕਰਮਜੀਤ ਸਿੰਘ ਨੇ ਦੱਸਿਆ ਕਿ ਅਮਨਦੀਪ ਕੌਰ ਪਿੰਡ ਧੌਲਾ ਜ਼ਿਲ੍ਹਾ ਬਰਨਾਲਾ ਨੇ ਸ਼ਿਕਾਇਤ ਦਿੱਤੀ ਹੈ ਕਿ 2017 ਵਿੱਚ ਉਹ ਅਤੇ ਉਸ ਦੀ ਸਹੇਲੀ ਕਰਮਜੀਤ ਕੌਰ ਆਈਲੈਟਸ ਕਰਨ ਬਠਿੰਡਾ ਆਈਆਂ ਸਨ ਅਤੇ ਅਜੀਤ ਰੋਡ ਦੀ ਗਲੀ ਨੰਬਰ ਦਸ ਵਿੱਚ ਇੱਕ ਪੀ ਜੀ ਵਿੱਚ ਰਹਿੰਦੀਆਂ ਸਨ। ਅਮਨਦੀਪ ਕੌਰ ਨੇ ਦੱਸਿਆ ਕਿ ਉਕਤ ਪੀ ਜੀ ਵਿੱਚ ਉਨ੍ਹਾਂ ਨਾਲ ਮੋਗਾ ਦੇ ਪਿੰਡ ਹਿੰਮਤਪੁਰਾ ਦੀ ਰਹਿਣ ਵਾਲੀ ਤੇ ਬਠਿੰਡਾ ਦੇ ਬਾਬਾ ਫਰੀਦ ਕਾਲਜ ਦੀ ਵਿਦਿਆਰਥਣ ਸਨੇਹਪ੍ਰੀਤ ਕੌਰ ਵੀ ਰਹਿੰਦੀ ਸੀ। ਇੱਕੋ ਥਾਂ ਰਹਿਣ ਕਾਰਨ ਉਸ ਦੀ ਸਨੇਹਪ੍ਰੀਤ ਕੌਰ ਨਾਲ ਨੇੜਤਾ ਹੋਈ ਤਾਂ ਸਨੇਹਪ੍ਰੀਤ ਨੇ ਦੱਸਿਆ ਕਿ ਪੀ ਜੀ ਦਾ ਮਾਲਕ ਲਖਵਿੰਦਰ ਸਿੰਘ ਕਾਫੀ ਪਹੁੰਚ ਵਾਲਾ ਵਿਅਕਤੀ ਹੈ ਤੇ ਉਹ ਆਈਲੈਟਸ ਵਿੱਚੋਂ ਚੰਗੇ ਬੈਂਡ ਦਿਵਾ ਕੇ ਕੈਨੇਡਾ ਭੇਜ ਦੇਵੇਗਾ ਅਤੇ ਉਹ ਕਈ ਵਿਅਕਤੀਆਂ ਨੂੰ ਵਿਦੇਸ਼ਾਂ ਵਿਚ ਸੈੱਟ ਕਰਵਾ ਚੁੱਕਾ ਹੈ। ਅਮਨਦੀਪ ਕੌਰ ਨੇ ਦੱਸਿਆ ਕਿ ਸਨੇਹਪ੍ਰੀਤ ਦੀਆਂ ਗੱਲਾਂ ਵਿੱਚ ਆ ਕੇ ਉਸ ਨੇ ਤੇ ਉਸ ਦੀ ਸਹੇਲੀ ਕਰਮਜੀਤ ਕੌਰ ਨੇ ਅੱਠ ਲੱਖ ਰੁਪਏ ਲਖਵਿੰਦਰ ਸਿੰਘ ਨੂੰ ਦੇ ਦਿੱਤੇ, ਪਰ ਰੁਪਏ ਲੈਣ ਤੋਂ ਬਾਅਦ ਨਾ ਉਨ੍ਹਾਂ ਨੂੰ ਆਈਲੈਟਸ ਵਿੱਚੋਂ ਚੰਗੇ ਨੰਬਰ ਦਿਵਾਏ ਗਏ ਤੇ ਨਾ ਵਿਦੇਸ਼ ਭੇਜਿਆ ਗਿਆ ਤੇ ਜਦ ਉਹ ਆਪਣੇ ਰੁਪਏ ਵਾਪਸ ਮੰਗਦੀ ਤਾਂ ਸਨੇਹਪ੍ਰੀਤ ਤੇ ਲਖਵਿੰਦਰ ਸਿੰਘ ਟਾਲ ਮਟੋਲ ਕਰਦੇ ਰਹਿੰਦੇ ਹਨ।

# ਹੋਰਨਾਂ ਰਾਜਾਂ ਵਿੱਚੋਂ ਹਥਿਆਰ ਲਿਆ ਕੇ ਵੇਚਣ ਵਾਲੇ ਕਾਬੂ

ਤਰਨ ਤਾਰਨ, 2 ਸਤੰਬਰ (ਪੋਸਟ ਬਿਊਰੋ)- ਸੀ ਆਈ ਏ ਸਟਾਫ ਤਰਨ ਤਾਰਨ ਦੀ ਪੁਲਸ ਨੇ ਦੂਸਰੇ ਸੂਬਿਆਂ ਵਿੱਚੋਂ ਹਥਿਆਰ ਲਿਆ ਕੇ ਵੇਚਣ ਵਾਲੇ ਪੰਜ ਜਣਿਆਂ ਨੂੰ ਪੰਜ ਪਿਸਤੌਲ, ਕਾਰਤੂਸ ਅਤੇ ਮੈਗਜ਼ੀਨ ਬਰਾਮਦ ਕਰਕੇ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਹੈ। ਇਨ੍ਹਾਂ ਵਿੱਚੋਂ ਇਕ ਮੁਲਜ਼ਮ ਦੇ ਨਾਮਵਰ ਗੈਂਗਸਟਰਾਂ ਨਾਲ ਸਬੰਧ ਹਨ।

ਐਸ ਪੀ (ਪੜਤਾਲ) ਹਰਜੀਤ ਸਿੰਘ ਧਾਲੀਵਾਲ ਨੇ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਇੰਸਪੈਕਟਰ ਕੁਲਵਿੰਦਰ ਸਿੰਘ ਨੇ ਪਿੰਡ ਡਾਲੇਕੇ ਦੇ ਅੱਡੇ ਕੋਲ ਨਾਕਾਬੰਦੀ ਦੌਰਾਨ ਸੰਤੋਖ ਸਿੰਘ ਉਰਫ ਸੁੱਖਾ ਵਾਸੀ ਜੋਗਾ ਸਿੰਘ ਵਾਲਾ ਨੂੰ 32 ਬੋਰ ਦੇ ਪਿਸਤੌਲ, ਦੋ ਮੈਗਜ਼ੀਨ ਤੇ ਤਿੰਨ ਕਾਰਤੂਸ, ਰਾਜਕਰਨ ਸਿੰਘ ਰਾਜਾ ਵਾਸੀ ਸ਼ਹਾਬਪੁਰ ਨੂੰ ਰਿਵਾਲਵਰ 32 ਬੋਰ ਤੇ ਦੋ ਕਾਰਤੂਸ, ਮਨਮੀਤ ਸਿੰਘ ਉਰਫ ਬੁੱਟਰ ਵਾਸੀ ਵਾਂ ਤਾਰਾ ਸਿੰਘ ਹਾਲ ਵਾਸੀ ਭਿੱਖੀਵਿੰਡ ਨੂੰ 32 ਬੋਰ ਦੇ ਪਿਸਤੌਲ, ਇਕ ਮੈਗਜ਼ੀਨ ਤੇ ਦੋ ਕਾਰਤੂਸ, ਗੁਰਚੇਤ ਸਿੰਘ ਕਾਰਾ ਪਿੰਡ ਭੂਰੇਗਿੱਲ ਨੂੰ 32 ਬੋਰ ਦੇ ਪਿਸਤੌਲ, ਮੈਗਜ਼ੀਨ ਤੇ ਦੋ ਕਾਰਤੂਸ ਤੋਂ ਇਲਾਵਾ ਮਨਦੀਪ ਸਿੰਘ ਲਵ ਵਾਸੀ ਭੂਰੇਗਿੱਲ ਨੂੰ ਪਿਸਤੌਲ ਤੇ ਮੈਗਜ਼ੀਨ ਤੋਂ ਇਲਾਵਾ ਦੋ ਕਾਰਤੂਸ ਤੇ 32 ਬੋਰ ਬਰਾਮਦ ਕਰਕੇ ਗ੍ਰਿਫਤਾਰ ਕੀਤਾ ਹੈ। ਲਵਕਰਨ ਮੰਗਾ ਵਾਸੀ ਬਾਕੀਪੁਰ ਨੂੰ 32 ਬੋਰ ਦੇ ਪਿਸਤੌਲ ਦੇ ਦੋ ਕਾਰਤੂਸ ਬਰਾਮਦ ਕਰਕੇ ਗ੍ਰਿਫਤਾਰ ਕੀਤਾ ਗਿਆ ਹੈ। ਇਨ੍ਹਾਂ ਖਿਲਾਫ ਥਾਣਾ ਸਦਰ ਵਿੱਚ ਵੱਖ-ਵੱਖ ਕੇਸ ਅਸਲ੍ਹਾ ਐਕਟ ਤਹਿਤ ਦਰਜ ਕੀਤੇ ਗਏ ਹਨ। ਰਾਜਕਰਨ ਰਾਜੇ ਦਾ ਤਾਲਮੇਲ ਰਾਜ ਕੁਮਾਰ ਵਾਸੀ ਫਿਰੋਜ਼ਪੁਰ, ਰੋਸ਼ਨ ਹੁੰਦਲ, ਕਾਲਾ ਕਿਰਤੋਵਾਲੀਆ, ਨਿੰਮਾ ਵਾਸੀ ਪਲਾਸੌਰ ਨਾਲ ਹੈ, ਜਿਹੜੇ ਜੱਗੂ ਭਗਵਾਨਪੁਰੀਏ ਨਾਲ ਸਬੰਧ ਰੱਖਦੇ ਹਨ। ਉਨ੍ਹਾਂ ਦੱਸਿਆ ਕਿ ਕਾਬੂ ਕੀਤੇ ਗਏ ਵਿਅਕਤੀ ਯੂ ਪੀ, ਬਿਹਾਰ ਸਮੇਤ ਹੋਰਨਾਂ ਰਾਜਾਂ ਤੋਂ ਅਸਲ੍ਹਾ ਲਿਆਂਦੇ ਸਨ। ਰਾਜ ਕੁਮਾਰ ਵਾਸੀ ਫਿਰੋਜ਼ਪੁਰ ਦਾ ਸਬੰਧ ਗਗਨਦੀਪ ਸਿੰਘ ਵਾਸੀ ਅਜਨਾਲਾ ਨਾਲ ਹੈ ਜੋ ਪਟਿਆਲਾ ਜੇਲ੍ਹ ਵਿੱਚ ਬੰਦ ਹੈ।



# ਕਿਸਾਨ ਦੇ ਪੁੱਤਰ ਨੇ ਹੈਲੀਕਾਪਟਰ ਬਣਾ ਲਿਆ



ਦੌਸਾ, 2 ਸਤੰਬਰ (ਪੋਸਟ ਬਿਊਰੋ)- ਰਾਜਸਥਾਨ ਦੇ ਦੌਸਾ ਦੇ ਬਾਂਦੂਕੁਈ ਖੇਤਰ ਦੇ ਆਭਾਨੇਰੀ ਪਿੰਡ ਪੰਚਾਇਤ ਦੇ ਦੋ ਹਜ਼ਾਰ ਆਬਾਦੀ ਵਾਲੇ ਪਿੰਡ ਦੇ ਮਿੱਟੀ ਦਾ ਚੇਤ ਰਾਮ ਗੁਰਜਰ ਨੇ ਔਖੇ ਹਾਲਾਤ 'ਚ ਉਡਾਣ ਭਰਨ ਵਾਲਾ ਹੈਲੀਕਾਪਟਰ ਬਣਾ ਕੇ ਕਮਾਲ ਕਰ ਦਿੱਤਾ ਹੈ। ਆਈ ਟੀ ਆਈ ਡਿਗਰੀ ਵਾਲੇ ਇਸ ਨੌਜਵਾਨ ਦਾ ਪੜ੍ਹਾਈ ਦੌਰਾਨ ਉਡਾਨ ਭਰਨ ਵਾਲਾ ਹੈਲੀਕਾਪਟਰ ਬਣਾਉਣ ਦਾ ਸੁਪਨਾ ਸੀ, ਜਿਸ ਲਈ ਲੋੜੀਂਦਾ ਸਾਮਾਨ ਇਕੱਠਾ ਕਰਕੇ ਇਕ ਵਿਅਕਤੀ ਬੈਠਣ ਵਾਲਾ ਚਾਰ ਕੁਇੰਟਲ ਲੋਹੇ ਦੀ ਬਾਡੀ ਵਾਲਾ ਹੈਲੀਕਾਪਟਰ ਇਕ ਸਾਲ ਦੀ ਮਿਹਨਤ ਕਰਕੇ ਉਸ ਨੇ ਬਣਾ ਦਿੱਤਾ। ਨੌਜਵਾਨ ਦਾ ਦਾਅਵਾ ਹੈ ਕਿ ਜੇ ਉਸ ਨੂੰ ਆਗਿਆ ਮਿਲੇ ਤਾਂ ਉਹ ਇਹ ਹੈਲੀਕਾਪਟਰ 20 ਤੱਕ ਦੀ ਉਚਾਈ ਤੱਕ ਉਡਾ ਸਕਦਾ ਹੈ। ਇਸ ਨੂੰ ਬਣਾਉਣ ਲਈ ਰੋਜ਼ 12 ਤੋਂ 15 ਘੰਟੇ ਦੀ ਮਿਹਨਤ ਕੀਤੀ ਗਈ ਅਤੇ ਇਸ 'ਚ ਕਰੀਬ 10 ਲੱਖ ਰੁਪਏ ਖਰਚਾ ਆਇਆ ਹੈ, ਜਿਸ ਬਾਰੇ ਕਿਸਾਨ ਪਿਤਾ ਨੇ ਆਪਣੇ ਪੁੱਤਰ ਦੇ ਸੁਪਨਿਆਂ ਨੂੰ ਖੰਭ ਲਾਉਣ ਲਈ ਮਦਦ ਕੀਤੀ ਹੈ। ਹੈਲੀਕਾਪਟਰ ਬਣਾਉਂਦੇ ਸਮੇਂ ਇਸ ਨੂੰ ਤਿੰਨ ਵਾਰ ਬਦਲਿਆ ਗਿਆ। ਪਹਿਲਾਂ ਇਸ 'ਚ ਮੋਟਰ ਸਾਈਕਲ ਦਾ ਇਕਹਿਰਾ ਪੈਟਰੋਲ ਇੰਜਣ ਲਾਇਆ ਗਿਆ, ਪਰ ਇਹ ਉਡਾਨ ਨਾ ਭਰ ਸਕਿਆ। ਫਿਰ ਨੌਜਵਾਨ ਨੇ ਡੀਜ਼ਲ ਇੰਜਣ ਲਾਇਆ, ਪਰ ਹੈਲੀਕਾਪਟਰ ਦੇ ਕੰਬਣ ਕਾਰਨ ਸਫਲਤਾ ਨਾ ਮਿਲੀ। ਲਗਾਤਾਰ ਬਦਲਦੇ ਮਾਡਲ ਦੇ ਕਾਰਨ ਹਾਂਡਾ ਸੀ ਬੀ ਜੈਡ ਮੋਟਰ ਸਾਈਕਲ ਦੇ ਦੋ ਇੰਜਣ ਲਾਉਣ ਦੇ ਬਾਅਦ ਅਤੇ ਹੈਲੀਕਾਪਟਰ ਦੇ ਰੂਪ 'ਚ ਥੋੜ੍ਹਾ ਵਿਸਥਾਰ ਕਰ ਕੇ ਨੌਜਵਾਨ ਨੇ ਸਫਲਤਾ ਪ੍ਰਾਪਤ ਕਰ ਲਈ ਅਤੇ ਹੈਲੀਕਾਪਟਰ ਨੂੰ 20 ਫੁੱਟ ਤੱਕ ਉਡਾਉਣ ਦਾ ਦਾਅਵਾ ਕੀਤਾ।

# ਉਤਰ ਪ੍ਰਦੇਸ਼ ਵਿੱਚ ਬੱਚਾ ਚੋਰੀ ਦੇ ਸ਼ੱਕ ਵਿੱਚ ਦੋ ਹੋਰਨਾਂ ਨੂੰ ਮਾਰ ਦਿੱਤਾ ਗਿਆ

ਲਖਨਊ, 2 ਸਤੰਬਰ (ਪੋਸਟ ਬਿਊਰੋ)- ਬੱਚਾ ਚੋਰੀ ਦੇ ਸ਼ੱਕ ਵਿੱਚ ਉਤਰ ਪ੍ਰਦੇਸ਼ ਦੇ ਇਸ ਵਾਰ ਅਵਧ ਖੇਤਰ ਵਿੱਚ ਦੋ ਹੋਰ ਵਿਅਕਤੀਆਂ ਦੀ ਹੱਤਿਆ ਕਰ ਦਿੱਤੀ ਗਈ ਹੈ। ਕੱਲ੍ਹ ਰਾਤ ਸੁਲਤਾਨਪੁਰ ਦੇ ਕੂਰੇਭਾਰ ਥਾਣਾ ਖੇਤਰ ਦੇ ਪੀਰੋ ਸਰੈਯਾ ਪਿੰਡ ਵਿੱਚ ਇਕ ਮਾਨਸਿਕ ਪੱਖੋਂ ਪਰੇਸ਼ਾਨ ਮਹਿਲਾ ਨੂੰ ਦਰੱਖਤ ਨਾਲ ਬੰਨ੍ਹ ਕੇ ਲੋਕਾਂ ਨੇ ਇੰਨਾ ਕੁੱਟਿਆ ਕਿ ਉਸ ਦੀ ਮੌਤ ਹੋ ਗਈ।ਪੁਲਸ ਨੇ 10 ਨਾਮਜ਼ਦ ਲੋਕਾਂ ਸਣੇ 30 ਜਣਿਆਂ ਦੇ ਖਿਲਾਫ ਕੇਸ ਦਰਜ ਕੀਤਾ ਹੈ। ਗੁਆਂਢੀ ਜ਼ਿਲੇ ਅਮੇਠੀ ਵਿੱਚ ਵੀ ਇਸੇ ਦੋਸ਼ ਵਿੱਚ ਸੋਨਭੱਦਰ ਦੇ ਇਕ ਵਿਅਕਤੀ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ ਹੈ। ਸੁਲਤਾਨਪੁਰ ਦੇ ਪੀਰੋ ਸਰੈਯਾ ਪਿੰਡ ਦੇ ਮੁਹੰਮਦ ਕਯੂਮ ਆਪਣੇ ਪਰਵਾਰ ਨਾਲ ਘਰ ਦੇ ਬਾਹਰ ਸੌਂ ਰਹੇ ਸਨ। ਦੋਸ਼ ਹੈ ਕਿ ਇਕ ਮਾਨਸਿਕ ਪੱਖੋਂ ਪਰੇਸ਼ਾਨ ਮਹਿਲਾ ਆਈ ਅਤੇ ਉਸ ਦੇ ਬੇਟੇ ਦੀ ਚਾਰਪਾਈ ਕੋਲ ਜਾ ਕੇ ਚਾਦਰ ਖਿੱਚਣ ਲੱਗੀ। ਇਹ ਦੇਖ ਕੇ ਕਯੂਮ ਮਹਿਲਾ ਨੂੰ ਫੜ ਕੇ ਕੁੱਟਣ ਲੱਗੇ। ਰੌਲਾ ਪਿਆ ਤਾਂ ਹੋਰ ਲੋਕ ਵੀ ਆ ਗਏ ਅਤੇ ਸਾਰਿਆਂ ਨੇ ਮਹਿਲਾ ਨੂੰ ਕੁੱਟ ਕੇ ਅੱਧ ਮਰਿਆ ਕਰ ਦਿੱਤਾ, ਜਿਸ ਪਿੱਛੋਂ ਹਸਪਤਾਲ ਵਿੱਚ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ।

ਪੁਲਸ ਦੇ ਸਰਕਲ ਅਫਸਰ (ਸੀ ਓ) ਦਲਬੀਰ ਸਿੰਘ ਨੇ ਬੱਚਾ ਚੋਰੀ ਦੀ ਗੱਲ ਨੂੰ ਰੱਦ ਕੀਤਾ ਤੇ ਕਿਹਾ ਕਿ ਮਾਮਲਾ ਲੋਟਾ-ਚੋਰੀ ਦਾ ਹੈ। ਮੁੱਖ ਦੋਸ਼ੀ ਕਯੂਮ ਨੂੰ ਗ੍ਰਿਫਤਾਰ ਕਰ ਕੇ ਹੋਰਨਾਂ ਦੀ ਭਾਲ ਕੀਤੀ ਜਾ ਰਹੀ ਹੈ। ਦੂਸਰੀ ਹੱਤਿਆ ਅਮੇਠੀ ਜ਼ਿਲੇ ਵਿੱਚ ਬੱਚਾ ਚੋਰੀ ਦੇ ਸ਼ੱਕ ਵਿੱਚ ਹੋਈ। ਅਮਯੇਮਾਫੀ ਪਿੰਡ ਤੋਂ ਪਿਕਅੱਪ 'ਤੇ ਅੱਧਾ ਦਰਜਨ ਤੋਂ ਵੱਧ ਲੋਕ ਜਾ ਰਹੇ ਸੀ। ਇਸ ਦੌਰਾਨ ਕਿਸੇ ਨੇ ਪਿੰਡ ਵਿੱਚ ਬੱਚਾ ਚੋਰੀ ਦੀ ਅਫਵਾਹ ਫੈਲਾ ਦਿੱਤੀ। ਲੋਕਾਂ ਨੇ ਪਿਕਅੱਪ ਰੋਕ ਕੇ ਸਾਰਿਆਂ ਦੀ ਕੁੱਟਮਾਰ ਕਰਕੇ ਵਾਹਨ ਨੂੰ ਪਲਟ ਦਿੱਤਾ। ਜ਼ਖਮੀਆਂ ਨੂੰ ਪੁਲਸ ਨੇ ਜ਼ਿਲਾ ਹਸਪਤਾਲ ਵਿੱਚ ਭਰਤੀ ਕਰਵਾਇਆ, ਜਿਥੇ ਸੋਨਭੱਦਰ ਦੇ 33 ਸਾਲਾ ਸੀਆਰਾਮ ਦੀ ਮੌਤ ਹੋ ਗਈ ਅਤੇ ਸੋਨਭੱਦਰ ਦੇ ਰਾਮਵਚਨ ਅਤੇ ਪ੍ਰਤਾਪਗੜ੍ਹ ਦੇ ਰਾਜਕੁਮਾਰ ਦੀ ਹਾਲਤ ਨਾਜ਼ੁਕ ਦੇਖ ਕੇ ਲਖਨਊ ਟਰਾਮਾ ਸੈਂਟਰ ਰੈਫਰ ਕੀਤਾ ਗਿਆ ਹੈ। ਇਕ ਹੋਰ ਘਟਨਾ ਵਿੱਚ ਸੁਲਤਾਨਪੁਰ ਜ਼ਿਲੇ ਦੇ ਅਖੰਡਨਗਰ ਥਾਣਾ ਖੇਤਰ ਦੇ ਮੀਰਪੁਰ ਪ੍ਰਤਾਪਪੁਰ ਪਿੰਡ ਵਿੱਚ ਵੀ ਬੱਚਾ ਚੋਰੀ ਦੀ ਸ਼ੱਕ ਉੱਤੇ ਇਕ ਮਾਨਸਿਕ ਪੱਖੋਂ ਪਰੇਸ਼ਾਨ ਨੌਜਵਾਨ ਭੀੜ ਦਾ ਨਿਸ਼ਾਨਾ ਬਣ ਗਿਆ। ਕੁੱਟਣ ਮਗਰੋਂ ਹੱਥ ਬੰਨ੍ਹ ਕੇ ਦੋ ਜਣੇ ਉਸ ਨੂੰ ਬਾਈਕ 'ਤੇ ਲੈ ਕੇ ਕਿਤੇ ਜਾਣ ਲੱਗੇ ਸਨ ਕਿ ਇਸ ਸੂਚਨਾ 'ਤੇ ਪਹੁੰਚੀ ਪੁਲਸ ਨੇ ਉਸ ਨੂੰ ਛੁਡਵਾ ਲਿਆ। ਇਸੇ ਤਰ੍ਹਾਂ ਹਰਦੋਈ ਵਿੱਚ ਮੱਲਾਵਾਂ ਕੋਤਵਾਲੀ ਦੇ ਪਿੰਡ ਖੱਦੀਪੁਰ ਵਿੱਚ ਕੱਲ੍ਹ ਇਕ ਦਾੜ੍ਹੀ ਵਾਲੇ ਨੂੰ ਬੱਚਾ ਚੋਰ ਸਮਝ ਕੇ ਕੁੱਟਮਾਰ ਕਰਕੇ ਮਰਨ ਕੰਢੇ ਕਰ ਦਿੱਤਾ ਗਿਆ। ਉਸ ਦਾ ਵੀ ਇਲਾਜ ਚੱਲ ਰਿਹਾ ਹੈ।

# ਮਹਾਰਾਸ਼ਟਰ ਦੇ ਸਾਬਕਾ ਮੰਤਰੀ ਨੂੰ 100 ਕਰੋੜ ਜੁਰਮਾਨਾ ਤੇ ਸੱਤ ਸਾਲ ਕੈਦ

ਮੁੰਬਈ, 2 ਸਤੰਬਰ (ਪੋਸਟ ਬਿਊਰੋ)- ਮਹਾਰਾਸ਼ਟਰ 'ਚ ਧੁਲੇ ਜ਼ਿਲ੍ਹੇ ਦੀ ਸੈਸ਼ਨ ਕੋਰਟ ਨੇ ਸੂਬੇ ਦੇ ਸਾਬਕਾ ਮੰਤਰੀਆਂ ਸੁਰੇਸ਼ ਜੈਨ, ਗੁਲਾਬ ਰਾਓ ਦੇਵਕਰ ਅਤੇ 46 ਹੋਰਨਾਂ ਨੂੰ ਕਰੋੜਾਂ ਰੁਪਏ ਦੇ ਘਰਕੁਲ ਹਾਊਸਿੰਗ ਘੁਟਾਲੇ ਦਾ ਦੋਸ਼ੀ ਮੰਨ ਕੇ ਸੁਰੇਸ਼ ਜੈਨ ਨੂੰ ਸੱਤ ਸਾਲ ਦੀ ਸਜ਼ਾ ਦੇ ਨਾਲ 100 ਕਰੋੜ ਰੁਪਏ ਦਾ ਜੁਰਮਾਨਾ ਲਾਇਆ ਹੈ। ਗੁਲਾਬ ਰਾਓ ਨੂੰ ਪੰਜ ਸਾਲ ਦੀ ਸਜ਼ਾ ਹੋਈ ਹੈ, ਜਦ ਕਿ ਬਾਕੀ 46 ਦੋਸ਼ੀਆਂ ਨੂੰ ਤਿੰਨ ਤੋਂ ਸੱਤ ਸਾਲ ਦੀ ਸਜ਼ਾ ਸੁਣਾਈ ਗਈ ਹੈ।

ਵਿਸ਼ੇਸ਼ ਜੱਜ ਸ੍ਰਿਸ਼ਟੀ ਨੀਲਕੰਠ ਵੱਲੋਂ ਸਜ਼ਾ ਸੁਣਾਉਣ ਦੇ ਨਾਲ ਹੀ ਅਦਾਲਤ ਵਿੱਚ ਮੌਜੂਦ ਸਾਰੇ 48 ਦੋਸ਼ੀਆਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਸ਼ਿਵ ਸੈਨਾ ਨੇਤਾ ਸੁਰੇਸ਼ ਜੈਨ ਤੇ ਰਾਸ਼ਟਰਵਾਦੀ ਕਾਂਗਰਸ ਪਾਰਟੀ (ਐੱਨ ਸੀ ਪੀ) ਨੇਤਾ ਗੁਲਾਬ ਰਾਓ ਦੇਵਕਰ ਦੇ ਇਲਾਵਾ ਹੋਰ ਮੁਲਜ਼ਮਾਂ 'ਚ ਕੁਝ ਸਾਬਕਾ ਕੌਂਸਲਰ ਅਤੇ ਅਧਿਕਾਰੀ ਸ਼ਾਮਲ ਹਨ।ਅਸਲ ਵਿੱਚ ਘਰਕੁਲ ਹਾਊਸਿੰਗ ਯੋਜਨਾ ਦੇ ਤਹਿਤ ਜਲਗਾਓਂ ਦੇ ਬਾਹਰੀ ਇਲਾਕੇ ਵਿੱਚ 5000 ਫਲੈਟ ਬਣਾਏ ਜਾਣੇ ਸਨ। ਇਨ੍ਹਾਂ ਦਾ ਠੇਕਾ ਖੰਦੇਸ਼ ਬਿਲਡਰਜ਼ ਨੂੰ ਦਿੱਤਾ ਗਿਆ ਸੀ, ਪਰ ਯੋਜਨਾ ਵਿੱਚ ਸਿਰਫ 1500 ਫਲੈਟ ਹੀ ਬਣਾਏ ਗਏ ਸਨ। ਜਲਗਾਓਂ ਦੇ ਸਾਬਕਾ ਨਗਰ ਕਮਿਸ਼ਨਰ ਪ੍ਰਵੀਨ ਗੇਦਮ ਨੇ ਇਸ ਬਾਰੇ ਫਰਵਰੀ 2016 ਵਿੱਚ ਸ਼ਿਕਾਇਤ ਕੀਤੀ ਸੀ। ਮੁਲਜ਼ਮਾਂ ਤੇ ਬਿਲਡਰ ਨੂੰ ਲਾਭ ਪਹੁੰਚਾਉਣ ਅਤੇ 29 ਕਰੋੜ ਰੁਪਏ ਤੱਕ ਬੇਨਿਯਮੀ 'ਚ ਸ਼ਾਮਲ ਹੋਣ ਦਾ ਦੋਸ਼ ਲਾਇਆ ਸੀ। ਘੁਟਾਲੇ ਦੇ ਸਮੇਂ ਸੁਰੇਸ਼ ਜੈਨ ਸੂਬੇ ਦੇ ਗ੍ਰਹਿ ਰਾਜ ਮੰਤਰੀ ਸਨ। ਮਾਰਚ 2012 ਵਿੱਚ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਤਾਂ ਇਸ ਦੇ ਬਾਅਦ ਸੁਪਰੀਮ ਕੋਰਟ ਤੋਂ ਜ਼ਮਾਨਤ ਮਿਲਣ ਤੱਕ ਉਹ ਇੱਕ ਸਾਲ ਤੋਂ ਜ਼ਿਆਦਾ ਸਮਾਂ ਜੇਲ੍ਹ ਵਿੱਚ ਰਹੇ ਸਨ। ਗੁਲਾਬ ਰਾਓ ਦੇਵਕਰ 1995 ਤੋਂ 2000 ਤੱਕ ਜਲਗਾਓਂ ਨਗਰ ਕੌਂਸਲ ਵਿੱਚ ਕੌਂਸਲਰ ਸਨ। ਉਨ੍ਹਾਂ ਨੂੰ ਮਈ 2012 ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਜ਼ਮਾਨਤ ਮਿਲਣ ਤੋਂ ਪਹਿਲਾਂ ਉਹ ਵੀ ਤਿੰਨ ਸਾਲ ਜੇਲ੍ਹ ਵਿੱਚ ਰਹੇ ਸਨ।

# ਮਹਿਲਾ ਮੁਲਾਜ਼ਮ ਨੇ ਟੋਲ ਮੰਗਿਆ ਤਾਂ ਅਗਲੇ ਨੇ ਥੱਪੜ ਮਾਰਿਆ

ਗੁੜਗਾਓਂ, 2 ਸਤੰਬਰ, (ਪੋਸਟ ਬਿਊਰੋ)- ਦਿੱਲੀ-ਜੈਪੁਰ ਹਾਈਵੇ ਦੇ ਖੇੜਕੀਦੌਲਾ ਟੋਲ ਉਤੇ ਇੱਕ ਮਹਿਲਾ ਮੁਲਾਜ਼ਮ ਨੇ ਕਾਰ ਸਵਾਰ ਵਿਅਕਤੀ ਤੋਂ ਟੋਲ ਮੰਗਿਆ ਤਾਂ ਅਗਲੇ ਨੇ ਉਸ ਨੂੰ ਥੱਪੜ ਮਾਰ ਦਿੱਤਾ। ਇਸ ਘਟਨਾ ਤੋਂ ਬਾਅਦ ਹੰਗਾਮਾ ਵਧਿਆ ਤਾਂ ਓਥੇ ਮੌਜੂਦ ਪੁਲਸ ਨੇ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ। ਟੋਲ ਮੈਨੇਜਮੈਂਟ ਨੇ ਇਸ ਬਾਰੇ ਲਿਖਤੀ ਸ਼ਿਕਾਇਤ ਥਾਣੇ ਵਿੱਚ ਦਿੱਤੀ ਤਾਂ ਪੁਲਸ ਨੇ ਸੀ ਸੀ ਟੀ ਵੀ ਫੁਟੇਜ ਵੇਖੀ ਅਤੇ ਮੁਕੱਦਮਾ ਦਰਜ ਕੀਤਾ ਹੈ। ਵਰਨਣ ਯੋਗ ਹੈ ਕਿ ਖੇੜਕੀਦੌਲਾ ਟੋਲ ਉੱਤੇ ਇਹ ਪਹਿਲਾ ਮਾਮਲਾ ਨਹੀਂ। ਅੱਧਾ ਦਰਜਨ ਤੋਂ ਵੱਧ ਮਾਮਲੇ ਪਹਿਲਾਂ ਤੋਂ ਥਾਣੇ ਵਿੱਚ ਦਰਜ ਹੋ ਚੁੱਕੇ ਹਨ। ਦਿੱਲੀ ਤੋਂ ਜੈਪੁਰ ਜਾਣ ਵਾਲੇ ਕਾਰ ਸਵਾਰ ਤੋਂ ਇੱਕ ਮਹਿਲਾ ਮੁਲਾਜ਼ਮ ਨੇ ਜਦੋਂ ਟੋਲ ਮੰਗਿਆ ਤਾਂ ਉਹ ਇਸ ਗੱਲ ਤੋਂ ਨਾਰਾਜ਼ ਹੋ ਕੇ ਤੂ-ਤੂ, ਮੈਂ-ਮੈਂ ਕਰਨ ਲੱਗ ਪਿਆ ਅਤੇ ਇਸ ਦੇ ਬਾਅਦ ਵਿਅਕਤੀ ਨੇ ਮਹਿਲਾ ਨੂੰ ਥੱਪੜ ਮਾਰ ਦਿੱਤਾ।

# ਭਾਰਤ ਦੇ ਵੱਡੇ ਹਵਾਈ ਅੱਡਿਆਂ ਉੱਤੇ ਬਾਡੀ ਸਕੈਨਰ ਇੱਕ ਸਾਲ ਦੇ ਅੰਦਰ ਚੱਲਣਗੇ

ਨਵੀਂ ਦਿੱਲੀ, 2 ਸਤੰਬਰ, (ਪੋਸਟ ਬਿਊਰੋ)- ਭਾਰਤ ਦੇ ਸਭ ਹਵਾਈ ਅੱਡਿਆਂ ਉਤੇ ਅਗਲੇ ਸਾਲ ਵਿੱਚ ਬਾਡੀ ਸਕੈਨਰ ਲੱਗ ਜਾਣਗੇ, ਜਦ ਕਿ ਦੋ ਸਾਲ ਅੰਦਰ ਦੇਸ਼ ਦੇ ਸਭ ਛੋਟੇ-ਵੱਡੇ ਹਵਾਈ ਅੱਡਿਆਂ 'ਤੇ ਇਹ ਵਿਵਸਥਾ ਲਾਗੂ ਹੋ ਜਾਏਗੀ। ਸ਼ਹਿਰੀ ਹਵਾਬਾਜ਼ੀ ਸੁਰੱਖਿਆ ਬਿਊਰੋ ਨੇ ਹਵਾਈ ਅੱਡਿਆਂ 'ਤੇ ਸੁਰੱਖਿਆ ਦੀ ਗੰਭੀਰਤਾ ਦਾ ਧਿਆਨ ਰੱਖ ਕੇ ਇਹ ਹੁਕਮ ਜਾਰੀ ਕੀਤਾ ਹੈ। ਇਸ ਤੋਂ ਪਹਿਲਾਂ ਜੂਨ ਵਿੱਚ ਕੇਂਦਰ ਸਰਕਾਰ ਨੇ ਦੇਸ਼ ਦੇ 105 ਵਿੱਚੋਂ 84 ਹਵਾਈ ਅੱਡਿਆਂ 'ਤੇ ਮਾਰਚ 2020 ਤੱਕ ਬਾਡੀ ਸਕੈਨਰ ਲਾਉਣ ਦੇ ਨਿਰਦੇਸ਼ ਜਾਰੀ ਕੀਤੇ ਹਨ।

ਭਾਰਤ ਦੇ 105 ਆਪ੍ਰੇਸ਼ਨਲ ਹਵਾਈ ਅੱਡਿਆਂ ਵਿੱਚੋਂ ਅਜੇ ਤੱਕ 28 ਨੂੰ ਅਤਿਅੰਤ ਨਾਜ਼ੁਕ ਹਵਾਈ ਅੱਡਿਆਂ ਦੀ ਸ਼੍ਰੇਣੀ ਵਿੱਚ ਰੱਖਿਆ ਗਿਆ ਹੈ। ਇਨ੍ਹਾਂ ਵਿੱਚ ਦਿੱਲੀ, ਮੁੰਬਈ, ਕੋਲਕਾਤਾ ਤੇ ਚੇਨਈ ਦੇ ਹਵਾਈ ਅੱਡੇ ਸ਼ਾਮਲ ਹਨ। ਜੰਮੂ-ਕਸ਼ਮੀਰ ਅਤੇ ਉਤਰ ਪੂਰਬ ਦੇ ਕੁਝ ਹਵਾਈ ਅੱਡਿਆਂ ਨੂੰ ਵੀ ਇਸ ਸ਼੍ਰੇਣੀ ਵਿੱਚ ਰੱਖਿਆ ਗਿਆ ਅਤੇ 56 ਹੋਰ ਹਵਾਈ ਅੱਡਿਆਂ ਨੂੰ ਨਾਜ਼ੁਕ ਸ਼੍ਰੇਣੀ ਵਿੱਚ ਰੱਖਿਆ ਗਿਆ ਹੈ। ਹਵਾਈ ਅੱਡਿਆਂ 'ਤੇ ਬਾਡੀ ਸਕੈਨਰ ਲੱਗਣ ਪਿੱਛੋਂ ਮੁਸਾਫਰਾਂ ਦੀ ਚੈਕਿੰਗ ਲਈ ਵਰਤੇ ਜਾਂਦੇ ਮੈਟਲ ਡਿਟੈਕਟਰਾਂ ਅਤੇ ਹੱਥ ਨਾਲ ਚੈਕਿੰਗ ਵਾਲੇ ਸਕੈਨਰਾਂ ਦੀ ਲੋੜ ਨਹੀਂ ਪਏਗੀ। ਇਸ ਸਾਲ ਅਪ੍ਰੈਲ ਵਿੱਚ ਬਿਊਰੋ ਵੱਲੋਂ ਜਾਰੀ ਸਰਕੂਲਰ ਵਿੱਚ ਕਿਹਾ ਗਿਆ ਸੀ ਕਿ ਮੈਟਲ ਡਿਟੈਕਟਰ ਬਿਨਾਂ ਧਾਤ ਵਾਲੇ ਹਥਿਆਰਾਂ ਅਤੇ ਵਿਸਫੋਟਕਾਂ ਦੀ ਪਛਾਣ ਨਹੀਂ ਕਰ ਸਕਦੇ, ਜਦ ਕਿ ਬਾਡੀ ਸਕੈਨਰ ਇਨ੍ਹਾਂ ਸਭ ਚੀਜ਼ਾਂ ਨੂੰ ਫੜ ਲੈਂਦੇ ਹਨ।

# ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਨੂੰ 27 ਦਿਨਾਂ ਪਿੱਛੋਂ ਭੈਣ ਨੂੰ ਮਿਲਣ ਦਿੱਤਾ ਗਿਆ

ਸ੍ਰੀਨਗਰ, 2 ਸਤੰਬਰ (ਪੋਸਟ ਬਿਊਰੋ)- ਜੰਮੂ ਕਸ਼ਮੀਰ ਦੀ ਸੰਵਿਧਾਨਕ ਸਥਿਤੀ ਬਦਲਣ ਪਿੱਛੋਂ ਚੌਕਸੀ ਵਜੋਂ ਹਿਰਾਸਤ ਵਿੱਚ ਲਏ ਗਏ ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਤੇ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫਤੀ ਨੂੰ ਪ੍ਰਸ਼ਾਸਨ ਨੇ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਨਾਲ ਮਿਲਣ ਦਾ ਮੌਕਾ ਆਖਰ ਨੂੰ ਦੇ ਦਿੱਤਾ ਹੈ।

ਵਰਨਣ ਯੋਗ ਹੈ ਕਿ ਮਹਿਬੂਬਾ ਮੁਫਤੀ ਨੂੰ ਉਨ੍ਹਾਂ ਦੀ ਮਾਂ ਅਤੇ ਭੈਣ ਨੇ ਬੀਤੇ ਵੀਰਵਾਰ ਮਿਲੀਆਂ ਸਨ, ਜਦ ਕਿ ਉਮਰ ਅਬਦੁੱਲਾ ਨਾਲ ਉਨ੍ਹਾਂ ਦੀ ਭੈਣ ਅਤੇ ਇਕ ਹੋਰ ਰਿਸ਼ਤੇਦਾਰ ਨੇ ਕੱਲ੍ਹ ਸ਼ਾਮ ਮੁਲਾਕਾਤ ਕੀਤੀ। ਪਤਾ ਲੱਗਾ ਹੈ ਕਿ ਇਸ ਹਿਰਾਸਤ ਦੌਰਾਨ ਉਮਰ ਅਬਦੁੱਲਾ ਨੇ ਦਾੜ੍ਹੀ ਵਧਾ ਲਈ ਹੈ।ਨੈਸ਼ਨਲ ਕਾਨਫਰੰਸ ਦੇ ਉਪ ਪ੍ਰਧਾਨ ਉਮਰ ਅਬਦੁੱਲਾ ਨੂੰ ਪੰਜ ਅਗਸਤ ਤੋਂ ਗੁਪਕਾਰ ਮਾਰਗ ਉੱਤੇ ਹਰਿ ਨਿਵਾਸ ਵਿੱਚ ਹਿਰਾਸਤ ਵਿੱਚ ਰੱਖਿਆ ਗਿਆ ਹੈ। ਮਹਿਬੂਬਾ ਮੁਫਤੀ ਨੂੰ ਵੀ ਪਹਿਲਾਂ ਹਰਿ ਨਿਵਾਸ ਵਿੱਚ ਰੱਖਿਆ ਸੀ, ਪਰ ਉਮਰ ਅਬਦੁੱਲਾ ਨਾਲ ਹੋਈ ਬਹਿਸ ਤੋਂ ਬਾਅਦ ਉਨ੍ਹਾਂ ਨੂੰ ਚਸ਼ਮਾਸ਼ਾਹੀ ਦੇ ਸਰਕਾਰੀ ਗੈਸਟ ਹਾਊਸ ਵਿੱਚ ਭੇਜ ਦਿੱਤਾ ਗਿਆ ਸੀ।

# ਆਰਿਫ਼ ਮੁਹੰਮਦ ਨੂੰ ਕੇਰਲ ਦਾ ਗਵਰਨਰ ਲਾਇਆ

ਨਵੀਂ ਦਿੱਲੀ, 2 ਸਤੰਬਰ, (ਪੋਸਟ ਬਿਊਰੋ)-ਤੇਤੀ ਸਾਲ ਪਹਿਲਾਂ ਸੁਪਰੀਮ ਕੋਰਟ ਵੱਲੋਂਸ਼ਾਹਬਾਨੋ ਮੁੱਦੇ ਉੱਤੇ ਕੀਤੇ ਗਏ ਫੈਸਲੇ ਨੂੰ ਰਾਜੀਵ ਗਾਂਧੀ ਸਰਕਾਰ ਵੱਲੋਂ ਬਦਲਣ ਦੇ ਵਿਰੁੱਧ ਮੰਤਰੀ ਵਜੋਂ ਅਸਤੀਫ਼ਾ ਦੇਣ ਵਾਲੇ ਆਰਿਫ਼ ਮੁਹੰਮਦ ਖ਼ਾਨ ਨੂੰ ਕੇਰਲ ਦੇ ਗਵਰਨਰ ਲਾਇਆ ਗਿਆ ਹੈ। ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਅੱਜ ਕੇਰਲ, ਰਾਜਸਥਾਨ, ਮਹਾਰਾਸ਼ਟਰ, ਹਿਮਾਚਲ ਪ੍ਰਦੇਸ਼ ਤੇ ਤੇਲੰਗਾਨਾ ਦੇ ਨਵੇਂ ਗਵਰਨਰ ਨਿਯੁਕਤ ਕੀਤੇ ਹਨ। ਇਨ੍ਹਾਂ ਵਿਚ ਭਾਜਪਾ ਦੇ ਤਿੰਨ ਆਗੂ ਸ਼ਾਮਲ ਹਨ। ਨਵੇਂ ਗਵਰਨਰਾਂ ਦੇ ਅਹੁਦਾ ਸੰਭਾਲਣ ਤੋਂ ਬਾਅਦ ਉਨ੍ਹਾਂ ਦੀ ਨਿਯੁਕਤੀ ਲਾਗੂ ਮੰਨੀ ਜਾਵੇਗੀ। ਮੁਸਲਿਮ ਭਾਈਚਾਰੇ ਦਾ ਪ੍ਰਗਤੀਸ਼ੀਲ ਚਿਹਰਾ ਮੰਨੇ ਜਾਂਦੇ ਆਰਿਫ਼ ਮੁਹੰਮਦ ਖ਼ਾਨ ਨੇ ਨਰਿੰਦਰ ਮੋਦੀ ਸਰਕਾਰ ਵੱਲੋਂ ਤਿੰਨ ਤਲਾਕ ਤੇ ਕਸ਼ਮੀਰ ਵਿੱਚੋਂ ਧਾਰਾ 370 ਹਟਾਉਣ ਦੇ ਫ਼ੈਸਲੇ ਦਾ ਖੁੱਲ੍ਹਾ ਸਮਰਥਨ ਕੀਤਾ ਸੀ। ਆਰਿਫ਼ ਮੁਹੰਮਦ ਖ਼ਾਨ (68 ਸਾਲ) ਕਿਸੇ ਸਮੇਂ ਰਾਜੀਵ ਗਾਂਧੀ ਸਰਕਾਰ ਵਿਚ ਮੰਤਰੀ ਸਨ ਤੇ 1986 ਵਿਚ ਜਦੋਂ ਸ਼ਾਹਬਾਨੋ ਕੇਸ ਵਿਚ ਸੁਪਰੀਮ ਕੋਰਟ ਨੇ ਫੈਸਲਾ ਦਿੱਤਾ ਤਾਂ ਇਸ ਅਦਾਲਤੀ ਫੈਸਲੇ ਨੂੰ ਪਾਰਲੀਮੈਂਟ ਵਿੱਚ ਕਾਨੂੰਨੀ ਸੋਧ ਕਰ ਕੇਬਦਲਣ ਦੇ ਵਿਰੁੱਧ ਰੋਸ ਵਜੋਂ ਉਨ੍ਹਾਂ ਨੇ ਰਾਜੀਵ ਗਾਂਧੀ ਸਰਕਾਰ ਤੋਂ ਅਸਤੀਫ਼ਾ ਦੇ ਦਿੱਤਾ ਸੀ। ਉਸ ਦੇ ਪਿੱਛੋਂ ਉਹ ਰਾਜਨੀਤੀ ਵਿੱਚ ਸਿਰਫ ਪ੍ਰਧਾਨ ਮੰਤਰੀ ਵੀ ਪੀ ਸਿੰਘ ਦੇ ਵਕਤ ਕੁਝ ਚਿਰ ਸਰਗਰਮ ਰਹੇ, ਬਾਕੀ ਸਮਾਂ ਉਹ ਇੱਕ ਤਰ੍ਹਾਂ ਪਾਸਾ ਹੀ ਰੱਖਦੇ ਰਹੇ ਸਨ, ਪਰ ਮੋਦੀ ਸਰਕਾਰ ਦੀ ਹਮਾਇਤ ਕਰਨ ਦੇ ਲਈ ਸਰਗਰਮ ਹੋਏ ਹਨ।

ਉੱਤਰ ਪ੍ਰਦੇਸ਼ ਦੇ ਬੁਲੰਦਸ਼ਹਿਰ ਵਿੱਚ ਜਨਮੇ ਆਰਿਫ਼ ਮੁਹੰਮਦ ਖ਼ਾਨ 2007 ਵਿਚ ਭਾਜਪਾ ਵਿਚ ਸ਼ਾਮਲ ਹੋਏ ਸਨ, ਪਰ ਉਸ ਪਿੱਛੋਂ ਵੀ ਸਰਗਰਮ ਸਿਆਸਤ ਤੋਂ ਆਮ ਕਰ ਕੇ ਦੂਰ ਰਹੇ ਸਨ।

# ਟਰੈਫਿਕ ਨਿਯਮ ਤੋੜਨ ਵਾਲਿਆਂ ਨੂੰ ਮੋਟੇ ਜੁਰਮਾਨੇ ਦਾ ਕੰਮ ਸ਼ੁਰੂ

ਨਵੀਂ ਦਿੱਲੀ, 2 ਸਤੰਬਰ (ਪੋਸਟ ਬਿਊਰੋ)- ਭਾਰਤ ਵਿੱਚ ਪਹਿਲੀ ਸਤੰਬਰ ਤੋਂ ਕਈ ਵੱਡੇ ਬਦਲਾਅ ਹੋ ਰਹੇ ਹਨ। ਇਨ੍ਹਾਂ 'ਚ ਟਰੈਫਿਕ ਨਿਯਮਾਂ ਦੀ ਉਲੰਘਣਾ 'ਤੇ ਭਾਰੀ ਜੁਰਮਾਨਾ ਕਈ ਗੁਣਾ ਕੀਤੇ ਜਾਣ ਅਤੇ ਬੈਂਕ ਖਾਤੇ ਵਿੱਚੋਂ ਇੱਕ ਕਰੋੜ ਤੋਂ ਵੱਧ ਰਕਮ ਕਢਵਾਉਣ ਉੱਤੇ ਟੀ ਡੀ ਐੱਸ ਵਰਗੇ ਕਈ ਬਦਲਾਅ ਹੋ ਜਾਣਗੇ।

ਸੜਕ ਹਾਦਸਿਆਂ 'ਚ ਲਗਾਤਾਰ ਵਾਧੇ ਕਾਰਨ ਟਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਉਤੇ ਜੁਰਮਾਨਾ ਰਾਸ਼ੀ 'ਚ ਕਈ ਗੁਣਾ ਵਾਧਾ ਕੀਤਾ ਗਿਆ ਹੈ। ਇਸ ਨਿਯਮ ਦਾ ਬਿੱਲ ਪਾਰਲੀਮੈਂਟ ਦੇ ਪਿਛਲੇ ਇਜਲਾਸ ਵਿੱਚ ਪਾਸ ਹੋਇਆ ਸੀ। ਜੁਰਮਾਨੇ 'ਚ ਵਾਧਾ ਪਹਿਲੀ ਸਤੰਬਰ ਤੋਂ ਲਾਗੂ ਹੋ ਗਿਆ ਹੈ। ਨਵੇਂ ਨਿਯਮਾਂ ਅਨੁਸਾਰ ਬਿਨਾਂ ਲਾਈਸੈਂਸ ਵਾਹਨ ਚਲਾਉਣ 'ਤੇ ਚਲਾਨ ਦਾ ਜੁਰਮਾਨਾ ਇੱਕ ਹਜ਼ਾਰ ਰੁਪਏ ਤੋਂ ਵਧਾ ਕੇ ਪੰਜ ਹਜ਼ਾਰ ਕੀਤਾ ਗਿਆ ਹੈ। ਸ਼ਰਾਬ ਪੀ ਕੇ ਵਾਹਨ ਚਲਾਉਣ ਉਤੇ 10 ਹਜ਼ਾਰ ਰੁਪਏ ਜੁਰਮਾਨਾ ਹੋਵੇਗਾ, ਪਹਿਲਾਂ ਇਹ ਦੋ ਹਜ਼ਾਰ ਰੁਪਏ ਸੀ। ਤੈਅ ਰਫਤਾਰ ਗੱਡੀ ਚਲਾਉਣ ਦੇ ਦੋਸ਼ ਵਿੱਚ ਜੁਰਮਾਨਾ 500 ਰੁਪਏ ਤੋਂ ਵਧਾ ਕੇ ਪੰਜ ਹਜ਼ਾਰ ਰੁਪਏ ਕੀਤਾ ਗਿਆ ਹੈ। ਬਿਨਾਂ ਹੈਲਮਿਟ ਦੇ ਦੁਪਹੀਆ ਵਾਹਨ ਚਲਾਉਣ 'ਤੇ ਇੱਕ ਹਜ਼ਾਰ ਰੁਪਏ ਜੁਰਮਾਨਾ ਤੇ ਤਿੰਨ ਮਹੀਨੇ ਲਈ ਲਾਇਸੈਂਸ ਜ਼ਬਤ ਕੀਤਾ ਜਾ ਸਕਦਾ ਹੈ। ਚਾਲੂ ਸਾਲ ਦੇ ਆਮ ਬਜਟ 'ਚ ਇਸ ਸਾਲ ਦੌਰਾਨ ਇੱਕ ਕਰੋੜ ਤੋਂ ਵੱਧ ਨਕਦੀ ਬੈਂਕ ਵਿੱਚੋਂ ਕਢਵਾਉਣ 'ਤੇ ਦੋ ਫੀਸਦੀ ਟੀ ਡੀ ਐੱਸ (ਟੈਕਸ ਡਿਡਕਸ਼ਨ ਐਟ ਸੋਰਸ) ਲੱਗ ਜਾਵੇਗਾ। ਭਾਰਤੀ ਰੇਲਵੇ ਖੁਰਾਕ ਅਤੇ ਸੈਰ ਸਪਾਟਾ ਨਿਗਮ (ਆਈ ਆਰ ਸੀ ਟੀ ਸੀ) ਤੋਂ ਭਾਰਤੀ ਰੇਲਵੇ ਲਈ ਟਿਕਟ ਬੁਕਿੰਗ ਪੋਰਟਲ ਤੋਂ ਆਨਲਾਈਨ ਟਿਕਟ ਬੁੱਕ ਕਰਾਉਣ ਉਤੇ ਸਰਵਿਸ ਟੈਕਸ ਅਦਾ ਕਰਨਾ ਪਵੇਗਾ। ਅਜੇ ਤੱਕ 50 ਹਜ਼ਾਰ ਰੁਪਏ ਤੋਂ ਜ਼ਿਆਦਾ ਲੈਣ-ਦੇਣ ਉਤੇ ਖਾਤਾ ਧਾਰਕ ਦੇ ਬੈਂਕ ਨੂੰ ਆਮਦਨ ਟੈਕਸ ਵਿਭਾਗ ਨੂੰ ਸੂਚਿਤ ਕਰਨਾ ਹੁੰਦਾ ਸੀ, ਪਰ ਅੱਗੇ ਤੋਂ ਟੈਕਸ ਪ੍ਰਣਾਲੀ ਦੀ ਜਾਂਚ ਲਈ ਖਾਤਾਧਾਰਕ ਦੇ ਬੈਂਕ ਤੋਂ ਘੱਟ ਰਾਸ਼ੀ ਵਾਲੇ ਲੈਣ-ਦੇਣ ਦੇ ਸੰਬੰਧ ਵਿੱਚ ਵੀ ਜਾਣਕਾਰੀ ਮੰਗੀ ਜਾ ਸਕਦੀ ਹੈ।

# ਭਾਰਤ ਦਾ ਸਭ ਤੋਂ ਉਚਾ 9 ਹਜ਼ਾਰ ਫੁੱਟ ਦੀ ਉਚਾਈ 'ਤੇ ਸਕਾਈ ਸਾਈਕਲਿੰਗ ਟ੍ਰੈਕ ਤਿਆਰ



ਮਨਾਲੀ, 2 ਸਤੰਬਰ, (ਪੋਸਟ ਬਿਊਰੋ)- ਸੈਰ ਸਪਾਟਾ ਨਗਰੀ ਮਨਾਲੀ ਦੇ ਸੈਰ ਸਪਾਟਾ ਸਥਾਨ ਗੁਲਾਬਾ ਵਿੱਚ ਸਕਾਈ ਸਾਈਕਲਿੰਗ ਦਾ ਟ੍ਰੈਕ ਲਗਭਗ ਬਣ ਕੇ ਤਿਆਰ ਹੋ ਗਿਆ ਹੈ। 9 ਹਜ਼ਾਰ ਫੁੱਟ ਦੀ ਉਚਾਈ 'ਤੇ ਬਣਾਇਆ ਗਿਆ ਇਹ ਟ੍ਰੈਕ ਭਾਰਤ ਦਾ ਸਭ ਤੋਂ ਉਚਾ ਸਕਾਈ ਸਾਈਕਲਿੰਗ ਟ੍ਰੈਕ ਹੋਵੇਗਾ।

ਸਕਾਈ ਸਾਈਕਲਿੰਗ ਦੇ ਟ੍ਰੈਕ ਦੀ ਦੂਰੀ 350 ਮੀਟਰ ਹੈ। ਇਹ ਟ੍ਰੈਕ ਅਟਲ ਬਿਹਾਰੀ ਵਾਜਪਾਈ ਪਰਬਤਾਰੋਹਣ ਖੇਡ ਸੰਸਥਾ ਮਨਾਲੀ ਦੇ ਡਾਇਰੈਕਟਰ ਕਰਨਲ ਨੀਰਜ ਰਾਣਾ ਦੀ ਦੇਖ ਰੇਖ ਵਿੱਚ ਬਣ ਕੇ ਤਿਆਰ ਹੋ ਰਿਹਾ ਹੈ ਅਤੇ ਇਹ ਸਕਾਈ ਸਾਈਕਲਿੰਗ ਟ੍ਰੈਕ ਸਾਹਸੀ ਖੇਡ ਪ੍ਰੇਮੀਆਂ ਦੀ ਪਹਿਲੀ ਪਸੰਦ ਬਣੇਗਾ। ਇਸ ਨਾਲ ਸਰਕਾਰੀ ਆਮਦਨ ਵਿੱਚ ਵੀ ਮਜ਼ਬੂਤੀ ਮਿਲੇਗੀ ਅਤੇ ਸੈਲਾਨੀਆਂ ਨੂੰ ਸਾਹਸੀ ਗਤੀਵਿਧੀਆਂ ਵਿੱਚ ਹਿੱਸਾ ਲੈਣ ਦਾ ਮੌਕਾ ਮਿਲ ਸਕੇਗਾ। ਪ੍ਰਦੇਸ਼ ਸਰਕਾਰ ਗੁਲਾਬਾ ਦੀਆਂ ਵਾਦੀਆਂ ਵਿੱਚ ਕੁਦਰਤੀ ਵਾਟਿਕਾ ਵੀ ਬਣਾ ਰਹੀ ਹੈ, ਜਿਸ 'ਤੇ ਕਰੀਬ ਦੋ ਕਰੋੜ ਖਰਚ ਦਾ ਅਨੁਮਾਨ ਹੈ। ਜੰਗਲਾਤ, ਟਰਾਂਸਪੋਰਟ ਅਤੇ ਖੇਡ ਮੰਤਰੀ ਗੋਵਿੰਦ ਠਾਕੁਰ ਨੇ 20 ਜੁਲਾਈ ਨੂੰ ਇਸ ਕੁਦਰਤੀ ਵਾਟਿਕਾ ਦਾ ਨੀਂਹ ਪੱਥਰ ਰੱਖਿਆ ਸੀ। ਇਸ ਦੇ ਨਾਲ ਗੁਲਾਬਾ ਦੀ ਇਸ ਕੁਦਰਤੀ ਵਾਟਿਕਾ 'ਤੇ 450 ਮੀਟਰ ਦੀ ਜਿਪ ਲਾਈਨ ਵੀ ਬਣਾਈ ਗਈ ਹੈ। ਇਸ ਦੋਵਾਂ ਟ੍ਰੈਕਾਂ ਉਤੇ ਅਟਲ ਬਿਹਾਰੀ ਵਾਜਪਾਈ ਪਰਬਤਾਰੋਹਣ ਸੰਸਥਾ ਦੇ ਡਾਇਰੈਕਟਰ ਕਰਨਲ ਨੀਰਜ ਰਾਣਾ ਨੇ ਸਫਲਤਾ ਪੂਰਵਕ ਟਰਾਇਲ ਕੀਤਾ। ਜੰਗਲਾਤ ਵਿਭਾਗ ਨੇ ਅਟਲ ਬਿਹਾਰੀ ਵਾਜਪਾਈ ਪਰਬਤਾਰੋਹਣ ਖੇਡ ਸੰਸਥਾ ਮਨਾਲੀ ਦੇ ਸਹਿਯੋਗ ਨਾਲ ਇਸ ਨੂੰ ਪੂਰੇ ਸੁਰੱਖਿਆ ਮਾਨਕਾਂ ਨੂੰ ਦੇਖਦੇ ਹੋਏ ਤਿਆਰ ਕੀਤਾ ਹੈ।

ਸਥਾਨਕ ਪੰਚਾਇਤ ਦੇ ਅੱਠ ਲੜਕਿਆਂ ਨੂੰ ਸੰਸਥਾ ਦੇ ਅਨੁਭਵੀ ਟਰੇਨਰਾਂ ਵੱਲੋਂ ਸਿਖਲਾਈ ਵੀ ਦਿੱਤੀ ਜਾ ਰਹੀ ਹੈ। ਇਹ ਨੌਜਵਾਨ ਹੀ ਇਸ ਦਾ ਸੰਚਾਲਨ ਕਰਨਗੇ। ਇਸ ਦਾ ਉਦਘਾਟਨ ਹੋਣ ਦੇ ਬਾਅਦ ਅਕਤੂਬਰ ਮਹੀਨੇ ਵਿੱਚ ਇਸ ਨੂੰ ਆਮ ਲੋਕਾਂ ਤੇ ਸੈਲਾਨੀਆਂ ਲਈ ਖੋਲ੍ਹ ਦਿੱਤਾ ਜਾਵੇਗਾ।

# ਅਯੁੱਧਿਆ ਕੇਸ: ਹਿੰਦੂ ਪੱਖ ਵੱਲੋਂ ਬਹਿਸ ਮੁਕੰਮਲ, ਨਵੰਬਰ ਵਿੱਚ ਫ਼ੈਸਲਾ ਹੋਣ ਦੀ ਆਸ ਬੱਝੀ

ਨਵੀਂ ਦਿੱਲੀ, 2 ਸਤੰਬਰ, (ਪੋਸਟ ਬਿਊਰੋ)- ਰਾਜਸੀ ਪੱਖ ਤੋਂ ਬੇਹੱਦ ਸੰਵੇਦਨਸ਼ੀਲ ਮੰਨੇ ਜਾਂਦੇ ਅਯੁੱਧਿਆ ਕੇਸ ਵਿੱਚ ਹਿੰਦੂ ਪੱਖ ਦੀਆਂ ਦਲੀਲਾਂ ਖਤਮ ਹੋਣ ਨਾਲ ਅਗਲੇ ਨਵੰਬਰ ਮਹੀਨੇ ਵਿੱਚਸੁਪਰੀਮ ਕੋਰਟ ਤੋਂ ਅੰਤਮ ਫੈਸਲਾ ਆਉਣ ਦੀ ਆਸ ਬੱਝ ਗਈ ਹੈ। ਵਰਨਣ ਯੋਗ ਹੈ ਕਿ 2.77 ਏਕੜਜ਼ਮੀਨ ਦੇ ਮਾਲਕੀ ਹੱਕ ਬਾਰੇ ਰਾਮ ਜਨਮ ਭੂਮੀ ਬਨਾਮ ਬਾਬਰੀ ਮਸਜਿਦ ਦੇ ਮੁੱਦੇ ਉੱਤੇ ਪਿਛਲੇ 70 ਸਾਲਾਂ ਤੋਂ ਕੇਸ ਚੱਲ ਰਿਹਾ ਹੈ। ਕੱਲ੍ਹ ਹਿੰਦੂ ਧਿਰਾਂ ਨੇ ਆਪਣੀਆਂ ਦਲੀਲਾਂ ਪੂਰੀਆਂ ਕਰ ਲਈਆਂ, ਜਿਨ੍ਹਾਂ ਨੂੰ ਇਲਾਹਾਬਾਦ ਹਾਈ ਕੋਰਟ ਨੇ ਇਸ ਜ਼ਮੀਨ ਦਾ ਦੋ-ਤਿਹਾਈ ਹਿੱਸਾ ਦਿੱਤਾ ਸੀ ਅਤੇ ਉਹ ਫੈਸਲਾ ਮੰਨੇ ਨਾ ਜਾਣ ਕਾਰਨ ਪਿਛਲੇ ਕਰੀਬ ਅੱਠ ਸਾਲਾਂ ਤੋਂ ਸੁਪਰੀਮ ਕੋਰਟ ਵਿੱਚ ਕੇਸ ਚੱਲ ਰਿਹਾ ਹੈ।

ਸੁਪਰੀਮ ਕੋਰਟ ਵਿੱਚ ਇਸ ਕੇਸ ਦੀ ਰੋਜ਼ਾਨਾ ਸੁਣਵਾਈ 6 ਅਗਸਤ ਨੂੰ ਸ਼ੁਰੂ ਹੋਈ ਤੇ ਹਿੰਦੂ ਧਿਰਾਂ ਦਾ ਪੱਖ ਸੁਣੇ ਜਾਣ ਪਿੱਛੋਂ ਮੁਸਲਮਾਨ ਪੱਖ ਆਪਣੀਆਂ ਦਲੀਲਾਂ ਪੇਸ਼ ਕਰੇਗਾ। ਆਸ ਹੈ ਕਿ ਇਹ ਕੰਮ ਛੇਤੀ ਸਿਰ ਚੜ੍ਹਨ ਪਿੱਛੋਂਇਸ ਦਾ ਫੈਸਲਾ ਛੇਤੀ ਹੋ ਸਕਦਾ ਹੈ। ਚੀਫ਼ ਜਸਟਿਸ ਰੰਜਨ ਗੋਗੋਈ, ਜਸਟੀਸ ਐਸਏ ਬੋਬਡੇ, ਜਸਟਿਸ ਡੀ ਵਾਈ ਚੰਦਰਚੂੜ, ਜਸਟਿਸ ਅਸ਼ੋਕ ਭੂਸ਼ਣ ਅਤੇ ਜਸਟਿਸ ਐਸ ਅਬਦੁਲ ਨਜ਼ੀਰ ਦੀ ਬੈਂਚ ਨੇ ਪਿਛਲੇ ਦਿਨਾਂ ਦੌਰਾਨ ਰਾਮਲੱਲਾਬਿਰਾਜਮਾਨ, ਨਿਰਮੋਹੀ ਅਖਾੜਾ, ਆਲ ਇੰਡੀਆ ਰਾਮ ਜਨਮ ਸਥਾਨ ਪੁਨਰ ਉਥਾਨ ਕਮੇਟੀ ਤੇ ਹਿੰਦੂ ਮਹਾਸਭਾ ਦੇ ਦੋ ਪੱਖਾਂ ਦੇ ਵਕੀਲਾਂ ਦੀ ਬਹਿਸ ਸੁਣੀ ਹੈ ਤੇ ਸ਼ੀਆ ਵਕਫ਼ ਬੋਰਡ ਅਤੇ ਗੋਪਾਲ ਸਿੰਘ (ਜਿਸ ਨੇ ਦਸੰਬਰ 1949 ਵਿੱਚ ਬਾਬਰੀ ਮਸਜਦ ਵਿੱਚ ਮੂਰਤੀਆਂ ਰੱਖੇ ਜਾਣ ਤੋਂ ਬਾਅਦ 1951 ਵਿੱਚ ਪਹਿਲਾ ਕੇਸ ਕੀਤਾ ਸੀ)ਦੇ ਕਾਨੂੰਨੀ ਵਾਰਸ ਦੀਆਂ ਦਲੀਲਾਂ ਸੁਣੀਆਂ ਹਨ। ਅਦਾਲਤ ਨੇ ਵਕੀਲਾਂ ਨੂੰ ਸਾਫ਼ ਕਿਹਾ ਕਿ ਉਹ ਆਪਣੀਆਂ ਦਲੀਲਾਂ ਰੱਖਣ ਤੇ ਦੂਜਿਆਂ ਦੀਆਂ ਗੱਲਾਂ ਨਾ ਦੁਹਰਾਉਣ। ਇਸ ਹਫ਼ਤੇ ਵਿੱਚ ਪੰਜ ਦਿਨ ਸੁਣਵਾਈ ਚੱਲੀ ਤੇ ਕੇਸ ਕਾਫ਼ੀ ਤੇਜੀ ਨਾਲ ਅੱਗੇ ਵਧਿਆ ਹੈ।

ਇਸ ਦੌਰਾਨ ਸੁੰਨੀ ਵਕਫ ਬੋਰਡ ਦੇ ਸੀਨੀਅਰ ਵਕੀਲ ਰਾਜੀਵ ਧਵਨ ਨੇ ਰੋਸ ਕੀਤਾ ਕਿ ਤੇਜ਼ੀ ਦੇ ਕਾਰਨ ਉਸ ਨੂੰ ਤਿਆਰੀ ਦਾ ਸਮਾਂ ਨਹੀਂ ਮਿਲੇਗਾ, ਪਰ ਕੋਰਟ ਨੇ ਉਨ੍ਹਾਂ ਦੀ ਗੱਲ ਨਹੀਂ ਮੰਨੀ। ਚੀਫ਼ ਜਸਟਿਸ ਰੰਜਨ ਗੋਗੋਈ 17 ਨਵੰਬਰ ਨੂੰ ਰਿਟਾਇਰ ਹੋ ਰਹੇ ਹਨ ਤੇ ਚਰਚਾ ਹੈ ਕਿ ਉਨ੍ਹਾਂ ਦੇ ਰਿਟਾਇਰ ਹੋਣ ਤੋਂ ਪਹਿਲਾਂ ਹੀ ਅਦਾਲਤ ਫੈਸਲਾ ਸੁਣਾ ਸਕਦੀ ਹੈ।

# ਆਸਾਮ ਵਿੱਚ ਲਿਸਟ ਰਿਲੀਜ਼, 19.06 ਲੱਖ ਲੋਕ ਨਾਗਰਿਕਤਾ ਤੋਂ ਬਾਹਰ

## * ਮਾਂ ਭਾਰਤੀ ਮੰਨ ਲਈ, ਧੀਆਂ ਵਿਦੇਸ਼ੀ ਮੰਨੀਆਂ ਗਈਆਂ

ਗੁਵਾਹਾਟੀ, 2 ਸਤੰਬਰ, (ਪੋਸਟ ਬਿਊਰੋ)- ਆਸਾਮ ਵਿੱਚ ਬਹੁ-ਚਰਚਿਤ ਅਤੇ ਬਹੁਤ ਸਾਰੇ ਵਿਵਾਦਾਂ ਦਾ ਕਾਰਨ ਬਣ ਰਹੀ ਐਨ ਆਰ ਸੀ(ਨੈਸ਼ਨਲ ਰਜਿਸਟਰ ਆਫ ਸਿਟੀਜ਼ਨਜ਼) ਦੀ ਸੂਚੀਅੱਜ ਸਖ਼ਤ ਸੁਰੱਖਿਆ ਦੌਰਾਨਜਾਰੀ ਕਰ ਦਿੱਤੀ ਗਈ ਹੈ। ਐਨ ਆਰ ਸੀ ਦੇ ਕੋਆਰਡੀਨੇਟਰ ਪ੍ਰਤੀਕ ਹਜੇਲਾ ਨੇ ਦੱਸਿਆ ਹੈ ਕਿ 3 ਕਰੋੜ 11 ਲੱਖ 21,004 ਲੋਕ ਇਸ ਲਿਸਟ ਵਿੱਚ ਸ਼ਾਮਲ ਮੰਨੇ ਗਏ ਅਤੇ 19 ਲੱਖ 06,657 ਲੋਕ ਆਪਣੇ ਆਪ ਨੂੰ ਭਾਰਤ ਦਾ ਨਾਗਰਿਕ ਸਾਬਤ ਕਰਨ ਤੋਂ ਰਹਿ ਗਏ ਹਨ। ਇਨ੍ਹਾਂ ਵਿੱਚ ਉਹ ਲੋਕ ਵੀ ਸ਼ਾਮਿਲ ਹਨ, ਜਿਨ੍ਹਾਂ ਨੇ ਕੋਈ ਦਾਅਵਾ ਹੀ ਨਹੀਂ ਕੀਤਾ।

ਪ੍ਰਤੀਕ ਹਜੇਲਾ ਨੇ ਕਿਹਾ ਹੈ ਕਿ ਜਿਹੜੇ ਲੋਕਾਂ ਦੀ ਇਸ ਲਿਸਟ ਨਾਲ ਤਸੱਲੀ ਨਹੀਂ ਹੋਈ,ਉਹ ਟ੍ਰਿਬਿਊਨਲ ਵਿੱਚ ਆਪਣੇ ਪੱਖ ਦੀ ਅਪੀਲ ਕਰ ਸਕਦੇ ਹਨ। ਇਸ ਦੌਰਾਨ ਕੇਂਦਰ ਸਰਕਾਰ ਨੇ ਵੀ ਕਿਹਾ ਹੈ ਕਿ ਜਿਹੜੇ ਲੋਕਾਂ ਦੇ ਨਾਮ ਇਸ ਅੰਤਮਐਨਆਰਸੀ ਸੂਚੀ ਵਿੱਚ ਨਹੀਂ ਹਨ, ਉਨ੍ਹਾਂਨੂੰ ਓਦੋਂ ਤੱਕ ਵਿਦੇਸ਼ੀ ਐਲਾਨ ਨਹੀਂ ਕੀਤਾ ਜਾਵੇਗਾ, ਜਦੋਂ ਤੱਕ ਸਾਰੇ ਕਾਨੂੰਨੀ ਰਾਹ ਖਤਮ ਨਹੀਂ ਹੋ ਜਾਂਦੇ। ਐਨ ਆਰ ਸੀਵਿੱਚੋਂ ਰਹਿ ਗਏ ਸਾਰੇ ਲੋਕ ਫਾਰਨਰਸ ਟ੍ਰਿਬਿਉਨਲ ਨੂੰ ਅਪੀਲ ਕਰ ਸਕਦੇ ਹਨ, ਜਿਸ ਦਾ ਸਮਾਂ 60 ਦਿਨਾਂ ਤੋਂ ਵਧਾ ਕੇ 120 ਦਿਨ ਕਰ ਦਿੱਤਾ ਹੈ। ਇਸ ਮੌਕੇ ਸਾਰੇ ਆਸਾਮ ਵਿੱਚ ਸੁਰੱਖਿਆ ਸਖ਼ਤ ਕਰ ਦਿੱਤੀ ਗਈ ਅਤੇ ਦਸ ਹਜਾਰ ਪੈਰਾ ਮਿਲਟਰੀ ਜਵਾਨਾਂ ਅਤੇ ਪੁਲਿਸ ਨੂੰ ਰਾਜ ਵਿੱਚ ਤੈਨਾਤ ਕਰ ਦਿੱਤਾ ਗਿਆ ਹੈ। ਜ਼ਿਕਰ ਯੋਗ ਹੈ ਕਿ 41 ਲੱਖ ਦੇ ਕਰੀਬ ਲੋਕਾਂ ਨੂੰ ਇਸ ਸਾਲ ਜੁਲਾਈ ਵਿੱਚਜਾਰੀ ਕੀਤੀ ਗਈ ਡਰਾਫਟ ਸੂਚੀ ਦੌਰਾਨ ਹੀ ਇਸ ਵਿੱਚੋਂ ਬਾਹਰ ਕਰ ਦਿੱਤਾ ਗਿਆ ਅਤੇ ਉਨ੍ਹਾਂ ਨੂੰ ਕਿਹਾ ਗਿਆ ਸੀ ਕਿ ਉਹ ਆਪਣੇ ਹੱਕ ਸਾਬਤ ਕਰਨ ਦੇ ਲਈ ਲੋੜੀਂਦੇ ਸਬੂਤ ਲਿਆ ਕੇ ਪੇਸ਼ ਕਰਨ, ਜਿਸ ਦੇ ਬਾਅਦ ਅੱਜ ਅੰਤਮ ਸੂਚੀ ਜਾਰੀ ਕੀਤੀ ਗਈ ਹੈ।

ਭਾਰਤ ਦੇ ਗ੍ਰਹਿ ਮੰਤਰਾਲਾ ਨੇ ਐਲਾਨ ਕੀਤਾ ਹੈ ਕਿ ਵਿਵਾਦ ਨਿਪਟਾਰੇ ਲਈ ਇੱਕ ਹਜ਼ਾਰ ਟ੍ਰਿਬਿਊਨਲ ਬਣਾਏ ਜਾ ਰਹੇ ਹਨ, ਜਦ ਕਿ ਇੱਕ ਸੌ ਟ੍ਰਿਬਿਊਨਲ ਪਹਿਲਾਂ ਹੀ ਚੱਲ ਰਹੇ ਹਨ।ਜਿਹੜਾ ਵਿਅਕਤੀ ਟ੍ਰਿਬਿਊਨਲ ਸਾਹਮਣੇ ਵੀ ਕੇਸ ਹਾਰਜਾਵੇ, ਉਹ ਹਾਈਕੋਰਟ ਅਤੇ ਫਿਰ ਸੁਪਰੀਮ ਕੋਰਟ ਜਾ ਸਕਦਾ ਹੈ। ਕਿਸੇ ਨੂੰ ਵੀ ਓਦੋਂ ਤੱਕ ਹਿਰਾਸਤ ਕੇਂਦਰ ਵਿੱਚ ਨਹੀਂ ਰੱਖਿਆ ਜਾਵੇਗਾ, ਜਦੋਂ ਤੱਕ ਸਾਰੀ ਕਾਨੂੰਨੀ ਪ੍ਰਕ੍ਰਿਆ ਪੂਰੀ ਨਹੀਂ ਹੁੰਦੀ।ਕੇਂਦਰ ਸਰਕਾਰ ਨੇ ਕਿਹਾ ਕਿ ਜਿਹੜੇ ਲੋਕ ਐਨ ਆਰ ਸੀ ਤੋਂ ਰਹਿ ਗਏ ਹਨ, ਉਨ੍ਹਾਂ ਨੂੰ ਜਿਲਾ ਕਾਨੂੰਨੀ ਸੁਰੱਖਿਆ ਅਥਾਰਟੀ ਵਲੋਂ ਕਾਨੂੰਨੀ ਮਦਦ ਦਿੱਤੀ ਜਾਵੇਗੀ।

ਇਸ ਦੌਰਾਨ ਅਮਨ-ਕਾਨੂੰਨ ਦੀ ਹਾਲਤ ਕਾਬੂ ਵਿੱਚ ਰੱਖਣ ਲਈ ਆਸਾਮ ਵਿੱਚ 60 ਹਜਾਰ ਪੁਲਿਸ ਜਵਾਨ ਲਾਏ ਹੋਣ ਦੇ ਬਾਵਜੂਦ ਕੇਂਦਰ ਸਰਕਾਰ ਨੇ 20 ਹਜਾਰ ਪੈਰਾ ਮਿਲਟਰੀ ਫੋਰਸ ਨੂੰ ਹੋਰ ਆਸਾਮ ਵਿੱਚ ਭੇਜਿਆ ਤੇ ਕਿਸੇ ਵੀ ਥਾਂ ਚਾਰ ਤੋਂ ਵੱਧ ਲੋਕਾਂ ਦੇ ਇਕੱਠੇ ਖੜੇ ਹੋਣ ਉੱਤੇ ਰੋਕ ਲਾ ਦਿੱਤੀ ਹੈ। ਉਨ੍ਹਾਂ ਥਾਵਾਂ ਦਾ ਖਾਸ ਧਿਆਨ ਰੱਖਿਆ ਰਿਹਾ ਹੈ ਜਿੱਥੇ ਇਸ ਤੋਂ ਪਹਿਲਾਂ ਵੀ ਹਿੰਸਾ ਹੋ ਚੁੱਕੀ ਹੈ। ਐਨ ਆਰ ਸੀ ਦਾ ਆਸਾਮ ਵਿੱਚ ਇਸ ਲਈ ਮਹੱਤਵ ਹੈ ਕਿ ਏਥੇ 1979 ਤੋਂ 1985 ਦੌਰਾਨ ਛੇ ਸਾਲ ਲੰਮਾ ਅੰਦੋਲਨ ਚੱਲਿਆ ਤੇ ਮੰਗ ਕੀਤੀ ਗਈ ਸੀ ਕਿ ਬੰਗਲਾਦੇਸ਼ ਤੋਂ ਗ਼ੈਰਕਾਨੂੰਨੀ ਆਏ ਲੋਕਾਂ ਨੂੰ ਏਥੋਂ ਕੱਢਿਆ ਜਾਵੇ। ਅੱਜ ਸੂਚੀ ਜਾਰੀ ਹੋਣ ਪਿੱਛੋਂ ਭਾਰਤ ਸਰਕਾਰ ਇੱਕ ਕਨੂੰਨ ਲਿਆ ਸਕਦੀ ਹੈ, ਜਿਸ ਨਾਲ ਲਿਸਟ ਵਿੱਚ ਨਾਗਰਿਕ ਸਾਬਤ ਹੋਣ ਤੋਂ ਰਹਿ ਜਾਣ ਕਰ ਕੇ ਵਿਦੇਸ਼ੀ ਮੰਨੇ ਗਏ ਲੋਕਾਂ ਨੂੰ ਬਾਹਰ ਕੀਤਾ ਜਾ ਸਕੇ ਜਾਂ ਉਨ੍ਹਾਂ ਲੋਕਾਂ ਨੂੰ ਲਿਸਟ ਵਿੱਚ ਸ਼ਾਮਲ ਕੀਤਾ ਜਾ ਸਕੇ, ਜਿਹੜੇ ਭਾਰਤੀ ਹਨ, ਪਰ ਸਾਬਤ ਨਹੀਂ ਕਰ ਸਕੇ। ਆਸਾਮ ਵਿੱਚਸਭ ਤੋਂ ਪਹਿਲਾਂ 1951 ਵਿੱਚਐਨ ਆਰ ਸੀਸੂਚੀ ਬਣੀ ਸੀ, ਜਿਸਨੂੰ ਸੁਪਰੀਮ ਕੋਰਟ ਦੇ ਹੁਕਮ ਨਾਲ ਅਪਡੇਟ ਕੀਤਾ ਗਿਆ ਹੈ।

# ਏਡਜ਼ ਦੇ ਖਤਰੇ ਨਾਲ ਜੂਝ ਰਿਹਾ ਪਾਕਿ, ਰੋਗ ਮਹਾਮਾਰੀ ਦੇ ਪੱਧਰ ਤੱਕ ਪਹੁੰਚਿਆ

ਇਸਲਾਮਾਬਾਦ, 2 ਸਤੰਬਰ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਪੰਜਾਬ ਸੂਬੇ ਦੇ ਸ਼ਾਹਕੋਟ ਸ਼ਹਿਰ ਵਿੱਚ ਐਚ ਆਈ ਵੀ, ਏਡਜ਼ ਦੇ ਕੇਸਾਂ ਵਿੱਚ ਵਾਧਾ ਦੇਖਣ ਨੂੰ ਮਿਲਿਆ ਹੈ। ਇੱਕ ਏਜੰਸੀ ਦੀ ਰਿਪੋਰਟ ਤੋਂ ਪਤਾ ਲੱਗਾ ਹੈ ਕਿ ਇਥੇ ਇਹ ਬਿਮਾਰੀ ਇੱਕ ਮਹਾਮਾਰੀ ਦੇ ਪੱਧਰ ਤੱਕ ਪਹੁੰਚ ਚੁੱਕੀ ਹੈ।



ਡਾਨ ਨਿਊਜ਼ ਨੇ ਕਿਹਾ ਕਿ ਪੰਜਾਬ ਸੂਬੇ ਦੇ ਮੁੱਖ ਮੰਤਰੀ ਉਸਮਾਨ ਬੁਜ਼ਦਾਰ ਨੂੰ ਭੇਜੀ ਰਿਪੋਰਟ ਵਿੱਚ ਏਜੰਸੀ ਨੇ ਖੁਲਾਸਾ ਕੀਤਾ ਹੈ ਕਿ ਇਸ ਸਾਲ 85 ਹੋਰ ਲੋਕਾਂ ਦੀ ਟੈਸਟ ਰਿਪੋਰਟ ਪਾਜੀਟਿਵ ਆਉਣ ਦੇ ਬਾਅਦ ਸ਼ਾਹਕੋਟ ਵਿੱਚ ਐਚ ਆਈ ਵੀ ਤੋਂ ਪੀੜਤ ਲੋਕਾਂ ਦੀ ਗਿਣਤੀ 140 ਹੋ ਗਈ ਹੈ। ਰਿਪੋਰਟ ਮੁਤਾਬਕ ਏਜੰਸੀ ਦੇ ਖੇਤਰੀ ਮੁਲਾਜ਼ਮਾਂ ਦੇ ਸਰਵੇ ਵਿੱਚ ਖੁਲਾਸਾ ਹੋਇਆ ਹੈ ਕਿ ਜ਼ਿਲ੍ਹਾ ਨਨਕਾਣਾ ਸਾਹਿਬ ਦੇ ਸ਼ਹਿਰ ਸ਼ਾਹਕੋਟ ਵਿੱਚ ਐਚ ਆਈ ਵੀ ਵਾਇਰਸ ਤੇਜ਼ੀ ਨਾਲ ਫੈਲ ਰਿਹਾ ਹੈ। ਦੋ ਲੱਖ ਦੀ ਗਿਣਤੀ ਵਾਲੇ ਸ਼ਹਿਰ ਵਿੱਚ 140 ਕੇਸ ਸਾਹਮਣੇ ਆਏ ਹਨ। ਇਸ ਤੋਂ ਪਹਿਲਾਂ 2018 ਵਿੱਚ ਇੱਕ ਸਤੰਬਰ ਤੋਂ 31 ਦਸੰਬਰ ਤੱਕ 54 ਕੇਸ ਲੱਭੇ ਸਨ, ਜਦ ਕਿ ਇਸ ਸਾਲ ਇੱਕ ਜਨਵਰੀ ਤੋਂ 27 ਜੁਲਾਈ ਤੱਕ 85 ਲੋਕ ਐਚ ਆਈ ਵੀ ਟੈਸਟ ਵਿੱਚ ਪਾਜੀਟਿਵ ਪਾਏ ਗਏ ਹਨ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਵਾਇਰਸ ਤੋਂ ਪੀੜਤ ਲੋਕਾਂ ਵਿੱਚ 56 ਔਰਤਾਂ ਅਤੇ ਸੱਤ ਸਾਲਾ ਬੱਚਾ ਵੀ ਸ਼ਾਮਲ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਜ਼ਿਲ੍ਹਾ ਸਿਹਤ ਅਧਿਕਾਰੀਆਂ ਵੱਲੋਂ ਸ਼ਾਹਕੋਟ ਵਾਸੀਆਂ ਦੀ ਸਿਹਤ ਸਥਿਤੀ ਦਾ ਮੁਲਾਂਕਣ ਕਰਨ ਦੇ ਲਈ 24 ਜੁਲਾਈ ਨੂੰ ਕੈਂਪ ਆਯੋਜਤ ਕਰਨ ਦੇ ਬਾਅਦ 399 ਲੋਕਾਂ ਦੀ ਸਕਰੀਨਿੰਗ (ਜਾਂਚ) ਹੋਈ।

# ਟੈਕਸਾਸ ਵਿੱਚ ਬੰਦੂਕਧਾਰੀ ਵੱਲੋਂ ਅੰਨ੍ਹੇਵਾਹ ਫਾਇਰਿੰਗ, 7 ਮੌਤਾਂ, 21 ਜਣੇ ਜ਼ਖ਼ਮੀ

## * ਬੰਦੂਕਧਾਰੀ ਹਮਲਾਵਰ ਵੀ ਮਾਰ ਦਿੱਤਾ ਗਿਆ

ਹਿਊਸਟਨ, 2 ਸਤੰਬਰ, (ਪੋਸਟ ਬਿਊਰੋ)- ਅਮਰੀਕਾ ਦੇ ਟੈਕਸਾਸ ਰਾਜ ਵਿੱਚ ਬੀਤੇ ਦਿਨੀਂ ਅੰਨ੍ਹੇਵਾਹ ਗੋਲ਼ੀਬਾਰੀ ਕਰ ਕੇ ਇਕ ਬੰਦੂਕਧਾਰੀ ਨੇ ਸੱਤ ਲੋਕਾਂ ਨੂੰ ਮਾਰ ਦਿੱਤਾ ਅਤੇ 21 ਜਣੇ ਜ਼ਖਮੀ ਹੋਏ ਹਨ। ਪੁਲਿਸ ਨੇ ਪਿੱਛਾ ਕਰ ਕੇ ਹਮਲਾਵਰ ਨੂੰ ਮਾਰ ਦਿੱਤਾ ਹੈ। ਇਕ ਮਹੀਨੇ ਵਿੱਚ ਟੈਕਸਾਸ ਵਿੱਚ ਗੋਲ਼ੀਬਾਰੀ ਦੀ ਇਹ ਦੂਜੀ ਘਟਨਾ ਹੈ। ਇਸ ਤੋਂ ਪਹਿਲਾਂ ਟੈਕਸਾਸ ਦੇ ਅਲ ਪਾਸੋ ਦੇ ਵਾਲਮਾਰਟ ਸਟੋਰ ਵਿੱਚ ਗੋਲ਼ੀਬਾਰੀ ਵਿੱਚ 22 ਲੋਕਾਂ ਦੀ ਮੌਤ ਹੋਈ ਸੀ।

ਅੱਜ ਦੀ ਘਟਨਾ ਦੇ ਹਮਲਾਵਰ ਦੀ ਪਛਾਣ ਜ਼ਾਹਰ ਨਹੀਂ ਕੀਤੀ ਗਈ। ਕਿਹਾ ਜਾਂਦਾ ਹੈ ਕਿ ਉਹ ਕਰੀਬ 30 ਸਾਲ ਦਾ ਇਕ ਗੋਰਾ ਨੌਜਵਾਨ ਸੀ। ਸਥਾਨਕ ਸਮੇਂ ਮੁਤਾਬਕ ਦੁਪਹਿਰ ਤਿੰਨ ਵਜੇ ਟ੍ਰੈਫਿਕ ਸਟਾਫ ਦੇ ਅਧਿਕਾਰੀਆਂ ਵੱਲੋਂ ਰੋਕਣ ਉੱਤੇ ਸਭ ਤੋਂ ਪਹਿਲਾਂ ਉਸ ਨੇ ਇਕ ਟ੍ਰੈਫਿਕ ਅਧਿਕਾਰੀ ਉੱਤੇ ਗੋਲ਼ੀ ਚਲਾਈ ਅਤੇ ਇਸ ਤੋਂ ਬਾਅਦ ਆਸਪਾਸ ਦੇ ਲੋਕਾਂ ਉੱਤੇ ਗੋਲ਼ੀਆਂ ਚਲਾ ਦਿੱਤੀਆਂ। ਫਿਰ ਉਹ ਆਪਣੀ ਕਾਰ ਉੱਤੇ ਅੱਗੇ ਵਧਿਆ ਤੇ ਕਈ ਹੋਰਨੀਂ ਥਾਈਂ ਗੋਲ਼ੀਬਾਰੀ ਕੀਤੀ। ਬਾਅਦ ਵਿੱਚ ਇਕ ਥਾਂ ਉਹ ਆਪਣੀ ਕਾਰ ਛੱਡ ਕੇ ਡਾਕ ਲਿਜਾ ਰਹੇ ਟਰੱਕ ਵਿੱਚ ਸਵਾਰ ਹੋ ਗਿਆ, ਜਿਸ ਪਿੱਛੋਂ ਉਸ ਨੂੰ ਮਾਰ ਦਿੱਤਾ ਗਿਆ। ਇਸ ਹਮਲੇ ਵਿੱਚ ਤਿੰਨ ਪੁਲਿਸ ਵਾਲੇ ਜ਼ਖ਼ਮੀ ਹੋਏ ਹਨ।



ਘਟਨਾ ਸਥਾਨ ਉਤੇ ਜਾਂਚ ਕਰਦੀ ਪੁਲਸ।

ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਸ ਘਟਨਾ ਦੀ ਨਿੰਦਾ ਕਰਦੇ ਹੋਏ ਕਿਹਾ ਕਿ ਕੇਂਦਰੀ ਜਾਂਚ ਏਜੰਸੀ ਐੱਫ ਬੀਆਈ ਤੇ ਪੁਲਿਸ ਇਸ ਦੀ ਜਾਂਚ ਕਰ ਰਹੇ ਹਨ। ਭਾਰਤੀ-ਅਮਰੀਕੀ ਸੈਨੇਟਰ ਤੇ ਡੈਮੋਕ੍ਰੇਟਿਕ ਪਾਰਟੀ ਵੱਲੋਂ ਰਾਸ਼ਟਰਪਤੀ ਉਮੀਦਵਾਰ ਦੀ ਦੌੜ ਵਿੱਚ ਸ਼ਾਮਲ ਕਮਲਾ ਹੈਰਿਸ ਨੇ ਇਸ ਹਮਲੇ ਦੀ ਨਿੰਦਾ ਕੀਤੀ ਹੈ।

# ਅਮਰੀਕਾ ਵਿੱਚ ਸਿੱਖ ਦੀ ਹੱਤਿਆ ਦੇ ਦੋਸ਼ ਹੇਠ ਨੌਜਵਾਨ ਗ੍ਰਿਫਤਾਰ

ਵਾਸ਼ਿੰਗਟਨ, 2 ਸਤੰਬਰ (ਪੋਸਟ ਬਿਊਰੋ)- ਕੈਲੀਫੋਰਨੀਆ ਪੁਲਸ ਨੇ 64 ਸਾਲਾ ਸਿੱਖ ਪਰਮਜੀਤ ਸਿੰਘ ਦੀ ਚਾਕੂ ਮਾਰ ਕੇ ਹੱਤਿਆ ਕਰਨ ਦੇ ਦੋਸ਼ ਹੇਠ 21 ਸਾਲਾ ਨੌਜਵਾਨ ਨੂੰ ਗ੍ਰਿਫਤਾਰ ਕੀਤਾ ਹੈ। ਪਰਮਜੀਤ ਸਿੰਘ ਉੱਤੇ 25 ਅਗਸਤ ਨੂੰ ਟਰੇਸੀ ਦੇ ਗਰੈਚਨ ਟੈਲੀ ਪਾਰਕ 'ਚ ਰਾਤ 9 ਵਜੇ ਉਸ ਸਮੇਂ ਹਮਲਾ ਹੋਇਆ ਸੀ, ਜਦੋਂ ਉਹ ਸੈਰ ਕਰ ਰਹੇ ਸਨ। ਬਾਅਦ ਵਿੱਚ ਉਸ ਦੀ ਮੌਤ ਹੋ ਗਈ। ਟਰੇਸੀ ਦੇ ਐਂਥਨੀ ਕਰੀਟਰ-ਰੋਹਡਸ ਨੂੰ ਬੀਤੇ ਦਿਨੀਂ ਫੜਿਆ ਗਿਆ ਸੀ। ਟਰੇਸੀ ਵਿਚਲੇ ਸਿੱਖ ਪਰਮਜੀਤ ਸਿੰਘ ਦੇ ਕਤਲ ਨਾਲ ਸਦਮੇ 'ਚ ਸਨ। ਉਨ੍ਹਾਂ ਦੀ ਯਾਦ 'ਚ ਬੁੱਧਵਾਰ ਨੂੰ ਪ੍ਰੋਗਰਾਮ ਰੱਖਿਆ ਹੈ। ਪਰਮਜੀਤ ਸਿੰਘ ਤਿੰਨ ਸਾਲ ਪਹਿਲਾਂ ਭਾਰਤ ਤੋਂ ਟਰੇਸੀ ਆਏ ਸਨ।

# ਰੂਸ ਨੇ ਦੋ ਅਮਰੀਕੀ ਸੈਨੇਟਰਾਂ ਨੂੰ ਵੀਜ਼ਾ ਦੇਣ ਤੋਂ ਨਾਂਹ ਕੀਤੀ

ਵਾਸ਼ਿੰਗਟਨ, 2 ਸਤੰਬਰ (ਪੋਸਟ ਬਿਊਰੋ)- ਰਿਪਬਲਿਕਨ ਅਤੇ ਡੈਮੋਕ੍ਰੇਟਿਕ ਪਾਰਟੀ ਦੇ ਦੋ ਅਮਰੀਕਨ ਸੈਨੇਟਰਾਂ ਨੇ ਕਿਹਾ ਕਿ ਰੂਸ ਨੇ ਅਗਲੇ ਹਫਤੇ ਮਾਸਕੋ ਦੇ ਦੌਰੇ ਲਈ ਉਨ੍ਹਾਂ ਨੂੰ ਵੀਜ਼ਾ ਦੇਣ ਤੋਂ ਨਾਂਹ ਕਰ ਦਿੱਤੀ ਹੈ।

ਡੈਮੋਕ੍ਰੇਟਿਕ ਸੈਨੇਟਰ ਕ੍ਰਿਸ ਮਰਫੀ ਨੇ ਕੱਲ੍ਹ ਕਿਹਾ ਕਿ ਰੂਸ ਨੇ ਉਸ ਨੂੰ ਵੀਜ਼ੇ ਤੋਂ ਨਾਂਹ ਕੀਤੀ ਹੈ। ਰਿਪਬਲਿਕਲ ਦੇ ਸੈਨੇਟਰ ਰੌਨ ਜੌਨਸਨ ਨੇ ਕਿਹਾ ਕਿ ਉਸ ਦੀ ਵੀਜ਼ਾ ਦੀ ਬੇਨਤੀ ਰੱਦ ਕਰ ਦਿੱਤੀ ਗਈ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪਿਛਲੇ ਹਫਤੇ ਕਿਹਾ ਸੀ ਕਿ ਰੂਸ ਨੂੰ ਉਨਤ ਉਦਯੋਗਿਕ ਦੇਸ਼ਾਂ ਦੇ ਜੀ-7 ਗਰੁੱਪ ਵਿੱਚ ਵਾਪਸ ਜਾਣਾ ਸਹੀ ਰਹੇਗਾ। ਇਸ ਮੌਕੇ ਸੈਨੇਟਰਾਂ ਇੱਕ ਬੁਲਾਰੇ ਨੇ ਦੱਸਿਆ ਕਿ ਇੱਕ ਹੋਰ ਰਿਪਬਲਿਕਨ ਸੈਨੇਟਰ ਮਾਈਕ ਲੀ ਨੂੰ ਵੀਜ਼ਾ ਜਾਰੀ ਕੀਤਾ ਗਿਆ ਸੀ ਤੇ ਉਹ ਰੂਸ ਜਾਣ ਦਾ ਇਰਾਦਾ ਰੱਖਦਾ ਸੀ। ਮਰਫੀ ਨੇ ਕਿਹਾ ਕਿ ਹਥਿਆਰਾਂ ਦੇ ਤਾਜ਼ਾ ਕੰਟਰੋਲ ਸਮਝੌਤੇ ਅਤੇ ਵਲਾਦੀਮੀਰ ਪੂਤਿਨ ਦੇ ਸ਼ਾਸਨ ਦੇ ਮਹੱਤਵ ਪੂਰਨ ਘਰੇਲੂ ਵਿਰੋਧ ਕਾਰਨ ਇਹ ਸਾਡੇ ਦੋਵਾਂ ਦੇਸ਼ਾਂ ਦੇ ਨਾਜ਼ੁਕ ਸੰਬੰਧਾਂ ਲਈ ਸੰਭਾਵਤ ਤੌਰ 'ਤੇ ਇੱਕ ਖਤਰਨਾਕ ਪਲ ਹੈ ਅਤੇ ਇਹ ਸ਼ਰਮ ਦੀ ਗੱਲ ਹੈ ਕਿ ਰੂਸ ਗੱਲਬਾਤ ਵਿੱਚ ਦਿਲਚਸਪੀ ਨਹੀਂ ਰੱਖਦਾ। ਮਰਫੀ ਨੇ ਇੱਕ ਬਿਆਨ ਵਿੱਚ ਕਿਹਾ ਕਿ ਵੀਜ਼ਾ ਨਾ ਦੇਣਾ ਇੱਕ ਮੰਦਭਾਗੀ ਕਾਰਵਾਈ ਹੈ, ਪਰ ਰੂਸ ਵੱਲੋਂ ਇੱਕ ਰੋਸ ਪ੍ਰਗਟਾਉਣ ਦਾ ਮਨਸੂਬਾ ਹੈ ਤਾਂ ਜੋ ਦੁਨੀਆ ਨੂੰ ਪਤਾ ਲੱਗ ਸਕੇ ਕਿ ਟਰੰਪ ਕੀ ਕਰ ਰਿਹਾ ਹੈ।

# ਚੀਨ ਨੇ ਹਾਂਗਕਾਂਗ ਵਿੱਚ ਜੰਗੀ ਵਾਹਨ ਤੇ ਨਵੇਂ ਫੌਜੀ ਭੇਜੇ

ਹਾਂਗਕਾਂਗ, 2 ਸਤੰਬਰ (ਪੋਸਟ ਬਿਊਰੋ)- ਹਾਂਗਕਾਂਗ 'ਚ ਪੂਰਨ ਲੋਕਤੰਤਰ ਦੀ ਮੰਗ ਲਈ ਅੰਦੋਲਨਕਾਰੀਆਂ ਦੀ 'ਲਾਂਗ ਮਾਰਚ' ਯੋਜਨਾ ਦੇ ਕਾਰਨ ਚੀਨ ਨੇ ਫੌਜ ਨੂੰ ਭੇਜ ਦਿੱਤਾ ਹੈ। ਅੱਠ ਤੋਂ 10 ਹਜ਼ਾਰ ਫੌਜੀਆਂ ਨੂੰ ਚੀਨ ਤੋਂ ਹਾਂਗਕਾਂਗ ਭੇਜਿਆ ਗਿਆ ਹੈ, ਜੋ ਲੋੜ ਪੈਣ 'ਤੇ ਕਾਰਵਾਈ ਲਈ ਬਿਨਾਂ ਦੇਰ ਹਰਕਤ 'ਚ ਆ ਜਾਣਗੇ। ਰੱਖਿਆ ਮੰਤਰਾਲੇ ਦੇ ਬੁਲਾਰੇ ਨੇ ਸਾਫ ਕੀਤਾ ਹੈ ਕਿ ਫੌਜ ਹਾਂਗਕਾਂਗ 'ਚ ਕਾਨੂੰਨ ਵਿਵਸਥਾ ਨਹੀਂ ਵਿਗੜਨ ਦੇਵੇਗੀ ਤੇ ਉਥੋਂ ਦੀ ਸੰਪੰਨਤਾ ਬਰਕਰਾਰ ਰੱਖੇਗੀ। ਚੀਨ ਨੇ ਮੁਜ਼ਾਹਰਾਕਾਰੀਆਂ ਦੀਆਂ ਮੰਗਾਂ ਨੂੰ ਰੱਦ ਕਰਦੇ ਹੋਏ ਹਾਂਗਕਾਂਗ ਵਿੱਚ ਅਰਾਜਕਤਾ ਲਈ ਅਮਰੀਕਾ ਤੇ ਬ੍ਰਿਟੇਨ ਨੂੰ ਜ਼ਿੰਮੇਵਾਰ ਆਖਿਆ ਹੈ। ਹਾਂਗਕਾਂਗ 'ਚ ਮੌਜੂਦ ਪ੍ਰਮੁੱਖ ਦੇਸ਼ਾਂ ਦੇ ਡਿਪਲੋਮੇਟਾਂ ਦੀ ਹਾਲਾਤ 'ਤੇ ਨਜ਼ਰ ਹੈ। ਚੀਨ ਨੇ ਹਾਂਗਕਾਂਗ 'ਚ ਫੌਜੀ ਟੁਕੜੀਆਂ ਭੇਜਣ ਨੂੰ ਆਮ ਪ੍ਰਕਿਰਿਆ ਦੱਸ ਕੇ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ ਹੈ, ਪਰ ਇਹ ਵੀ ਕਹਿ ਦਿੱਤਾ ਹੈ ਕਿ ਹਾਲਾਤ ਵਿਗੜਨ 'ਤੇ ਉਹ ਤਾਕਤ ਦੀ ਵਰਤੋਂ ਤੋਂ ਨਹੀਂ ਝਿਜਕੇਗਾ। ਵਰਨਣ ਯੋਗ ਹੈ ਕਿ ਹਾਂਗਕਾਂਗ 'ਚ ਅਧਿਕਾਰਾਂ ਦੀ ਮੰਗ ਬਾਰੇ ਤਿੰਨ ਮਹੀਨਿਆਂ ਤੋਂ ਅੰਦੋਲਨ ਜਾਰੀ ਹੈ। ਅੰਦੋਲਨ ਦੇ ਕਾਰਨ ਏਸ਼ੀਆ ਦੇ ਇਸ ਪ੍ਰਮੁੱਖ ਵਪਾਰ ਕੇਂਦਰ 'ਚ ਕਾਰੋਬਾਰੀ ਸਰਗਰਮੀਆਂ ਪ੍ਰਭਾਵਿਤ ਹੋਈਆਂ ਹਨ ਤੇ ਬਾਹਰੀ ਲੋਕਾਂ ਦਾ ਆਉਣਾ ਘੱਟ ਹੋਇਆ ਹੈ। ਅੱਗੋਂ ਅੰਦੋਲਨਕਾਰੀ ਵਿਸ਼ਾਲ ਲਾਂਗ ਮਾਰਚ ਕੱਢ ਕੇ ਆਪਣੀ ਗੱਲ ਕਹਿਣਾ ਚਾਹੁੰਦੇ ਹਨ। ਮੰਨਿਆ ਜਾ ਰਿਹਾ ਹੈ ਕਿ ਇਸ ਵਿੱਚ ਲੱਖਾਂ ਲੋਕ ਆ ਸਕਦੇ ਹਨ। ਜੇ ਇਹ ਭੀੜ ਹਿੰਸਕ ਹੋਈ ਤਾਂ ਭਾਰੀ ਨੁਕਸਾਨ ਹੋਵੇਗਾ ਤੇ ਚੀਨ ਦੀ ਪੂਰੀ ਦੁਨੀਆ 'ਚ ਕਿਰਕਿਰੀ ਹੋਵੇਗੀ। ਇਸ ਨੂੰ ਧਿਆਨ 'ਚ ਰੱਖ ਕੇ ਹਾਂਗਕਾਂਗ 'ਚ ਵਾਧੂ ਫੌਜੀ ਟੁਕੜੀਆਂ ਭੇਜੀਆਂ ਗਈਆਂ ਹਨ। ਸਾਲ 1997 'ਚ ਕਬਜ਼ੇ 'ਚ ਆਉਣ ਤੋਂ ਬਾਅਦ ਹਾਂਗਕਾਂਗ ਦਾ ਤਾਜ਼ਾ ਅੰਦੋਲਨ ਚੀਨ ਲਈ ਸਭ ਤੋਂ ਵੱਡੀ ਚੁਣੌਤੀ ਬਣ ਕੇ ਉਭਰਿਆ ਹੈ। ਆਉਣ ਵਾਲੀ ਇਕ ਅਕਤੂਬਰ ਨੂੰ ਪੀਪੁਲਸ ਰਿਪਬਲਿਕ ਆਫ ਚਾਈਨਾ (ਚੀਨ) ਦੀ 70ਵੀਂ ਵਰ੍ਹੇਗੰਢ ਹੈ। ਇਸ ਮੌਕੇ ਰਾਸ਼ਟਰਪਤੀ ਸ਼ੀ ਜਿਨਪਿੰਗ ਬੀਜਿੰਗ 'ਚ ਸ਼ਾਨਦਾਰ ਫੌਜੀ ਪਰੇਡ ਦਾ ਨਿਰੀਖਣ ਕਰਨਗੇ। ਅਜਿਹੇ 'ਚ ਸਰਕਾਰ ਦੀ ਕੋਸ਼ਿਸ਼ ਹੈ ਕਿ ਇਕ ਅਕਤੂਬਰ ਤੋਂ ਪਹਿਲਾਂ ਹੀ ਹਾਂਗਕਾਂਗ ਨੂੰ ਸ਼ਾਂਤ ਕਰ ਲਿਆ ਜਾਵੇ।

# ਪਾਕਿ ਵਿੱਚ ਸਿੱਖ ਲੜਕੀ ਦੇ ਅਗਵਾ ਕੇਸ ਵਿੱਚ ਅੱਠ ਕਾਬੂ, ਲੜਕੀ ਵਾਰਸਾਂ ਨੂੰ ਸੌਂਪੀ ਗਈ

## * ਖਬਰ ਬਾਰੇ ਅਜੇ ਵੀ ਸੱਚ ਜਾਂ ਝੂਠ ਦਾ ਵਿਵਾਦ ਜਾਰੀ

ਇਸਲਾਮਾਬਾਦ, 2 ਸਤੰਬਰ, (ਪੋਸਟ ਬਿਊਰੋ)- ਪਾਕਿਸਤਾਨ ਦੇ ਨਨਕਾਣਾ ਸਾਹਿਬ ਖੇਤਰ ਵਿੱਚ ਇੱਕ ਸਿੱਖ ਲੜਕੀ ਨੂੰ ਅਗਵਾ ਕਰ ਕੇ ਜਬਰਨ ਉਸ ਦਾ ਧਰਮ ਬਦਲਣ ਦੇ ਦੋਸ਼ ਵਿੱਚ ਅੱਠ ਪਾਕਿਸਤਾਨੀ ਨਾਗਰਿਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਸਮਾਚਰ ਏਜੰਸੀ ਮੁਤਾਬਿਕ ਨਨਕਾਣਾ ਸਾਹਿਬ ਪੁਲਿਸ ਨੇ ਲੜਕੀ ਉਸ ਦੇ ਪਰਿਵਾਰ ਨੂੰ ਸੌਂਪ ਦਿੱਤੀ ਹੈ।



ਵਰਨਣ ਯੋਗ ਹੈ ਕਿ ਪਾਕਿਸਤਾਨ ਵਿੱਚ ਗੁਰਦੁਆਰਾ ਨਨਕਾਣਾ ਸਾਹਿਬ ਨੇੜੇ ਗੁਰਦੁਆਰਾ ਤੰਬੂ ਸਾਹਿਬ ਦੇ ਗ੍ਰੰਥੀ ਸਿੰਘ ਦੀ ਲੜਕੀ ਨੂੰ ਅਗਵਾ ਕਰ ਕੇ ਜਬਰਨ ਉਸ ਨੂੰਇਸਲਾਮ ਕਬੂਲ ਕਰਵਾਇਆ ਗਿਆ ਸੀ। ਇਸ ਦੀ ਚਰਚਾ ਛਿੜ ਜਾਣ ਦੇ ਅਗਲੇ ਦਿਨ ਪਾਕਿਸਤਾਨ ਸਰਕਾਰ ਹਰਕਤ ਵਿੱਚ ਆਈ ਅਤੇ ਪਾਕਿਸਤਾਨੀ ਪੰਜਾਬ ਦੇ ਮੁੱਖ ਮੰਤਰੀ ਉਸਮਾਨ ਬੁਜ਼ਦਾਰ ਨੇ ਇਸ ਦੀ ਜਾਂਚ ਦੇ ਹੁਕਮ ਦਿੱਤੇ ਸਨ। ਇਸ ਘਟਨਾ ਤੋਂ ਬਾਅਦ ਭਾਰਤ ਅਤੇ ਸੰਸਾਰ ਦੇ ਹੋਰ ਦੇਸ਼ਾਂ ਵਿੱਚੋਂ ਵੀ ਸਿੱਖ ਸੰਗਠਨਾਂਨੇ ਜ਼ੋਰਦਾਰ ਰੋਸ ਪ੍ਰਗਟ ਕੀਤਾ ਸੀ। ਅੱਜ ਪਹਿਲਾਂ ਜਦੋਂ ਪੁਲਸ ਨੇ ਲੜਕੀ ਨੂੰ ਉਸ ਦੇ ਪਰਵਾਰ ਨੂੰ ਸੌਂਪਣ ਦਾ ਬਿਆਨ ਜਾਰੀ ਕੀਤਾ ਤਾਂ ਇਸ ਵਿੱਚਓਦੋਂ ਨਵਾਂ ਮੋੜ ਆ ਗਿਆ, ਜਦੋਂ ਕੁੜੀ ਦੇ ਭਰਾ ਨੇ ਕਿਹਾ ਕਿ ਕੁੜੀ ਅਜੇ ਘਰ ਨਹੀਂ ਆਈ ਤੇਕੋਈ ਗ੍ਰਿਫਤਾਰੀ ਵੀ ਨਹੀਂ ਹੋਈ। ਉਸ ਨੇ ਪ੍ਰਧਾਨਮੰਤਰੀ ਇਮਰਾਨ ਖ਼ਾਨ, ਫੌਜ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਅਤੇ ਪਾਕਿਸਤਾਨ ਦੇ ਪੰਜਾਬ ਰਾਜ ਦੇ ਗਵਰਨਰ ਨੂੰ ਬੇਨਤੀ ਕੀਤੀ ਸੀ ਹਾਂ ਕਿ ਉਹ ਨਿਆਂ ਦਿਵਾਉਣ।

ਇਸ ਦੇ ਬਾਅਦ ਅੱਜ ਸ਼ਾਮ ਨੂੰ ਫਿਰ ਖਬਰ ਆ ਗਈ ਕਿ ਲੜਕੀ ਅਜੇ ਤੱਕ ਪਰਵਾਰ ਨੂੰ ਸੌਂਪੀ ਨਹੀਂ ਗਈ ਅਤੇ ਓਥੇ ਹੋ ਰਹੇ ਸਿੱਖ ਸੰਮੇਲਨ ਦੇ ਕਾਰਨ ਪੁਲਸ ਗਲਤ ਖਬਰਾਂ ਫੈਲਾ ਰਹੀ ਹੈ।

# ਅਮਰੀਕੀ ਰਾਸ਼ਟਰਪਤੀ ਟਰੰਪ ਉੱਤੇ ਗੁਪਤ ਰਾਜ਼ ਲੀਕ ਕਰਨ ਦਾ ਦੋਸ਼ ਲੱਗਾ

ਵਾਸ਼ਿੰਗਟਨ, 2 ਸਤੰਬਰ, (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਬਾਰੇ ਅਜਿਹਾ ਟਵੀਟ ਜਾਰੀ ਕਰ ਦਿੱਤਾ ਹੈ, ਜਿਸ ਨਾਲ ਉਹ ਖੁਦ ਘਿਰਦੇ ਨਜ਼ਰ ਆ ਰਹੇ ਹਨ।

